ਗੁਰਬਾਣੀ ਸੰਥਿਆ: ਅੰਤਰ-ਅਨੁਸ਼ਾਸਨੀ ਪਰਿਪੇਖ

ਗੁਰਮੇਲ ਸਿੰਘ, ਪੰਜਾਬੀ ਯੂਨਿਵਰਸਿਟੀ, ਪਟਿਆਲਾ

ਸੰਥਿਆ, ਗੁਰਬਾਣੀ ਸਿਖਣ/ਸਿਖਾਉਣ ਦੀ ਇਕ ਵਿਹਾਰਕ ਅਤੇ ਸੰਸਥਾਈ ਪ੍ਰਕਿਰਿਆ ਹੈ। ਇਸ ਰਾਹੀਂ ਗੁਰਬਾਣੀ ਪਾਠ ਕਰਨ ਵਿਚ ਆਉਂਦੀਆਂ ਸਿਧਾਂਤਕ ਜਾਂ ਵਿਹਾਰਕ ਸਮਸਿਆਵਾਂ ਨੂੰ ਸੁਲਝਾਇਆ ਜਾਂਦਾ ਹੈ; ਦੂਜੇ ਸ਼ਬਦਾਂ ਵਿਚ ਗੁਰਬਾਣੀ ਉਚਾਰਨ ਨੂੰ ਅਸੀਂ ਸੰਥਿਆ ਰਾਹੀਂ ਸਿਖਦੇ/ਸਿਖਾਉਂਦੇ ਹਾਂ ਅਤੇ ਇਸ ਰਾਹੀਂ ਗੁਰਬਾਣੀ ਉਚਾਰਨ ਨਾਲ ਜੁੜੇ ਹਰੇਕ ਸੰਭਵ ਪਖ ਦੀ ਪੜਤਾਲ ਕੀਤੀ ਜਾਂਦੀ ਹੈ ਅਤੇ ਲੋੜ ਅਨੁਸਾਰ ਅਭਿਆਸ ਵੀ ਕੀਤਾ/ਕਰਾਇਆ ਜਾਂਦਾ ਹੈ। ਸੰਥਿਆ ਦਾ ਉਦੇਸ਼ ਦੋ-ਪਖੀ ਹੈ- ਇਕ ਪਾਸੇ ਤਾਂ ਇਸ ਰਾਹੀਂ ਸਿਖਿਆਰਥੀ/ਜਗਿਆਸੂ ਨੂੰ ਹਰੇਕ ਹਾਲਤ ਤਥਾ ਪ੍ਰਸਥਿਤੀ ਵਿਚ ਗੁਰਬਾਣੀ ਸਹੀ ਪੜ੍ਹਨ ਦੇ ਯੋਗ ਕੀਤਾ ਜਾਂਦਾ ਹੈ; ਦੂਜੇ ਪਾਸੇ ਸੰਥਿਆ ਰਾਹੀਂ ਸਾਡੀ ਜੀਵਨ-ਸ਼ੈਲੀ ਬਦਲਦੀ ਹੈ, ਇਸ ਰਾਹੀਂ ਅਸੀਂ ਗੁਰਬਾਣੀ ਦੇ ਚਰਨੀ ਲਗਦੇ ਹਾਂ; ਅਸੀਂ ਜੀਵਨ ਦੀਆਂ ਬਿਹਤਰੀਨ ਕੀਮਤਾਂ ਦੇ ਧਾਰਨੀ ਹੁੰਦੇ ਹਾਂ। ਵਰਤਮਾਨ ਗੁਰਬਾਣੀ ਸੰਥਿਆ, ਖਾਸ ਕਰ ਇਸ ਦੇ ਬੁਨਿਆਦੀ ਪਹਿਲੂ ਉਚਾਰਨ ਨਾਲ ਕਈ ਕਿਸਮ ਦੇ 'ਟੈਬੂ' ਜੁੜ ਗਏ ਹਨ, ਜਿਵੇਂ ਆਮ ਹਾਲਤ ਵਿਚ ਗੁਰਬਾਣੀ ਉਚਾਰਨ ਜਾਂ ਸੰਥਿਆ ਨੂੰ (ਗੁਰਬਾਣੀ) ਭਾਸ਼ਾ ਅਤੇ ਵਿਆਕਰਨ ਸਿਖਣ ਨਾਲ ਜੋੜ ਕੇ ਪੇਸ਼ ਕੀਤਾ ਜਾਂਦਾ ਹੈ, ਪਰ ਧਿਆਨ ਰਹੇ ਕਿ ਗੁਰਬਾਣੀ ਉਚਾਰਨ ਕੇਵਲ ਭਾਸ਼ਾ-ਵਿਗਿਆਨਕ ਮਾਮਲਾ ਨਹੀਂ; ਦੂਜੇ ਸ਼ਬਦਾਂ ਵਿਚ ਕੇਵਲ ਭਾਸ਼ਾ-ਵਿਗਿਆਨਕ ਦ੍ਰਿਸ਼ਟੀ ਤੋਂ ਹੀ ਇਸ ਵਿਸ਼ੇ ਦੀ ਪੜਤਾਲ ਕਰਨੀ ਇਕ ਪਾਸੜ ਕਾਰਵਾਈ ਹੈ। ਇਸ ਲਈ ਕਈ ਪਹੁੰਚ-ਵਿਧੀਆਂ/ਪਰਿਪੇਖਾਂ ਦੀ ਲੋੜ ਹੈ। ਆਮ ਜਗਿਆਸੂ ਨੂੰ ਧਿਆਨ ਵਿਚ ਰਖ ਕੇ ਇਸ ਕਿਤਾਬਚੇ ਵਿਚ ਹੇਠ ਲਿਖੇ ਪਰਿਪੇਖਾਂ ਤੋਂ ਉਚਾਰਨ ਵਿਸ਼ੇ ਦੀ ਮੁਢਲੀ ਵਿਚਾਰ ਕੀਤੀ ਜਾ ਰਹੀ ਹੈ:

(1) ਇਤਿਹਾਸਕ ਪਰਿਪੇਖ
(2) ਧਾਰਮਿਕ ਪਰਿਪੇਖ
(3) ਕਾਵਿਕ ਪਰਿਪੇਖ
(4) ਧੁਨੀ-ਵਿਉਂਤਕ ਪਰਿਪੇਖ
(5) ਆਰਥੋਗਰਾਫਿਕ ਪਰਿਪੇਖ
(6) ਮਨੋਵਿਗਿਆਨਕ ਪਰਿਪੇਖ
(7) ਸੰਗੀਤਕ ਪਰਿਪੇਖ
(8) ਲੋਕਧਾਰਾਈ ਪਰਿਪੇਖ ਅਤੇ
(9) ਵਿਹਾਰਕ ਪਰਿਪੇਖ

'ਪਰਿਪੇਖ' ਪਦ ਇਥੇ ਦ੍ਰਿਸ਼ਟੀਕੋਣ, ਨਜ਼ਰੀਆ, ਪਹੁੰਚ ਆਦਿ ਦੇ ਅਰਥਾਂ ਵਿਚ ਵਰਤਿਆ ਹੈ। ਗੁਰਬਾਣੀ ਸੰਥਿਆ ਜਾਂ ਉਚਾਰਨ ਨਾਲ ਜੁੜੇ ਇਹ ਪਰਿਪੇਖ ਜਾਂ ਪਹੁੰਚ-ਵਿਧੀਆਂ ਕਾਫੀ ਵਿਸਤਾਰ ਦੀ ਮੰਗ ਕਰਦੀਆਂ ਹਨ, ਅਤੇ ਨਾਲ ਹੀ ਸਾਰੀਆਂ ਨਾਲ 'ਪਰਿਪੇਖ' (ਤਕਨੀਕੀ) ਪਦ ਜੋੜਨਾ ਵੀ ਬਹੁਤਾ ਤਰਕ ਸੰਗਤ ਨਹੀਂ। ਇਥੇ ਸਿਰਫ ਇਕਸਾਰਤਾ ਲਈ ਹੀ ਇਸ ਪਦ ਦੀ ਵਰਤੋਂ ਕੀਤੀ ਹੈ। ਹਥਲੀ ਸੀਮਾ ਇਨ੍ਹਾਂ ਪਹੁੰਚ-ਵਿਧੀਆਂ ਦੇ ਉਨ੍ਹਾਂ ਕੁਝ ਪਖਾਂ ਤਕ ਸੀਮਿਤ ਹੈ, ਜਿਨ੍ਹਾਂ ਦਾ ਪ੍ਰਭਾਵ ਬਾਣੀ ਦੇ ਉਚਾਰਨ ਨਾਲ ਸੰਬੰਧਿਤ ਹੈ। ਇਥੇ ਸਿਰਫ਼ ਪੰਜਾਬੀ ਭਾਸ਼ਾ, ਅਤੇ ਗੁਰਬਾਣੀ (ਗੁਰਮੁਖੀ) ਜਾਣਨ ਵਾਲਿਆਂ ਦੇ ਪ੍ਰਸੰਗ ਵਿਚ ਹੀ ਵਿਚਾਰ ਕੀਤੀ ਗਈ ਹੈ। ਮੁਢਲੀ ਲੋੜ ਨੂੰ ਮੁਖ ਰਖ ਕੇ ਵਿਸ਼ੇ-ਵਿਸ਼ੇਸ਼ ਦੀ ਤਕਨੀਕੀ ਸ਼ਬਦਾਵਲੀ ਅਤੇ ਹਵਾਲਿਆਂ ਨੂੰ ਵਰਤਣ ਤੋਂ ਲਗਭਗ ਗੁਰੇਜ ਕੀਤਾ ਹੈ।

(1) ਇਤਿਹਾਸਕ ਪਰਿਪੇਖ

ਗੁਰਬਾਣੀ ਸੰਥਿਆ ਦਾ ਇਤਿਹਾਸਕ ਪਰਿਪੇਖ ਇਸ ਸਵਾਲ/ਪੜਤਾਲ ਨਾਲ ਸੰਬੰਧਿਤ ਹੈ ਕਿ ਗੁਰਬਾਣੀ ਦਾ ਪਾਠ, ਅਧਿਐਨ, ਅਧਿਆਪਨ, ਸਿਖਣ-ਸਿਖਾਉਣ ਆਦਿ ਦਾ ਸਿਲਸਿਲਾ ਕਿਵੇਂ ਹੁੰਦਾ ਰਿਹਾ, ਕਿਥੇ ਹੁੰਦਾ ਰਿਹਾ,ਕੌਣ ਕਰਦਾ ਰਿਹਾ ਅਤੇ ਸਾਡੇ ਤਕ ਬਾਣੀ ਸੰਥਿਆ ਦੀ ਇਹ ਸ਼ਾਨਦਾਰ ਪਰੰਪਰਾ ਕਿਵੇਂ ਪਹੁੰਚੀ ? ਇਸ ਦੇ ਨਾਲ ਹੀ ਇਸ ਘੇਰੇ ਵਿਚ ਸਾਡੇ ਬਜੁਰਗਾਂ ਦੀਆਂ ਉਹ ਸਭ ਘਾਲਣਾਵਾਂ, ਤਾਘਾਂ, ਦੁਸਵਾਰੀਆਂ ਆਦਿ ਸ਼ਾਮਿਲ ਹਨ, ਜੋ ਉਨ੍ਹਾਂ ਨੂੰ ਇਸ ਮਹਾਨ ਸੇਵਾ ਕਰਦਿਆਂ ਦਰਪੇਸ਼ ਹੋਈਆਂ। ਛਾਪੇਖਾਨੇ, ਆਵਾਜਾਈ ਅਤੇ ਹੋਰ ਆਧੁਨਿਕ ਸਹੂਲਤਾਂ ਦੀ ਅਣਹੋਂਦ ਵਿਚ ਕਿਸ ਤਰ੍ਹਾਂ ਗੁਰਮੁਖਿ ਮਰਜੀਵੜਿਆਂ ਨੇ ਗੁਰਬਾਣੀ ਉਤਾਰਿਆਂ/ ਵਿਆਖਿਆਵਾਂ ਆਦਿ ਦੇ ਕਾਰਜ ਕਰਕੇ, ਨਿਜੀ ਜਾਂ ਸੰਸਥਾਈ ਜਤਨਾਂ ਰਾਹੀਂ ਪਵਿਤਰ ਬਾਣੀ ਦੀ ਸੰਥਿਆ ਦਿਤੀ; ਲੋੜਵੰਦ ਜਗਿਆਸੂਆਂ ਤਕ ਇਸ ਨਾਮ ਰੂਪੀ 'ਸਤੁ ਸੰਤੋਖੁ ਵੀਚਾਰੁ' ਦੇ 'ਥਾਲੁ' ਨੂੰ ਪਹੁੰਚਾਇਆ ਅਤੇ ਸਮੂਹ ਮਨੁਖ ਜਾਤੀ ਦੇ ਭੁੰਚਣ (ਪਾਠ) ਲਈ ਪਰੋਸਿਆ, ਇਹ ਸਭ ਇਤਿਹਾਸ ਦਾ ਭਾਗ ਹੈ।

ਸਭ ਤੋਂ ਮੁਢਲੇ ਗੁਰਬਾਣੀ ਸੰਥਿਆ ਦੇ ਕੇਂਦਰ ਗੁਰੂ ਸਾਹਿਬਾਨ ਦੁਆਰਾ ਸਥਾਪਿਤ ਉਹ ਕੇਂਦਰੀ ਸਥਾਨ ਸਨ, ਜਿਹੜੇ ਇਕ ਟਕਸਾਲ ਦੀ ਤਰ੍ਹਾਂ ਕਾਰਜਸ਼ੀਲ ਸਨ। ਇਹ ਉਸ ਸਮੇਂ ਦੀਆਂ ਸਿਖਿਆ ਸੰਸਥਾਵਾਂ ਸਨ। 'ਟਕਸਾਲ' ਦਾ ਸੰਬੰਧ ਭਾਵੇਂ ਸਿੱਕੇ ਢਾਲਣ/ਘੜਨ ਵਾਲੀ ਥਾਂ ਦਸਿਆ ਜਾਂਦਾ ਹੈ, ਪਰ ਸਿਖ ਸਿਧਾਂਤ ਅਨੁਸਾਰ ਜਿਥੇ 'ਸਬਦੁ' ਦੁਆਰਾ ਜੀਵਨ ਘੜੇ ਗਏ ਜਾਂ ਘੜੇ ਜਾਂਦੇ ਹਨ, ਉਹ ਟਕਸਾਲ ਅਖਵਾਉਂਦੀ ਹੈ (ਜਤੁ ਪਾਹਾਰਾ ਧੀਰਜੁ ਸੁਨਿਆਰੁ...ਘੜੀਐ ਸਬਦੁ ਸਚੀ ਟਕਸਾਲ ॥ ੮) ।

ਗੁਰਬਾਣੀ ਸੰਥਿਆ, ਅਧਿਐਨ, ਸਾਂਭ-ਸੰਭਾਲ, ਕਥਾ, ਅਰਥ, ਉਤਾਰੇ ਆਦਿ ਦਾ ਵਿਧੀਵਤ ਅਸਲ ਰੂਪ ਤਦੋਂ ਬਝਿਆ, ਜਦੋਂ ਸਿਖੀ ਦੀ ਪਹਿਲੀ ਟਕਸਾਲ ਕਰਤਾਰਪੁਰ ਵਿਖੇ, ਗੁਰੂ ਨਾਨਕ ਦੇਵ ਜੀ ਵਲੋਂ ਆਪ/ਖੁਦ, ਲਗਪਗ 1532 ਈ. ਵਿਚ ਸਥਾਪਿਤ ਕੀਤੀ ਗਈ। ਸੰਸਾਰੀ ਜੀਵਨ ਦੇ ਆਖਰੀ ਵਰ੍ਹਿਆਂ ਵਿਚ ਜਦੋਂ ਬਾਬਾ ਨਾਨਕ ਕਰਤਾਰਪੁਰ ਵਿਖੇ ਟਿਕ ਗਏ ਤਾਂ ਸਿਖ ਵਿਦਵਤਾ ਦੀ ਪਹਿਲੀ ਟਕਸਾਲ ਇਥੇ ਬਧੀ ਗਈ, ਜਿਥੇ ਭਾਈ ਸਾਹਿਬ ਭਾਈ ਗੁਰਦਾਸ ਜੀ ਅਨੁਸਾਰ 'ਗਿਆਨੁ ਗੋਸਟਿ' ਦੀ 'ਚਰਚਾ ਸਦਾ' ਚਲਦੀ ਰਹਿੰਦੀ ਸੀ ਅਤੇ ਬਹੁਤ ਸਾਰੀ ਬਾਣੀ ਇਥੇ ਉਚਾਰੀ ਤੇ ਸੰਗ੍ਰਹਿਤ ਕੀਤੀ

ਗਈ (ਫਿਰਿ ਬਾਬਾ ਆਇਆ ਕਰਤਾਰਪੁਰਿ...ਬਾਣੀ ਮੁਖਹੁ ਉਚਾਰੀਐ...ਗਿਆਨ ਗੋਸਟਿ ਚਰਚਾ ਸਦਾ...੧/੨੮)। ਕਰਤਾਰਪੁਰ ਦੀ ਇਸ ਟਕਸਾਲ ਵਿਚ ਹਜ਼ੂਰ ਗੁਰੂ ਨਾਨਕ ਦੇਵ ਜੀ ਮਹਾਰਾਜ ਦੀ ਸ਼ਰਨ ਵਿਚ ਭਾਈ ਲਹਣਾ ਜੀ (ਬਾਅਦ ਵਿਚ ਸ੍ਰੀ ਸਤਿਗੁਰੂ ਗੁਰੂ ਅੰਗਦ ਦੇਵ ਜੀ ਮਹਾਰਾਜ) ਲਗਪਗ 1532 ਈ. ਦੇ ਆਸ-ਪਾਸ ਆਉਂਦੇ ਹਨ। ਗੁਰਬਾਣੀ ਸੰਬੰਧੀ ਸਾਰੇ ਮਹਾਨ ਕਾਰਜ, ਜਿਵੇਂ ਸੰਥਿਆ ਦੇਣਾ, ਉਤਾਰੇ ਕਰਨਾ, ਗੁਰੂ ਨਾਨਕ ਪਾਤਸ਼ਾਹ ਜੀ ਦੀ ਆਪਣੀ ਮੁਖਾਰਬਿੰਦ ਪਾਵਨ ਬਾਣੀ ਅਤੇ ਉਨ੍ਹਾਂ ਦੁਆਰਾ ਸੰਗ੍ਰਹਿਤ ਕੀਤੀ ਭਗਤ ਸਾਹਿਬਾਨ ਜੀ ਦੀ ਪਾਵਨ ਬਾਣੀ ਦੀ ਸੰਭਾਲ ਆਦਿ ਦੀ ਜਿੰਮੇਵਾਰੀ, *ਮਹਿਮਾ ਪ੍ਰਕਾਸ਼ ਵਾਰਤਕ* (ਸਾਖੀ ੨੨) ਅਨੁਸਾਰ ਭਾਈ ਲਹਣਾ ਜੀ ਨੇ ਸੰਭਾਲੀ ਹੋਈ ਸੀ। ਭਾਈ ਲਹਣਾ ਜੀ ਨੇ ਗੁਰੂ ਨਾਨਕ ਜੀ ਦੀ ਸ਼ਰਨ ਵਿਚ ਕਰਤਾਰਪੁਰ ਸਾਹਿਬ ਵਿਖੇ ਸਭ ਤੋਂ ਪਹਿਲੀ ਸੇਵਾ, ਬਾਬਾ ਬੁਢਾ ਜੀ, ਭਾਈ ਮਨਸੁਖ, ਭਾਈ ਭਾਗੀਰਥ ਆਦਿਕ ਮੁਖੀ ਸਿਖਾਂ ਦੀ ਮਦਦ ਨਾਲ ਸ੍ਰੀ ਗੁਰੂ ਨਾਨਕ ਜੀ ਦੀ ਮੁਖਾਰਬਿੰਦ ਬਾਣੀ ਨੂੰ 'ਮਰਯਾਦਾ" (ਤਰਤੀਬ, system) ਵਿਚ ਕਰਨ ਦੀ ਕੀਤੀ।

ਭਾਈ ਲਹਣਾ ਜੀ ਨੇ, ਸੰਗੀ ਗੁਰਮੁਖਾਂ ਦੀ ਮਦਦ ਨਾਲ, ਕਰਤਾਰਪੁਰ ਟਕਸਾਲ ਵਿਖੇ ਹੀ ਗੁਰਮੁਖੀ ਲਿਪੀ ਦੀ, ਸ੍ਰੀ ਸਤਿਗੁਰੂ ਗੁਰੂ ਨਾਨਕ ਦੇਵ ਜੀ ਪਾਤਸ਼ਾਹ ਹਜ਼ੂਰ ਦੀ ਦੇਖ-ਰੇਖ ਵਿਚ ਸਿਰਜਨਾ ਕੀਤੀ ਅਤੇ ਸਾਰੀ ਬਾਣੀ ਇਸੇ ਲਿਪੀ ਵਿਚ ਲਿਖੀ ਗਈ। ਭਾਈ ਮਨਸੁਖ ਜੀ, ਇਥੇ ਲਗਪਗ 1536 ਈ. ਵਿਚ ਆਇਆ ਸੀ। ਭਾਈ ਮਨਸੁਖ ਜੀ ਲਾਹੌਰ ਦਾ ਰਹਿਣ ਵਾਲਾ ਇਕ ਵਪਾਰੀ ਸੀ, ਜੋ ਦੁਕਾਨ ਚਲਾਉਂਦਾ ਸੀ। ਭਾਈ ਭਾਗੀਰਥ ਜੀ ਰਾਹੀਂ ਇਹ ਗੁਰੂ ਨਾਨਕ ਦੇਵ ਜੀ ਦੀ ਸ਼ਰਨ ਵਿਚ ਕਰਤਾਰਪੁਰ ਵਿਖੇ ਆਇਆ ਸੀ। ਵਪਾਰ ਦੇ ਸੰਬੰਧ ਵਿਚ ਜਦੋਂ ਇਹ ਸ੍ਰੀ ਲੰਕਾ ਗਿਆ ਤਾਂ ਰਾਜੇ ਸਿਵਨਾਭ ਨੂੰ ਇਸੇ ਨੇ ਹੀ ਗੁਰੂ ਜੀ ਦੀ ਦੱਸ ਪਾਈ ਸੀ, ਤਦੋਂ ਤੋਂ ਰਾਜੇ ਨੂੰ ਗੁਰੂ ਦਰਸ਼ਨ ਦੀ ਸਿਕ ਲਗ ਗਈ ਸੀ। ਇਹ ਕਰਤਾਰਪੁਰ ਸਾਹਿਬ ਦੀ ਟਕਸਾਲ ਵਿਖੇ ਤਿੰਨ ਸਾਲ ਗੁਰੂ ਜੀ ਦੀ ਹਜ਼ੂਰੀ ਵਿਚ ਰਿਹਾ "ਤਬ ਉਸ ਬਾਣੀਐ [ਵਪਾਰੀ, ਭਾਈ ਮਨਸੁਖ ਜੀ] ਕੀ ਨਿਸਾ ਭਈ...ਤੀਨ ਬਰਸ ਬਾਬੇ ਕੋਲ ਰਹਿਆ...ਗੁਰੂ ਬਾਬੇ ਦੀ ਬਾਣੀ ਬਹੁਤ ਲਿਖੀਅਸੁ ਪੋਥੀਆ ਲਿਖ ਲੀਤੀਓਸੁ" (*ਪੁਰਾਤਨ ਜਨਮਸਾਖੀ*, ੪੧/੧੪੪); "ਤੀਨ ਬਰਸ ਜਾ ਰਹਿਆ ਤਾ ਗੁਰੂ ਬਾਬੇ ਕੀ ਬਾਣੀ ਬਹੁਤੁ ਲਿਖਿ ਕਰਿ ਪੋਥੀਆ [ਲਿਖ] ਲੀਤੀਆ" (*ਆਦਿ ਸਾਖੀਆਂ*, ੨੧/੬੧)। ਜਦੋਂ ਗੁਰੂ ਬਾਬਾ ਨਾਨਕ ਜੀ ਜੋਤੀ-ਜੋਤਿ ਸਮਾਏ ਤਾਂ ਆਪ ਨੇ 'ਸਲਾਮਤਿ ਥੀਵਦੈ' (*ਗੁਰ ਚੇਲੇ ਰਹਰਾਸਿ ਕੀਈ ਨਾਨਕਿ ਸਲਾਮਤਿ ਥੀਵਦੈ॥* ੯੬੬) ਹੀ ਭਾਈ ਲਹਣਾ ਜੀ ਨੂੰ ਬਾਣੀ-ਸੰਗ੍ਰਹਿ ਦੀ ਪੋਥੀ, ਗੁਰਿਆਈ ਸਮੇਂ ਸੌਂਪ ਦਿਤੀ ਸੀ ("ਸੋ ਪੋਥੀ ਜੋ ਬਾਨਿ ਗੁਰੂ ਅੰਗਦ ਜੋਗ ਮਿਲੀ", *ਪੁਰਾਤਨ ਜਨਮਸਾਖੀ*, ਸਾਖੀ ੫੭)। ਇਸ ਤਰ੍ਹਾਂ ਸਪਸ਼ਟ ਹੈ ਕਿ ਗੁਰਬਾਣੀ ਸੰਥਿਆ ਦਾ ਆਰੰਭ ਕਰਤਾਰਪੁਰ (ਰਾਵੀ ਨਦੀ ਦੇ ਰਮਣੀਕ ਕੰਢੇ) ਵਿਖੇ ਗੁਰੂ ਨਾਨਕ ਦੇਵ ਜੀ ਪਾਤਸ਼ਾਹ ਨੇ ਖੁਦ ਆਪਣੀ ਦੇਖ-ਰੇਖ ਹੇਠ ਭਾਈ ਲਹਣੇ ਜੀ ਤੋਂ ਕਰਵਾਇਆ ਸੀ। ਇਸ ਸੇਵਾ ਵਿਚ ਗੁਰੂ ਸਾਹਿਬ ਜੀ ਦੇ ਕਰਤਾਰਪੁਰੀ ਹਜ਼ੂਰੀ ਸੰਗੀਆਂ ਵਿਚ ਭਾਈ ਸੀਹਾਂ, ਭਾਈ ਝਾੜੂ ਕਲਾਲ ਆਦਿ ਵੀ ਸਨ। ਜਦੋਂ ਗੁਰੂ ਨਾਨਕ ਦੇਵ ਜੀ ਨੂੰ ਬਾਬਰ ਦੇ ਬੰਦੀਖਾਨੇ ਵਿਚ ਲਿਜਾਇਆ ਗਿਆ ਸੀ ਤਾਂ ਗੁਰੂ ਜੀ ਨੇ ਜੋ ਬਾਣੀ ਉਥੇ ਉਚਰੀ, ਉਹ ਭਾਈ ਝਾੜੂ ਕਲਾਲ ਨੇ ਨੋਟ ਕੀਤੀ ਸੀ : "ਤਬ ਝਾੜੂ ਕਲਾਲ ਬੰਦਿ [ਜੇਲ੍ਹ] ਵਿਚਿ ਥਾ... । ਉਥੇ ਉਚਰਿਆ ਸਬਦ ਓਨਿ ਲਿਖਿ ਲਇਆ (*ਪੁਰਾਤਨ ਜਨਮਸਾਖੀ*, ੩੫/੧੨੭)। ਭਾਈ ਝਾੜੂ ਕਲਾਲ ਵਰਤਮਾਨ

ਕਸਬਾ ਮੁਹਾਲੀ (ਚੰਡੀਗੜ੍ਹ) ਦੇ ਨੇੜੇ ਪਿੰਡ ਖਾਨਪੁਰ (ਖਰੜ) ਦਾ ਰਹਿਣ ਵਾਲਾ ਸੀ, ਜੋ ਗੁਰਬਾਣੀ ਸੰਥਿਆ, ਉਤਾਰਿਆਂ ਆਦਿ ਵਿਚ ਹਥ ਵਟਾਉਂਦਾ ਸੀ। ਭਾਈ ਸਾਹਿਬ ਭਾਈ ਗੁਰਦਾਸ ਜੀ (ਵਾਰ੧੧/੧੩) ਅਤੇ *ਸਿਖਾਂ ਦੀ ਭਗਤਮਾਲਾ* (ਸਾਖੀ/ਪੰਨਾ੭/੪੨) ਨੇ ਭਾਈ ਮਾਲੋ, ਮਾਂਗਾ ਤੇ ਕਾਲੂ ਜੀ ਦਾ ਵੀ, ਗੁਰੂ ਸਾਹਿਬ ਦੇ ਹਜ਼ੂਰ, ਗੁਰਬਾਣੀ ਸੰਥਿਆ ਦੇਣ ਵਾਲੇ ਤਥਾ ਉਤਾਰਾ ਕਰਨ ਵਾਲੇ ਲਿਖਾਰੀਆਂ ਵਿਚ ਹੋਣ ਦਾ ਇਸ਼ਾਰਾ ਕੀਤਾ ਹੈ।

ਗੁਰਿਆਈ ਦੀ ਦੈਵੀ ਤੇ ਵਡੇਰੀ ਜ਼ਿੰਮੇਵਾਰਾਨਾ- ਸੰਸਥਾ ਦੀ ਸੇਵਾ ਸੰਭਾਲਣ ਉਪਰੰਤ ਗੁਰੂ ਅੰਗਦ ਦੇਵ ਜੀ ਨੇ ਬਾਬੇ ਨਾਨਕ ਦੇ ਹੁਕਮਾਂ ਅਨੁਸਾਰ ਸਿਖੀ ਦੇ ਰੂਹਾਨੀ ਤੇ ਸਭਿਆਚਾਰਕ ਅਧਿਐਨ/ਚਿੰਤਨ ਦੀ ਦੂਜੀ ਟਕਸਾਲ ਖਡੂਰ ਵਿਖੇ ਸਥਾਪਿਤ ਕੀਤੀ। ਆਪ ਨੇ ਗੁਰਬਾਣੀ ਲਿਖਣ, ਸੰਭਾਲਣ ਅਤੇ ਸੰਥਿਆ ਦੀ ਮਹਾਨ ਸੇਵਾ ਕੀਤੀ। ਗੁਰਦਾਸ ਭੱਲਾ ਦੇ ਰੂਪਕੀ ਸ਼ਬਦਾਂ ਵਿਚ "ਜਿਸ 'ਸਚੁ ਸਬਦੁ' (ਗੁਰਬਾਣੀ) ਦੀ ਸੌਂਪਣਾ/ਪ੍ਰਾਪਤੀ ਗੁਰੂ ਨਾਨਕ ਦੇਵ ਜੀ ਦੀ ਦੈਵੀ 'ਟਕਸਾਲ' ਪਾਸੋਂ ਆਪ ਨੂੰ ਹੋਈ, ਓਹੀ ਸਚੁ ਦਾ 'ਸਿਕਾ' ਆਪ ਨੇ ਖਡੂਰ ਸਾਹਿਬ ਵਿਖੇ ਚਲਾਇਆ (ਸਚੁ ਸਬਦੁ ਗੁਰਿ ਸਉਪਿਆ ਸਚ ਟਕਸਾਲਹੁ ਸਿਕਾ ਚਲਿਆ॥੨੪/੮)।

ਤੀਜੇ ਪਾਤਸ਼ਾਹ ਗੁਰੂ ਅਮਰਦਾਸ ਜੀ ਮਹਾਰਾਜ ਸਮੇਂ ਗੁਰਬਾਣੀ ਸੰਥਿਆ ਦੀ ਤੀਜੀ ਪ੍ਰਮੁਖ ਟਕਸਾਲ ਗੋਇੰਦਵਾਲ ਬਣਿਆ, ਜਿਥੇ ਗੁਰਦਾਸ ਭੱਲਾ, ਸੰਸਰਾਮ, ਹਿਰਦੇ ਰਾਮ, ਬਹਿਲੋ ਵਰਗੇ ਅਨੇਕ ਹੋਣਹਾਰ ਵਿਦਵਾਨ ਪੈਦਾ ਹੋਏ। ਗੁਰਦਾਸ ਭੱਲਾ ਗੋਇੰਦਵਾਲ ਸਾਹਿਬ ਵਿਚ ਹੋ ਰਹੇ ਇਸ ਮਹਾਨ ਕਾਰਜ-ਕ੍ਰਮ ਨੂੰ ਅਜਿਹਾ 'ਅਚਰਜੁ ਖੇਲੁ' ਕਹਿੰਦੇ ਹਨ, ਜਿਸ ਨੂੰ ਲਖਿਆ/ਜਾਣਿਆ ਨਹੀਂ ਜਾ ਸਕਦਾ (...ਅਚਰਜੁ ਖੇਲੁ ਨ ਲਖਿਆ ਜਾਈ॥੧/੪੬)। ਸ੍ਰੀ ਗੋਇੰਦਵਾਲ ਟਕਸਾਲ ਵਿਚ ਗੁਰਬਾਣੀ ਸੰਥਿਆ/ ਲਿਖਣ/ ਸੰਭਾਲਣ /ਉਤਾਰੇ / ਅਧਿਐਨ ਕਰਨ ਦੀ ਸੇਵਾ ਕਰਨ ਵਾਲੇ ਅਨੇਕ ਗੁੰਮਨਾਮ ਨਾਵਾਂ ਵਿਚੋਂ ਇਤਿਹਾਸ ਵਿਚ ਬਚੇ ਕੁਝ ਵਿਦਵਾਨਾਂ ਦੇ ਨਾਂ- ਸੰਸਰਾਮ, ਪਾਂਧਾ ਬੂਲਾ, ਬੁਢਾ ਰੰਧਾਵਾ ਆਦਿ ਪ੍ਰਮੁਖ ਹਨ।

ਚਉਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਦੇ ਸਮੇਂ ਅੰਮ੍ਰਿਤਸਰ ਟਕਸਾਲ ਹੋਂਦ ਵਿਚ ਅਉਂਦੀ ਹੈ, ਜਿਸ ਵਿਚ ਗੁਰਬਾਣੀ/ ਗੁਰਮੁਖੀ/ ਗੁਰਸਿਖੀ ਦੀਆਂ ਵਿਦਿਅਕ ਗਤੀਵਿਧੀਆਂ ਦੀ ਹੋਂਦ 20ਵੀਂ ਸਦੀ ਦੇ ਪਿਛਲੇ ਅਧ (1965) ਤਕ ਰਹੀ। ਗੁਰੂ ਰਾਮਦਾਸ ਜੀ ਖੁਦ ਬਾਣੀ ਅਧਿਐਨ, ਸੰਥਿਆ, ਲਿਖਣ ਆਦਿ ਦੀ ਸੇਵਾ ਕਰਿਆ ਕਰਦੇ ਸਨ। ਗੁਰੂ ਅਰਜਨ ਜੀ ਵਲੋਂ ਬਧੀ ਪਾਵਨ ਆਦਿ ਬੀੜ ਵਿਚ ਉਹੋ 'ਜਪੁ' ਪਾਠ ਸ਼ਾਮਿਲ ਕੀਤਾ ਗਿਆ, ਜੋ ਗੁਰੂ ਰਾਮਦਾਸ ਜੀ ਨੇ ਖੁਦ ਆਪਣੇ ਹਥੀਂ, ਬਾਬੇ ਨਾਨਕ ਦੀ ਪੋਥੀ ਤੋਂ ਉਤਾਰਿਆ ਸੀ। ਪੁਰਾਣੀਆਂ ਗੁਰਬਾਣੀ ਹਥ-ਲਿਖਤਾਂ ਦੇ ਮੁਢ ਆਇਆ 'ਜਪੁ ਗੁਰੂ ਰਾਮਦਾਸ ਜੀਉ ਕੇ ਦਸਤਖਤਾ ਕੇ ਨਕਲ ਕਾ ਨਕਲ...' ਵਾਕੰਸ਼ ਇਸ ਤਥ ਦੀ ਸੈਂਕੜੇ ਥਾਂ ਪੁਸ਼ਟੀ ਕਰਦਾ ਹੈ। ਗੁਰਿਆਈ ਸਮੇਂ ਗੁਰੂ ਰਾਮਦਾਸ ਜੀ ਨੇ 'ਅੰਮ੍ਰਿਤ ਨਾਮ ਦਾ ਖਜਾਨਾ' ਗੁਰੂ ਅਰਜਨ ਜੀ ਨੂੰ ਸੌਂਪ ਦਿਤਾ ਗਿਆ। *ਗੋਸਟਾਂ ਮਿਹਰਬਾਨ* (ਗੋਸਟਿ 1, 2, ਪੰਨੇ 39, 40, 44) ਅਨੁਸਾਰ 'ਸਬਦ ਕੀ ਥਾਪਨਾ', ਜੋ ਗੁਰੂ ਨਾਨਕ ਦੇਵ ਜੀ ਨੇ ਗੁਰੂ ਅੰਗਦ ਕਉ ਕਰੀ ਸੀ, ਉਹੀ ਗੁਰੂ ਅਮਰਦਾਸ-ਰਾਮਦਾਸ ਰਾਹੀਂ ਗੁਰੂ ਅਰਜਨ ਜੀ ਨੂੰ ਹੋ ਗਈ: "...ਤਬ ਗੁਰੂ ਬਾਬਾ ਨਾਨਕੁ ਜੀ ਗੁਰੂ ਅੰਗਦ ਕੰਉ ਸਬਦ ਕੀ ਥਾਪਨਾ ਦੇ ਕਰਿ...ਸਚਖੰਡ ਕੰਉ ਸਿਧਾਰੇ...ਗੁਰੂ ਅੰਗਦ ਜੀ... ਗੁਰੂ ਅਮਰਦਾਸੁ ਜੀ ਕਉ

ਸਬਦ ਕੀ ਥਾਪਨਾ ਦੇ ਕਰਿ...ਸਚਖੰਡ ਕਉ ਸਿਧਾਰੇ...ਗੁਰੂ ਅਮਰਦਾਸੁ ਸੈਸਾਰ ਕੇ ਵਿਖੇ ਭਗਤਿ ਕਮਾਈ ਅਰੁ ਸਬਦ ਕੀ ਥਾਪਨਾ ਗੁਰੂ ਰਾਮਦਾਸ ਜੀ ਕਉ ਦੇ ਕਰਿ...ਆਪਿ ਸਚਖੰਡ ਕਉ ਸਿਧਾਰੇ...ਤਬ ਗੁਰੂ ਰਾਮਦਾਸਿ...ਸਬਦ ਕੀ ਥਾਪਨਾ ਗੁਰੂ ਅਰਜਨ ਕਉ ਦੇ ਕਰਿ ਆਪਿ ਸਚਖੰਡ ਕਉ ਸਿਧਾਰੇ"।

ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਸ੍ਰੀ ਅੰਮ੍ਰਿਤਸਰ ਟਕਸਾਲ ਵਿਚ ਗੁਰਬਾਣੀ ਸੰਬੰਧੀ ਇਕ ਸ਼ਾਨਦਾਰ, ਇਤਿਹਾਸਕ 'ਗੁਰਬਾਣੀ ਪ੍ਰਗਾਸ' ਦਾ ਕਾਰਜ ਕੀਤਾ ਗਿਆ।
ਗੁਰੂ ਅਰਜਨ ਦੇਵ ਜੀ ਨੇ ਪ੍ਰਾਪਤ ਹੋਏ ਬਾਣੀ ਸੰਗ੍ਰਹਿ ਨੂੰ, ਜੋ ਪੋਥੀਆਂ, ਪਤਰਿਆਂ, ਗੁਟਕਿਆਂ ਆਦਿ ਦੇ ਰੂਪ ਵਿਚ ਸੀ, ਇਕ ਵਿਧੀਵਤ ਰੂਪ ਦੇਣ ਲਈ 'ਰਾਮਸਰ' ਨਾਂ ਦੇ ਸਥਾਨ ਦੀ ਚੋਣ ਕੀਤੀ। ਇਸ ਰਮਣੀਕ ਥਾਂ ਉਤੇ ਗੁਰਬਾਣੀ ਦੇ ਸੰਪਾਦਨ ਦਾ ਕਾਰਜ ਸ਼ੁਰੂ ਕੀਤਾ ਗਿਆ, ਜਿਹੜਾ 1601 ਈ. ਤੋਂ 1604 ਈ. ਤਕ ਤਿੰਨ ਸਾਲਾਂ ਵਿਚ ਸੰਪੂਰਨ ਹੋਇਆ। ਗੁਰੂ ਅਰਜਨ ਦੇਵ ਜੀ ਵਲੋਂ 'ਗ੍ਰੰਥ ਸਾਹਿਬ' ਦੀ 'ਆਦਿ ਬੀੜ' ਸੰਪਾਦਨਾ ਨਾਲ ਸਿਖ ਧਰਮ, ਇਤਿਹਾਸ, ਪਰੰਪਰਾ ਅਤੇ ਵਿਦਵਤਾ ਦੇ ਇਕ ਨਵੇਂ ਅਧਿਆਇ ਦੀ ਸ਼ੁਰੂਆਤ ਹੁੰਦੀ ਹੈ। ਹੁਣ ਗੁਰਬਾਣੀ ਇਕ ਵਿਉਂਤਬਧ ਪ੍ਰਮਾਣਿਕ ਰੂਪ ਵਿਚ ਮਿਲਣ ਲਗਦੀ ਹੈ। ਅਗਲੇ ਸਮੇਂ ਵਿਚ ਗੁਰਬਾਣੀ ਸੰਥਿਆ (ਅਧਿਐਨ/ ਅਧਿਆਪਨ ਆਦਿ) ਦੇ ਅਨੇਕ ਜਤਨਾਂ ਤਹਿਤ ਸਮਕਾਲੀ ਕੋਸ਼ਿਸ਼ਾਂ ਕਰਨ ਵਾਲੇ ਅਨੇਕ ਸੰਥਿਆਕਾਰ ਵਿਦਵਾਨਾਂ, ਲਿਖਾਰੀਆਂ ਵਿਚ ਭਾਈ ਸਾਹਿਬ ਭਾਈ ਗੁਰਦਾਸ, ਬਾਬਾ ਬੁਢਾ ਜੀ, ਭਾਈ ਬੰਨੋ, ਭਾਈ ਸੰਤ ਦਾਸ, ਭਾਈ ਹਰੀਆ, ਭਾਈ ਸੁਖਾ, ਭਾਈ ਮਨਸਾ ਰਾਮ, ਭਾਈ ਬੂੜਾ ਸੰਧੂ, ਭਾਈ ਬਿਧੀ ਚੰਦ, ਭਾਈ ਗੁਰਦਿਤਾ ਜਟੇਟਾ, ਭਾਈ ਰੂਪ ਕੁਇਰ, ਭਾਈ ਰਾਮ ਰਾਇ, ਭਾਈ ਯੋਗ ਰਾਜ, ਭਾਈ ਬਿਰਦ ਦਾਸ, ਭਾਈ ਹਰਦਾਸ, ਸ਼ਹੀਦ ਭਾਈ ਮਨੀ ਸਿੰਘ ਜੀ, ਭਾਈ ਫਤੇ ਚੰਦ, ਭਾਈ ਪਾਖਰ ਮਲ, ਭਾਈ ਹਾਕਮ ਸਿੰਘ ਗ੍ਰੰਥੀ ਆਦਿ ਅਨੇਕ 'ਹੀਰੇ-ਜਵਾਹਰਾਂ' ਦਾ ਨਾਂ ਲਿਆ ਜਾ ਸਕਦਾ ਹੈ, ਜਿਨ੍ਹਾਂ ਵਿਚੋਂ ਬਹੁਤੇ ਅੰਮ੍ਰਿਤਸਰ ਟਕਸਾਲ ਨਾਲ ਹੀ ਸੰਬੰਧਿਤ ਸਨ। ਬਾਅਦ ਵਿਚ ਸਿਖ ਇਤਿਹਾਸ ਵਿਚ, ਜਿਸ ਨੂੰ 'ਗਿਆਨੀਆਂ ਦੀ ਟਕਸਾਲ' ਕਿਹਾ ਗਿਆ, ਦੇ ਕਾਰਜ ਵਿਸ਼ੇਸ਼ ਧਿਆਨ ਮੰਗਦੇ ਹਨ, ਇਨ੍ਹਾਂ ਦਾ ਸਾਰਾ ਕਾਰਜ- ਕ੍ਰਮ ਅਤੇ ਮੁਕਾਮ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਹੀ ਸੀ। ਇਸ ਗਿਆਨੀਆਂ ਦੀ ਟਕਸਾਲ ਦੇ ਇਕ ਤਰ੍ਹਾਂ ਮੋਢੀ ਦੀ ਭੂਮਿਕਾ ਨਿਭਾਉਣ ਵਾਲੇ ਭਾਈ ਗੁਰਦਾਸ ਜੀ ਅਤੇ ਸ਼ਹੀਦ ਮਨੀ ਸਿੰਘ ਜੀ ਸਨ, ਜਿਨਾਂ ਤੋਂ ਅਗਾਂਹ ਕਈ ਵਿਦਵਾਨ ਪੈਦਾ ਹੋਏ, ਜਿਨ੍ਹਾਂ ਵਿਚ ਭਾਈ ਸੂਰਤ ਸਿੰਘ ਦਾ ਨਾਂ ਵਿਸ਼ੇਸ਼ ਰੂਪ ਵਿਚ ਲਿਆ ਜਾ ਸਕਦਾ ਹੈ।

ਇਥੇ ਅਗਲੇ ਪੰਨਿਆਂ ਉਤੇ ਇਸ ਟਕਸਾਲ ਨਾਲ ਕਿਸੇ ਤਰ੍ਹਾਂ ਜੁੜੇ ਰਹੇ ਸੈਂਕੜਿਆਂ ਦੀ ਗਿਣਤੀ ਵਿਚੋਂ ਇਤਿਹਾਸ ਦੀ ਸਿਮਰਤੀ ਵਿਚ ਬਚੇ ਕੁਝ ਅਜਿਹੇ ਨਾਂ/ ਵੇਰਵੇ ਹੀ ਦੇਣੇ ਹਨ, ਜਿਨ੍ਹਾਂ ਨੇ ਗੁਰੂ ਸਾਹਿਬਾਨ ਦੀ ਦੇਖ-ਰੇਖ ਹੇਠ ਆਪਣੀ ਅਕੀਦਤ ਭੇਟਾ ਲਈ ਖੁਦ ਗੁਰਬਾਣੀ ਦੀ ਸੰਥਿਆ, ਸਾਂਭ-ਸੰਭਾਲ/ਪ੍ਰਚਾਰ-ਪਸਾਰ/ਅਧਿਐਨ ਲਈ ਤਨ-ਮਨ ਅਰਪਿਤ ਕੀਤੇ:
ਪੰਜਵੇਂ ਪਾਤਸ਼ਾਹ ਦੇ ਜਗਨਾਂ ਨਾਮੀ ਸਿਖ ਨੇ, ਗੁਰੂ ਹਰਿਗੋਬਿੰਦ ਸਾਹਿਬ ਦੁਆਰਾ ਲੜੀ ਗਈ ਅੰਮ੍ਰਿਤਸਰ ਦੀ ਲੜਾਈ ਵਿਚ ਬੀਰਤਾ ਦੇ ਕਾਰਨਾਮੇ ਦਿਖਾਏ ਸਨ। ਇਹ ਗੁਰੂ ਪਿਆਰਾ ਅਤਿ ਖੂਬਸੂਰਤ ਲਿਖਾਈ ਵਿਚ ਬਾਣੀ ਲਿਖਦਾ ਅਤੇ

ਹੋਰਨਾਂ ਨੂੰ ਸਿਖਾਉਂਦਾ (ਸੰਥਿਆ ਦਿੰਦਾ) ਸੀ। ਭਾਈ ਰਾਮ ਰਾਇ ਦੀ ਲਿਖਤ ਬੀੜ (੧੭੪੯ ਬਿ.) ਵਿਚ ਭਾਈ ਜਗਨੇ ਦੇ ਉਤਾਰੇ ਨੂੰ ਵਿਸ਼ੇਸ਼ ਮਾਨਤਾ ਦਿਤੀ ਗਈ ਹੈ: "ਜੇ ਫੇਰ ਗਿਰੰਥ ਸੋਧਿਆ ਲੋੜੀਐ ਤਾ ਜਗਨੇ ਦੇ ਗਿਰੰਥੁ ਨਾਲਿ ਸੁਧ ਕਰਿ ਲਾਇਓ..."।

1.8 ਹਰਬੰਸ ਤਪਾ: ਸ੍ਰੀ ਗੁਰੂ ਅਰਜਨ ਦੇਵ ਜੀ ਦਾ ਇਹ ਪਿਆਰਾ ਸਿਖ, ਭਾਈ ਗੁਰਦਾਸ ਜੀ ਅਨੁਸਾਰ ਧਰਮਸਾਲਾ ਵਿਚ ਟਹਿਲ-ਸੇਵਾ ਕਰਨ ਲਈ ਪ੍ਰਸਿਧ ਸੀ (...ਹਰਬੰਸ ਤਪੇ ਟਹਲ ਧਰਮਸਾਲਾ॥੧੧/੨੭)। ਇਹ ਰਾਵਲਪਿੰਡੀ ਜਿਲ੍ਹੇ ਦੇ ਪਿੰਡ ਨੜਾਲੀ (ਤਹਿ. ਗੁਜ਼ਰਖਾਨ) ਦਾ ਵਸਨੀਕ ਸੀ (*ਮਹਾਨ ਕੋਸ਼*, ਪੰਨਾ 687)। ਪ੍ਰੇਮ ਸਹਿਤ ਬਾਣੀ ਪਾਠ ਕਰਨ ਵਾਲਾ ਇਹ ਗੁਰਮੁਖਿ ਧਰਮਸਾਲਾ ਵਿਚ ਪੋਥੀਆਂ ਲਿਖਣ ਅਤੇ ਸੰਥਿਆ ਦੇਣ ਦੀ ਸੇਵਾ ਕਰਦਾ ਸੀ, ਜਿਵੇਂ *ਸਿਖਾਂ ਦੀ ਭਗਤਮਾਲਾ* (ਸਾਖੀ ੯0) ਤੋਂ ਇਸ਼ਾਰਾ ਮਿਲਦਾ ਹੈ।

1.9 ਬੂੜਾ ਸੰਧੂ: ਪੰਚਮ ਪਿਤਾ ਸ੍ਰੀ ਗੁਰੂ ਅਰਜਨ ਦੇਵ ਜੀ ਸਮੇਂ ਹੋਏ ਇਸ ਸੰਥਿਆਕਾਰ ਵਿਦਵਾਨ ਲਿਖਾਰੀ ਨੇ ਆਦਿ ਬੀੜ ਦਾ ਉਤਾਰਾ ਪਿਸ਼ਾਵਰ ਵਾਸੀ ਭਾਈ ਮਿਲਖੀ ਦੀ ਅਗਵਾਈ ਨਾਲ 1662 ਬਿ. (1605 ਈ.) ਵਿਚ ਕੀਤਾ ਸੀ: "ਸ੍ਰੀ ਵਾਹਿਗੁਰੂ ਸ੍ਰੀ ਵਾਹਿਗੁਰੂ ਜੀ ਸ੍ਰੀ ਗੁਰੂ ਜੀ ਕੇ ਹਜੂਰਿ ਗਰੰਥ ਸੰਪੂਰਣ ਹੋਇਆ ਲਿਖਿਆ ਭਾਈ ਬੂੜੇ ਸੰਧੂ ਪੰਜਵੀ ਪਾਤਸਾਹੀ ਦੇ ਹਜੂਰ ਲਿਖਵਾਇਆ ਭਾਈ ਮਿਲਖੀ ਪਸਉਰ ਦੇ ਵਾਸੀ ...ਭੁਲ ਚੁਕ ਬਖਸਣੀ ਸ੍ਰਿੀ ਵਾਹਿਗੁਰੂ... ਸਮਤ ੧੬੬੨ ਵਿਚ ਸੰਪੂਰਨ ਹੋਇਆ ਲਿਖਿਆ"।

1.10 ਭਾਈ ਬਿਧੀ ਚੰਦ: ਛੇਵੇਂ ਪਾਤਸ਼ਾਹ ਹਜੂਰ ਤਕ ਸਿਖ ਵਿਦਵਾਨਾਂ, ਸੰਥਿਆਕਾਰਾਂ ਅਤੇ ਲਿਖਾਰੀਆਂ ਦੀ ਬਕਾਇਦਾ ਇਕ ਜਮਾਤ ਪੈਦਾ ਹੋ ਗਈ ਸੀ। ਛੇਵੇਂ ਪਾਤਸ਼ਾਹ ਸਮੇਂ ਭਾਈ ਦਰਸਾ ਭੰਡਾਰੀ, ਮੀਆਂ ਜਮਾਲ, ਅਨੰਤਾ, ਕੁਕੋ, ਨਿਵਲਾ ਆਦਿ ਅਨੇਕ ਮੁਖੀ ਸਿਖਾਂ ਵਿਚੋਂ ਭਾਈ ਮਾਈਆ ਲੰਬੁ ਤਾਂ ਕੀਰਤਨ ਤੋਂ ਇਲਾਵਾ ਸੰਥਿਆ ਦੇ ਕਾਰਜ ਵਿਚ ਵਿਸ਼ੇਸ਼ ਨਿਪੁੰਨ ਸੀ (ਭਾ. ਗੁਰਦਾਸ 11/31, ਸਿਖਾਂ ਦੀ ਭਗਤਮਾਲਾ 112/125)। ਇਸ ਸਮੇਂ ਭਾਈ ਬਿਧੀ ਚੰਦ ਦਾ ਵਿਸ਼ੇਸ਼ ਨਾਂ ਲਿਆ ਜਾ ਸਕਦਾ ਹੈ। ਭਾਈ ਬਿਧੀ ਚੰਦ, ਜਿਹੜੇ ਕਿ ਖੁਦ ਇਕ ਵਡੇ ਗਿਆਨੀ ਤੇ ਚੰਗੇ ਲਿਖਾਰੀ ਅਤੇ ਸੰਥਿਆਕਾਰ ਸਨ, ਜਦੋਂ ਉਨ੍ਹਾਂ ਨੇ ਸੇਵਾ ਭਾਵਨਾ ਤਹਿਤ ਬਾਣੀ ਉਤਾਰੇ, ਸੈਂਚੀਆਂ ਦੇ ਰੂਪ ਵਿਚ ਕਰਨ ਦਾ ਮਨ ਬਣਾਇਆ ਤਾਂ ਇਸ ਸੇਵਾ ਲਈ 'ਲਿਖਨ ਹੇਤਿ' ਨਾਲ ਲਿਖਾਰੀ ਵੀ ਲਾਏ ਸਨ (ਗੁਰਬਿਲਾਸ ਪਾ. ੬, ਅਧਿ. 20)।

1.11 ਗੁਰਦਿਤਾ ਜਟੇਟਾ: ਪਟਿਆਲੇ ਵਿਖੇ ਟਿਕਾਣਾ ਭਾਈ ਰਾਮ ਕਿਸਨ ਵਿਚ 1710 ਬਿ. (1653 ਈ.) ਦੇ ਇਕ ਹਥ-ਲਿਖਤ ਸਰੂਪ ਵਿਚ ਇਸ ਵਿਦਵਾਨ ਸੰਥਿਆਕਾਰ ਲਿਖਾਰੀ ਦਾ ਜਿਕਰ ਆਉਂਦਾ ਹੈ ਅਤੇ ਵੇਰਵੇ ਤੋਂ ਪਤਾ ਲਗਦਾ ਹੈ ਕਿ ਇਹ ਸੰਥਿਆਕਾਰ ਅਤੇ ਲਿਖਾਰੀ 'ਗੁਰੂ ਹਰਿ ਰਾਇ ਜੀ ਕੀ ਸੰਗਤਿ ਕਾ ਸਦਕਾ' ਗੁਰੂ ਘਰ ਨਾਲ ਜੁੜਿਆ ਸੀ : "ਸਰਬਤ੍ਰ ਸੰਗਤਿ ਗੁਰੂ ਜੀ ਕੀ ਪਾਸੇ ਗੁਰਦਿਤੇ ਗੁਲਾਮ ਕਾ ਪੈਰੀ ਪਵਣਾ ਵਾਚਣਾ ਜੇਹੇ ਅਖਰ ਜਾਣਦੇ ਹਾ ਤੇਹੇ ਲਿਖੇ ਹੈਨਿ ਬਖਸਿ ਲੈਣਾ ਗੁਰੂ ਜੀ ... ਸੰਗਤਿ ਕਾ ਸਦਕਾ ਗੁਰੂ ਚਿਤਿ ਆਵੈ ਗੁਰਦਿਤਾ ਜਟੇਟਾ ਵਸਕੀਨ {ਵਸਨੀਕ} ਉਧੋ ਵਾਲੇ ਕਾ ... ਹਰਿ ਬਾਬਿ ਗੁਰੂ ਚਿਤਿ ਆਵੈ ਗਿਰੰਥੁ ਲਿਖਿਆ ਪਾਤਸਾਹੀ ਸ੍ਰੀ ਗੁਰੂ ਹਰਿ ਰਾਇ ਜੀ ਕੀ ਸੰਗਤਿ ਕਾ ਸਦਕਾ ਲਿਖਿਆ" (ਪਤਰਾ 720/ਅ)।

1.12 ਜੋਗਰਾਜ: ਸੰਮਤ 1724 (1667 ਈ.) ਦਾ ਇਕ ਸਰੂਪ ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਹਥ-ਲਿਖਤ ਸੈਕਸਨ ਵਿਚ (ਨੰ. 115338 ਉਤੇ) ਸੁਰਖਿਅਤ ਹੈ। ਇਹ ਗ੍ਰੰਥ ਹਜੂਰ ਸ੍ਰੀ ਗੁਰੂ ਹਰਿ ਰਾਇ ਜੀ ਸਤਵੇਂ ਪਾਤਸ਼ਾਹ ਦੇ ਸਮਕਾਲ ਵਿਚ ਭਾਈ ਜੋਗਰਾਜ ਨਾਂ ਦੇ ਲਿਖਾਰੀ ਦਾ ਲਿਖਿਆ ਹੋਇਆ ਹੈ, ਜਿਹੜਾ ਬੀੜ ਵਿਚ ਮਿਲਦੇ ਇਸ਼ਾਰੇ ਅਨੁਸਾਰ 'ਸਿਰਮੌਰ ਵਿਚ ਥਪਲੁ ਕੈ ਡੇਰੇ' ਦਾ ਰਹਿਣ ਵਾਲਾ ਸੀ, ਜਿਥੇ ਇਹ ਸੰਥਿਆ ਦੀ ਸੇਵਾ ਨਿਭਾਉਂਦਾ ਸੀ। 'ਥਪਲੁ' ਕੀਰਤਪੁਰ ਦੇ ਲਾਗੇ ਉਹ ਸਥਾਨ ਹੈ, ਜਿਥੇ ਛੇਵੇਂ ਪਾਤਸ਼ਾਹ ਜੋਤੀ-ਜੋਤਿ ਸਮਾਏ ਸਨ।

1.13 ਭਾਈ ਤੀਰਥ ਦਾਸ: ਲਾਹੌਰ ਵਾਸੀ ਇਹ ਸੰਥਿਆਕਾਰ ਲਿਖਾਰੀ, ਸੋਢੀ ਚੰਦ੍ਰ ਭਾਨ ਦਾ ਪੁਤਰ ਸੀ। 1984 ਤੋਂ ਪਹਿਲਾਂ ਸਿਖ ਰੈਫਰੈਂਸ ਲਇਬ੍ਰੇਰੀ ਵਿਚ ਉਪਲਬਧ ਇਕ ਗੁਰਬਾਣੀ ਬੀੜ (ਸੰਮਤੁ ੧੭੮੫) ਵਿਚ ਇਸ ਦਾ ਵੇਰਵਾ ਇਸ ਤਰ੍ਹਾਂ ਮਿਲਦਾ ਸੀ : "ਸੰਮਤ ੧੭੮੫... ਸ੍ਰੀ ਗਿਰੰਥ ਜੀ ਰਾਵੀ ਦੇ ਕਿਨਾਰੇ ਅਉਲੀਆਪੁਰ ਗਾਉ (ਲਿਖਿਆ)... ਲਿਖਤੰ ਤੀਰਥ ਦਾਸ ਸੋਢੀ ਪੁਤ੍ਰ ਚੰਦ੍ਰ ਭਾਨ ਸੋਢੀ ਕਾ ਵਤਨ ਲਹਉਰ..."। ਸਤਵੇਂ ਪਾਤਸ਼ਾਹ ਦੀ ਸਪੁਤਰੀ ਬੀਬੀ ਰੂਪ ਕੁਇਰ ਦਾ ਨਾਂ ਵੀ ਵਿਦਵਾਨ ਲਿਖਾਰੀਆਂ ਅਤੇ ਸੰਥਿਆਕਾਰ ਵਜੋਂ ਆਉਂਦਾ ਹੈ, ਜੋ ਬੜੇ ਪਿਆਰ ਸਹਿਤ ਬਾਣੀ ਪੜ੍ਹਦੇ ਅਤੇ ਪੜ੍ਹਾਉਂਦੇ ਸਨ।

1.14 ਭਾਈ ਰਾਮ ਰਾਇ: ਇਹ ਨੌਵੇਂ ਪਾਤਸ਼ਾਹ ਦੇ ਹਜੂਰੀ ਗੁਰਸਿਖਾਂ ਵਿਚੋਂ ਇਕ ਸੀ, ਇਸ ਨੇ ਸੰਥਿਆ ਦੇ ਨਾਲ ਨਾਲ ਹਥ ਨਾਲ ਗੁਰਬਾਣੀ ਦੇ ਉਤਾਰੇ ਵੀ ਕੀਤੇ। ਇਕ ਹਥ-ਲਿਖਤ ਵਿਚ ਮਿਲਦੇ ਵੇਰਵੇ ਅਨੁਸਾਰ "ਲਿਖਤੰ ਗੁਲਾਮ ਖਾਨੇਜਾਦ ਸੰਗਤ ਕਾ ਕੀਟ ਜੰਤ ਉਤਮ ਚੰਦ ਸੁਨਿਆਰ ਕਾ ਬੇਟਾ ਰਾਮ ਰਾਇ ਸਿਖ ਫਕੀਰ ਗੁਰੂ ਪੂਰੇ ਕਾ"। ਪਟਨੇ ਤੋਂ ਕਾਮਰੂਪ (ਅਸਾਮ) ਜਾਣ ਸਮੇਂ ਇਸ ਸਿਖ ਨੇ ਗੁਰੂ ਜੀ ਦੇ ਪਰਿਵਾਰ ਦੀ ਸਾਂਭ-ਸੰਭਾਲ ਕੀਤੀ ਸੀ, ਅਤੇ ਸਥਾਨਕ ਜਗਿਆਸੂਆਂ ਨੂੰ ਬਾਣੀ ਸੰਥਿਆ ਦੇਣ ਦੀ ਸੇਵਾ ਵੀ ਕੀਤੀ ਸੀ। ਗੁਰੂ ਤੇਗ ਬਹਾਦਰ ਜੀ ਦੇ ਕਈ ਹੁਕਮਨਾਮਿਆਂ ਵਿਚ ਇਸ ਦਾ ਨਾਂ ਵਰਤਿਆ ਗਿਆ ਹੈ, ਜਿਵੇਂ: "ਗੁਰੂ ਸਤਿ ਭਾਈ ਦਿਆਲ ਦਾਸ ਭਾਈ ਰਾਮ ਰਾਇ ਭਾਈ ਦਰਬਾਰੀ...ਸਰਬਤਿ ਸੰਗਤਿ ਪਟਨੇ ਕੀ...ਕਬੀਲਾ ਹਮੋ ਪਟਣੈ ਮੋ ਛੋਡਾ ਹੈ...ਤਿਨ ਸੇਵਾ..."।

1.15 ਭਾਈ ਫਤਹਿ ਚੰਦ: ਇਹ ਗੁਰਮੁਖਿ ਵੀ ਹਜੂਰ ਪਾਤਸ਼ਾਹ ਗੁਰੂ ਤੇਗ ਬਹਾਦਰ ਜੀ ਦੇ ਸਿਖਾਂ ਵਿਚੋਂ ਇਕ ਸੀ, ਜੋ ਗੁਰਬਾਣੀ ਸੰਥਿਆ ਬੜੇ ਚਾਅ ਤੇ ਉਤਸ਼ਾਹ ਵਿਚ ਕਰਵਾਉਂਦਾ ਸੀ। ਇਸ ਨੇ ਗੁਰਬਾਣੀ ਦੇ ਉਤਾਰੇ ਵੀ ਕੀਤੇ। ਭਾਈ ਰਾਮ ਰਾਇ ਲਿਖਿਤ ਬੀੜ (ਸੰਮਤ ੧੭੪੯/1682 ਈ.) ਦੇ ਅੰਤ ਉਤੇ ਇਸ ਦਾ ਜ਼ਿਕਰ ਇਉਂ ਮਿਲਦਾ ਹੈ: "ਏਹੁ ਗਿਰੰਥ ਫਤੇ ਚੰਦ ਕੇ ਗਿਰੰਥ ਕਾ ਨਕਲੁ ਫਤੇ ਚੰਦ ਕਾ ਗਿਰੰਥ ਪੁਹਕਰ ਨੇ ਗਿਰੰਥ ਕਾ ਨਕਲੁ ਪੁਹਕਰ ਕਾ ਗਿਰੰਥ ਵਡੇ ਗ੍ਰੰਥ ਨਾਲਿ ਸੋਧਿਆ ਹੈ ਪੰਜਵੇ ਮਹਲ ਗੁਰਦਾਸ ...ਪਾਸਹੁੰ ਲਿਖਵਾਇਆ ਸੀ ਜੋ..."। ਗੁਰੂ ਜੀ ਦੇ ਹੁਕਮਨਾਮਿਆਂ ਵਿਚ ਵੀ ਇਸ ਦਾ ਜ਼ਿਕਰ ਮਿਲਦਾ ਹੈ।

1.16 ਭਾਈ ਹਰਿ ਦਾਸ: ਇਹ ਦਸਵੇਂ ਪਾਤਸ਼ਾਹ ਹਜੂਰ ਦੇ ਦਰਬਾਰ ਦਾ ਹਜੂਰੀ ਸੰਥਿਆਕਾਰ ਅਤੇ ਲਿਖਾਰੀ ਸੀ। ਇਸ ਦੀ ਮੁਖ ਸੇਵਾ ਹੀ ਗੁਰਬਾਣੀ ਲਿਖਣ ਅਤੇ ਸੰਥਿਆ ਦੇਣ ਦੀ ਸੀ। ਇਸ ਦੁਆਰਾ ਕੀਤੇ ਉਤਾਰਿਆਂ ਵਿਚ ਇਕ ਬੀੜ (ਸਿਖ ਰੈਫਰੈਂਸ ਲਾਇਬ੍ਰੇਰੀ ਦੇ ਐਕਸੈਸ਼ਨ ਨੰ. ੫੧੧) ਦਰਬਾਰ ਸਾਹਿਬ ਉਪਰ 1984 ਵਿਚ ਦੁਸ਼ਮਣ ਦੇ ਹਮਲੇ ਸਮੇਂ

ਹਮੇਸ਼ਾ ਲਈ ਖਤਮ ਹੋ ਗਈ। ਪ੍ਰਾਪਤ ਇਬਾਰਤ ਇਸ ਤਰ੍ਹਾਂ ਹੈ : "ਗਿਰੰਥ ਸੰਪੂਰਨ ਹੋਆ ਲਿਖਿਆ ਹਰਿ ਦਾਸ ਲਿਖਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਿਖਾਰੀ ਲਿਖਿਆ ਹੈ"।

1.17 ਭਾਈ ਜਗਾ: ਸੈਂਟਰਲ ਪਬਲਿਕ ਲਾਇਬ੍ਰੇਰੀ, ਪਟਿਆਲਾ ਐਕਸੈਸ਼ਨ ਨੰ. 1904 ਵਿਚ, ਇਕ (ਗੁਰਬਾਣੀ) ਪੋਥੀ, ਜੋ ਦਸਮੇਸ਼ ਪਾਤਸ਼ਾਹ ਹਜ਼ੂਰ ਜੀ ਦੀ ਸਮਕਾਲੀ ਹੈ, ਅਨੁਸਾਰ: "ਭੁਲਿਆ ਚੁਕਿਆ ਨੇ ਬਕਸ ਲਈ ਮੇਰੇ ਦੀਨ ਦਯਾਲ... ਸੰਮਤ ੧੭੬੨ ਭਾਦੋ ਸੁਦੀ ਏਕਮ ਪੋਥੀ ਗੁਰਮੁਖੀ ਲਿਖੀ ਜਗੈ ਪਾਂਧੇ ਸਾਕਰ ਕੇ, ਸੋ ਸਿਖ ਨੂੰ ਲਿਖ ਦਿਤੀ, ਗੁਰੂ [ਨਾਨਕ] ਕਾ ਜਪੁ ਪਰਮਾਰਥ ਨਾਲਿ।" ਇਸ ਹਵਾਲੇ ਤੋਂ ਭਾਈ ਜਗੇ ਦਾ ਟੀਕਾਕਾਰ ਹੋਣਾ ਵੀ ਸਿਧ ਹੁੰਦਾ ਹੈ। ਉਤਾਰਾਕਾਰ ਸੰਥਿਆ ਵੀ ਦਿੰਦਾ ਹੋਵੇਗਾ, ਇਹ ਤਤਕਾਲ ਤੋਂ ਸਪਸ਼ਟ ਹੈ।

1.18 ਦਸਮ ਪਾਤਿਸ਼ਾਹ ਦੇ ਸਮੇਂ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਪਉਂਟਾ ਸਾਹਿਬ ਉਪਰੰਤ ਜ਼ਿਕਰ ਯੋਗ ਵਿਦਿਆ ਦੀ ਟਕਸਾਲ ਦਮਦਮਾ ਸਾਹਿਬ ਬਣਦੀ ਹੈ। ਇਸ ਸਮੇਂ ਸ੍ਰੀ ਅੰਮ੍ਰਿਤਸਰ ਅਤੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਇਤਿਹਾਸਕ ਹਾਲਾਤ ਬਹੁਤੇ ਠੀਕ ਨਾ ਰਹੇ ਹੋਣ ਕਾਰਨ, ਬਹੁਤ ਸਾਰੇ ਵਿਦਵਾਨ ਦਮਦਮਾ ਸਾਹਿਬ ਆ ਗਏ ਸਨ। ਤਲਵੰਡੀ ਸਾਬੋ੍ ਦਮਦਮਾ ਸਾਹਿਬ ਵਿਖੇ ਗੁਰੂ ਗੋਬਿੰਦ ਸਿੰਘ ਜੀ "ਮਾਘ ਮਾਸੇ ਸੁਦੀ ਚੌਦਸ ਵੀਰਵਾਰ ਕੇ ਦਿਹੁੰ...[17 ਜਨਵਰੀ 1706 ਈ.]" ਪਹੁੰਚੇ ਸਨ ਅਤੇ "ਸੰਮਤ ਸਤਾਰਾ ਸੈ ਤ੍ਰੈਸਠ ਮਾਹ ਕਾਰਤਕ ਸੁਦੀ ਪੰਚਮੀ...[30 ਅਕਤੂਬਰ, 1706 ਈ.]" ਨੂੰ ਓਥੋਂ ਰਵਾਨਾ ਹੋਏ ਸਨ। ਇਸ ਸਮੇਂ ਦੌਰਾਨ ਸਾਬੋ੍ ਕੀ ਤਲਵੰਡੀ (ਹੁਣ ਬਠਿੰਡਾ, ਪੰਜਾਬ) ਵਿਖੇ ਗੁਰੂ ਜੀ ਨੇ ਨੌਵੇਂ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਦੀ ਬਾਣੀ ਆਦਿ ਬੀੜ ਵਿਚ, ਸ਼ਹੀਦ ਭਾਈ ਮਨੀ ਸਿੰਘ ਜੀ ਤੋਂ ਸ਼ਾਮਿਲ ਕਰਵਾ ਕੇ ਸ੍ਰੀ ਗ੍ਰੰਥ ਸਾਹਿਬ ਨੂੰ ਸੰਪੂਰਨਤਾ ਬਖਸ਼ੀ। ਸਿਖ ਪਰੰਪਰਾ ਤੇ ਇਤਿਹਾਸ ਵਿਚ ਇਥੇ ਵਾਧਾ ਕੀਤੇ ਗ੍ਰੰਥ ਨੂੰ 'ਦਮਦਮੇ ਵਾਲੀ ਬੀੜ' ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ। ਇਥੇ ਸੰਪੂਰਨ ਕੀਤੇ ਸਰੂਪ ਨੂੰ ਹੀ ਬਾਅਦ ਵਿਚ ਨੰਦੇੜ ਵਿਖੇ ਗੁਰਿਆਈ ਬਖਸ਼ੀ ਗਈ।

1.19 ਸ੍ਰੀ ਦਮਦਮਾ ਸਾਹਿਬ ਵਿਖੇ ਦਸਮ ਪਿਤਾ ਗੁਰੂ ਕਲਗੀਧਰ ਜੀ ਨੇ ਗੁਰਬਾਣੀ ਕਥਾ, ਅਧਿਐਨ, ਸੰਥਿਆ, ਉਤਾਰਿਆਂ ਆਦਿ ਦੀ ਇਕ ਵਿਧੀਵਤ ਪਰੰਪਰਾ ਦਾ ਅਗਾਜ ਕੀਤਾ ਅਤੇ ਇਸ ਖੇਤਰ ਵਿਚ ਗੁਰੂ ਜੀ ਤੋਂ ਵਰੋਸਾਏ ਦੋ ਗੁਰਮੁਖਾਂ- ਸ਼ਹੀਦ ਭਾਈ ਮਨੀ ਸਿੰਘ ਅਤੇ ਸ਼ਹੀਦ ਬਾਬਾ ਦੀਪ ਸਿੰਘ ਜੀ ਦਾ ਇਸ ਖੇਤਰ ਵਿਚਲਾ ਯੋਗਦਾਨ ਅਦੁਤੀ ਹੈ। ਇਨ੍ਹਾਂ ਦੋ ਗੁਰਮੁਖਾਂ ਦੀ ਘਾਲ-ਕਮਾਈ ਰਾਹੀਂ ਹੋਂਦ ਵਿਚ ਆਈਆਂ ਗੁਰਬਾਣੀ ਟਕਸਾਲਾਂ ਨੇ ਗੁਰਬਾਣੀ ਸੰਥਿਆ ਦੇ ਖੇਤਰ ਵਿਚ ਲਾ-ਮਿਸਾਲ ਯੋਗਦਾਨ ਪਾਇਆ। ਜਿਕਰਯੋਗ ਹੈ ਕਿ ਜਿਥੇ ਕਈ ਸੰਪਰਦਾਵਾਂ, ਸੰਸਥਾਵਾਂ ਦੇ ਗੁਰਦੁਆਰਾ ਸਾਹਿਬਾਨ ਵਿਚ ਗੁਰਬਾਣੀ ਸੰਥਿਆ ਸੰਬੰਧੀ ਕਾਰਜ ਬਹੁਤ ਮਧਮ ਪੈ ਚੁਕੇ ਹਨ, ਉਥੇ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਜੀ ਦੀਆਂ ਗੁਰਬਾਣੀ ਅਰਥ ਟਕਸਾਲਾਂ ਵਿਚੋਂ ਸੁ-ਸਿਖਿਅਤ ਹੋਏ, ਸੰਪਰਦਾਈ ਗਿਆਨੀਆਂ ਦੇ ਡੇਰਿਆਂ/ ਗੁਰੂ-ਘਰਾਂ ਵਿਚ ਗੁਰਬਾਣੀ ਸੰਥਿਆ ਦੀ ਪਰੰਪਰਾ ਹਾਲੇ ਵੀ ਜਿਵੇਂ-ਕਿਵੇਂ ਕਾਇਮ ਹੈ, ਭਾਵੇਂ ਓਥੇ ਵੀ ਪਹਿਲਾਂ ਵਾਲਾ ਮਾਹੌਲ ਨਹੀਂ ਰਿਹਾ। ਦਮਦਮਾ ਸਾਹਿਬ ਵਿਖੇ ਸਮੁਚੇ ਕਾਰਜ ਦੀ ਦੇਖ-ਰੇਖ ਸ਼ਹੀਦ ਭਾਈ ਮਨੀ ਸਿੰਘ ਅਤੇ ਬਾਬਾ ਦੀਪ ਸਿੰਘ ਦੀ ਨਿਗਰਾਨੀ ਹੇਠ ਕੀਤੀ ਗਈ। ਇਸੇ ਸਮੇਂ ਤੋਂ ਹੀ ਦਮਦਮਾ ਸਾਹਿਬ ਵਿਖੇ ਗੁਰਮੁਖੀ/ ਗੁਰਬਾਣੀ ਵਿਦਿਆ ਦਾ ਮੁਢ ਬੰਨ੍ਹਿਆ ਗਿਆ, ਜਿਸ ਨੇ ਸਿਖ ਵਿਦਵਤਾ ਵਿਚ, ਪਹਿਲਾਂ ਕੀਤੇ ਇਸ਼ਾਰੇ ਮੁਤਾਬਿਕ, ਜਿਕਰਯੋਗ ਹਾਜ਼ਰੀ ਲਵਾਈ;

ਸਥਾਨ ਦੀ ਸੀਮਾ ਕਾਰਨ ਇਥੇ ਸਿਰਫ ਇਕ ਵੰਨਗੀ ਦੇਣੀ ਹੀ ਕਾਫੀ ਹੈ: ਡੇਰਾ ਬਾਬਾ ਪੂਰਨ ਦਾਸ, ਪਿੰਡ ਲਹਿਰੀ, ਤਹਿ. ਤਲਵੰਡੀ ਸਾਬੋ, ਜਿਲ੍ਹਾ ਬਠਿੰਡਾ ਵਿਖੇ ਸੁਰਖਿਅਤ ਇਕ ਹਥ-ਲਿਖਤ ਗੁਰਬਾਣੀ ਸਰੂਪ (1922 ਬਿ./1865 ਈ.) ਵਿਚ ਮਿਲਦੇ ਵੇਰਵੇ "ਸੰਬਤ ੧੯੨੨ ਮਿਤੀ ਚੇਤ ਬਦੀ ੧ ਮੰਗਲਵਾਰਾ ਦਸਖਤ ਟਹਿਲ ਦਾਸ ਖਟ ਦਰਸਨ ਕਾ ਟਹਿਲੂਆ ਸਭ ਸੰਤਨ ਕਾ ਗੁਲਾਮੁ। ਸੰਤ ਹੈ ਭਾਈ ਫੇਰੂ ਕਾ। ਜਿਲਾ ਵਠੰਡੇ ਸਹਿਰ ਕਾ ਲਹਿਰੀ ਗਾਮੁ" ...ਤੋਂ ਸਪਸ਼ਟ ਹੁੰਦਾ ਹੈ ਕਿ ਇਥੇ ਬਹੁਤ ਬਾਅਦ ਤਕ ਗੁਰਬਾਣੀ ਸੰਥਿਆ/ ਅਧਿਐਨ ਦਾ ਕਾਰਜ ਚਲਦਾ ਰਿਹਾ ਸੀ। ਪਿੰਡ ਲਹਿਰੀ, ਵਰਤਮਾਨ ਬਠਿੰਡਾ-ਸਰਦੂਲਗੜ੍ਹ ਸੜਕ ਤੋਂ 15-6 ਕਿ.ਮੀ. ਪਾਸੇ, ਤਲਵੰਡੀ ਸਾਬੋ ਤੋਂ 10-ਕੁ ਕਿ.ਮੀ. ਵਾਕਿਆ ਹੈ। ਤਲਵੰਡੀ ਸਾਬੋ (ਦਮਦਮਾ ਸਾਹਿਬ) ਵਿਖੇ ਦਸਮ ਪਾਤਸ਼ਾਹ ਹਜ਼ੂਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਆਪਣੇ ਠਹਿਰਾਉ ਸਮੇਂ ਕੋਟ ਸ਼ਮੀਰ ਆਏ ਸਨ। ਉਦਾਸੀ ਸਾਧੂ ਬਾਬਾ ਕਾਹਨ ਦਾਸ ਜੀ ਨੇ, 1858 ਈ. ਨੂੰ ਗੁਰੂ ਜੀ ਦੀ ਯਾਦ ਵਿਚ ਇਥੇ ਧਰਮਸ਼ਾਲ ਬਣਵਾਈ, ਜਿਨ੍ਹਾਂ ਦੇ ਸ਼ਿਸ਼ ਭਾਈ ਟਹਿਲ ਦਾਸ, ਉਪਰ ਵਰਣਿਤ ਹਥ-ਲਿਖਤ ਦਾ ਲਿਖਾਰੀ, ਸਥਾਨਕ ਪਰੰਪਰਾ ਅਨੁਸਾਰ (ਕੋਟ ਸ਼ਮੀਰ ਦੇ ਲਾਗਲੇ) ਪਿੰਡ ਲਹਿਰੀ ਤੋਂ ਹਰ-ਰੋਜ਼, ਸਿਖ ਵਿਦਿਆ ਦੀ ਟਕਸਾਲ ਦਮਦਮਾ ਸਾਹਿਬ ਪਹੁੰਚ ਕੇ, ਦਮਦਮੀ ਸਰੂਪ ਦਾ ਉਤਾਰਾ ਕਰਦਾ ਅਤੇ ਸੰਥਿਆ ਦੀ ਸੇਵਾ ਕਰਦਾ ਸੀ, ਅਜਿਹਾ ਕਰਦਿਆਂ ਉਸ ਨੂੰ ਕਰੀਬਨ ਤਿੰਨ-ਸਾਢੇ-ਤਿੰਨ ਸਾਲ ਦਾ ਸਮਾਂ ਲਗਦਾ ਸੀ। ਦਮਦਮਾ ਸਾਹਿਬ ਵਿਖੇ ਗੁਰਮੁਖੀ/ ਗੁਰਬਾਣੀ ਵਿਦਿਆ ਦੀ ਯਾਦ ਵਿਚ ਗੁਰਦੁਆਰਾ ਲਿਖਣਸਰ ਸਾਹਿਬ ਕਾਇਮ ਹੈ।

1.20 ਦਸਮ ਪਾਤਿਸ਼ਾਹ ਹਜ਼ੂਰ ਤੋਂ ਬਾਅਦ ਲਗਪਗ ਇਕ ਸਦੀ (ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਅਗਵਾਈ ਵਿਚ ਖਾਲਸਾ ਰਾਜ ਦੀ ਕਾਇਮੀ) ਤਕ ਪੰਜਾਬ ਇਕ ਅਤਿ ਪੀੜਾ ਦੇ ਦੌਰ ਵਿਚਦੀ ਗੁਜਰਿਆ। ਇਸ ਸਮੇਂ ਉਦਾਸੀ, ਨਿਰਮਲ, ਸੇਵਾ ਪੰਥੀ ਆਦਿ ਸਾਧੂਆਂ ਨੇ ਵਿਸ਼ੇਸ਼ ਰੂਪ ਵਿਚ ਅਤੇ ਵਿਅਕਤੀਗਤ ਰੂਪ ਵਿਚ ਅਨੇਕ ਗੁਰਮੁਖਾਂ ਨੇ ਗੁਰਮੁਖੀ, ਗੁਰਬਾਣੀ ਸੰਥਿਆ/ਸਿਖੀ ਦੀ ਜੋਤਿ ਨੂੰ ਕਿਵੇਂ ਨਾ ਕਿਵੇਂ ਜਗਾਈ ਰਖਿਆ। ਝਖੜਾਂ ਦੇ ਵਾ-ਵਰੋਲਿਆਂ ਚੜ੍ਹੇ ਸ਼ਹੀਦਾਂ ਦੇ ਜਥੇ ਵੀ ਮੌਕਾ ਮਿਲਦੇ ਹੀ ਨ੍ਹੇਰੇ- ਸਵੇਰੇ ਸਾਂਝੇ ਰੂਪ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡ ਪਾਠ ਕਰਦੇ ਰਹਿੰਦੇ। ਇਹ (ਅਖੰਡ) ਪਾਠ ਕੇਵਲ ਅਕੀਦਤ ਦੀ ਭੇਟਾ ਹੀ ਨਹੀਂ ਸਨ, ਬਲਕਿ ਹਾਲਾਤ ਦੇ ਹਵਾਲੇ ਵਿਚ 'ਪਾਠ ਬੋਧ ਸਮਾਗਮ' ਵੀ ਸਨ।

1.21 ਦਸਵੇਂ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਗੁਰੂ ਪੰਥ ਜਿਥੇ ਆਪਣੀ ਸੰਪੂਰਨਤਾ ਹਾਸਿਲ ਕਰ ਗਿਆ ਸੀ, ਉਥੇ ਇਸ ਦਾ ਵਿਸਤਾਰ ਅਨਿਕ ਦਿਸ਼ਾਵਾਂ ਤੇ ਸੰਸਥਾਵਾਂ ਵਿਚ ਹੋ ਗਿਆ ਸੀ। ਗੁਰੂ ਜੀ ਤੋਂ ਆਸ਼ੀਰਵਾਦ ਪ੍ਰਾਪਤ 'ਸਿਖ ਵਿਦਵਤਾ ਦੀ ਨਿਰਮਲ ਟਕਸਾਲ' ਤੇ ਭਾਈ ਘਨ੍ਹਈਆ ਜੀ ਦੀ ਪਾਰਸ ਛੋਹ ਰਾਹੀਂ 'ਸੇਵਾ ਪੰਥ' ਦੇ ਗੁਰਬਾਣੀ ਸੰਥਿਆ ਵਿਚ ਪਾਏ ਯੋਗਦਾਨ ਨੂੰ ਮੁਲੰਕਣ/ਉਲੀਕਣ ਲਈ ਸੁਤੰਤਰ ਪੁਸਤਕਾਂ ਦੀ ਜ਼ਰੂਰਤ ਹੈ। ਜਿਕਰਯੋਗ ਹੈ ਕਿ ਅਠਾਰਵੀਂ-ਉਨੀਵੀਂ ਸਦੀ ਦੇ ਬਿਖੜੇ ਦੌਰ ਵਿਚ ਉਦਾਸੀ, ਨਿਰਮਲ, ਸੇਵਾ ਪੰਥੀ ਆਦਿ ਸਿਖ ਸੰਪਰਦਾਵਾਂ ਦੇ ਪ੍ਰਚਾਰ/ਪ੍ਰਸਾਰ ਦੀ ਬਦੌਲਤ ਹੀ ਗੁਰਬਾਣੀ ਦਾ ਚਾਨਣ ਦੇਸ਼-ਵਿਦੇਸ਼ ਦੂਰ-ਦੁਰਾਡੇ ਇਲਾਕਿਆਂ ਵਿਚ ਪਹੁੰਚਿਆ ਸੀ। 1850 ਈ. ਦੇ ਕਰੀਬ ਇਕ ਉਦਾਸੀ ਸਾਧੂ, ਰਾਮ ਦਾਸ ਨੇ ਰੂਸ ਦੀ ਰਾਜਧਾਨੀ ਪੀਟਰਜ਼ਬਰਗ (ਲੈਨਨਗਰਾਡ) ਵਿਚ ਧਰਮਸ਼ਾਲਾ ਬਣਾਈ

ਤੇ ਇਸੇ ਦੇ ਗੁਰਭਾਈ ਕਿਸੇ ਹੋਰ ਸਾਧੂ ਨੇ ਬਾਕੂ ਸ਼ਹਿਰ ਵਿਚ ਜਾ ਡੇਰਾ ਲਾਇਆ ਸੀ। ਇਸ ਗੁਰਮੁਖੀ ਧਰਮਸ਼ਾਲਾ ਦੀ ਹੋਂਦ 1975 ਤਕ ਬਣੀ ਰਹੀ ਹੈ। ਬਨਾਰਸ ਦੇ ਰਹਿਣ ਵਾਲੇ ਪ੍ਰਕਾਂਡ ਉਦਾਸੀ ਵਿਦਵਾਨ ਤ੍ਰਿਪਟਿਕਾਚਾਰੀਆ ਦੇ ਸ਼ਬਦਾਂ ਰਾਹੀਂ "ਬਿਹਾਰ ਦੇ ਲਖਾਂ ਪੜ੍ਹੇ ਤੇ ਅਨਪੜ੍ਹ ਲੋਕਾਂ ਦਿਆਂ ਦਿਲਾਂ ਤੇ ਦਿਮਾਗਾਂ ਉਤੇ ਨਾਨਕ ਨਾਂ ਦੀ ਏਨੀ ਪਕੀ ਮੁਹਰ ਲਗੀ ਹੋਈ ਹੈ ਤਾਂ... ਇਸ ਦੇ ਪਿਛੇ ਉਦਾਸੀ ਸਾਧੂਆਂ ਦੀ ਕਰੜੀ ਘਾਲ ਕਾਰਜਸ਼ੀਲ ਸੀ" (ਪ੍ਰੋ. ਪ੍ਰੀਤਮ ਸਿੰਘ, *ਦਸਵਾਂ ਗੁਰੂ ਨਾਨਕ ਤੇ ਹੋਰ ਲੇਖ,* ਅੰਮ੍ਰਿਤਸਰ 1999, ਪੰਨਾ 135)।

1.22 ਨਿਰਮਲ ਸੰਪ੍ਰਦਾਇ ਸਮੇਂ ਨਾਲ ਅਗੋਂ 30 ਦੇ ਕਰੀਬ ਉਪ ਸ਼ਾਖਾਵਾਂ ਵਿਚ ਵੰਡਿਆ ਗਿਆ। ਸਮੇਂ ਨਾਲ ਇਨ੍ਹਾਂ ਉਪ ਸ਼ਾਖਾਵਾਂ ਵਿਚ ਰਹਿਣ-ਸਹਿਣ ਦੇ ਭਾਵੇਂ ਕਾਫੀ ਫਰਕ ਆ ਗਏ, ਪਰ ਇਨ੍ਹਾਂ ਦੁਆਰਾ ਕੀਤੇ ਜਾਣ ਵਾਲੇ ਕਾਰਜਾਂ, ਜਿਵੇਂ ਗੁਰਮੁਖੀ ਦੀ ਸਿਖਲਾਈ, ਗੁਰਬਾਣੀ ਸੰਥਿਆ, ਗੁਰਬਾਣੀ ਦੇ ਉਤਾਰੇ, ਲਗਪਗ ਹਰੇਕ ਸ਼ਾਖਾ; ਉਪਸ਼ਾਖਾ ਵਿਚ ਨਿਰੰਤਰ ਚਲਦੇ ਰਹੇ, ਉਦਾਹਰਨ ਲਈ ਖਡੂਰ ਸਾਹਿਬ ਨਿਰਮਲ ਸੰਪ੍ਰਦਾਇ ਦੇ ਉਘੇ ਸਾਧੂ ਭਾਈ ਰੂਪੇ ਵਾਲੇ ਭਾਈ (ਪੰਡਿਤ) ਦੇਵਾ ਸਿੰਘ, ਗੁਰਮੁਖੀ ਦੇ ਪ੍ਰਸਿਧ ਲਿਖਾਰੀ ਤੇ ਗੁਰਬਾਣੀ ਦੇ ਰਾਗੀ ਸਨ। ਇਨ੍ਹਾਂ ਦਾ ਵਧੇਰੇ ਸਮਾਂ ਭਾਈ ਰੂਪਾ 'ਡੇਰਾ ਖੂਹਾਂ ਵਾਲਾ' ਵਿਚ ਬੀਤਿਆ, ਜਿਸ ਨੂੰ ਬਾਬਾ ਨੋਧ ਸਿੰਘ ਨੇ ਕਾਇਮ ਕੀਤਾ ਸੀ। ਡੇਰੇ ਵਿਚ ਬਾਬਾ ਨੋਧ ਸਿੰਘ ਨੇ ਦਮਦਮੀ ਸ਼ੈਲੀ ਵਾਲੀ ਗੁਰਮੁਖੀ ਲਿਖਾਈ ਦੀ ਸਿਖਲਾਈ ਦਾ ਵਿਸ਼ੇਸ਼ ਪ੍ਰਬੰਧ ਕਰ ਕੇ ਇਕ ਟਕਸਾਲ ਤੋਰੀ ਸੀ, ਜਿਸ ਤਹਿਤ ਗੁਰਬਾਣੀ ਸੰਥਿਆ, ਗੁਰਬਾਣੀ ਦੇ ਉਤਾਰੇ ਤੇ ਗੁਰਮੁਖੀ ਵਿਦਿਆ (ਲਿਪੀ) ਦੀ ਸਿਖਲਾਈ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ। ਬਾਬਾ ਨੋਧ ਸਿੰਘ ਦੇ ਲਗਪਗ ਸਾਰੇ ਉਤਰਾਧਿਕਾਰੀ (ਭਾਈ ਲਹਿਣਾ ਸਿੰਘ, ਮਾਹਣਾ ਸਿੰਘ, ਦੇਵਾ ਸਿੰਘ ਤੇ ਅਗੋਂ ਸੰਤ ਗੁਰਮੁਖ ਸਿੰਘ) ਗੁਰਬਾਣੀ ਸੰਥਿਆ ਦੇਣ ਵਾਲੇ ਪ੍ਰਪਕ ਗੁਰਮੁਖਿ ਸਨ (ਗਿ. ਬਲਵੰਤ ਸਿੰਘ ਕੋਠਾ ਗੁਰੂ, ਜੀ ਨੇ ਇਨ੍ਹਾਂ ਗੁਰਮੁਖਾਂ ਦੇ ਵੇਰਵੇ ਵਿਸਤਾਰ ਨਾਲ ਦਿਤੇ ਹਨ: *ਨਿਰਮਲ ਪੰਥ ਬੋਧ*)। ਗੁਰਬਾਣੀ ਸੰਥਿਆਕਾਰਾਂ, ਅਧਿਐਨਕਾਰਾਂ, ਲਿਖਾਰੀਆਂ ਆਦਿ ਵਿਚ ਭਾਵੇਂ ਹਰੇਕ ਜਾਤੀ ਦੇ ਲੋਕ ਸਨ, ਪਰ ਬਹੁਤੀ ਸੇਵਾ 'ਨੀਵੇਂ' ਕਹੇ ਜਾਂਦੇ ਲੋਕਾਂ ਨੇ ਹੀ ਕੀਤੀ, ਇਕ ਉਦਾਹਰਨ ਵਜੋਂ ਸਿਖ ਰੈਫਰੈਂਸ ਲਾਇਬ੍ਰੇਰੀ ਸ੍ਰੀ ਅੰਮ੍ਰਿਤਸਰ ਦੀ ਹਥ ਲਿਖਤ ਬੀੜ (19/36) ਅਨੁਸਾਰ "ਸੰਮਤ੧੭੯੦ ਵਰਖੇ ਮਾਹੋ ਕਤਿਕ ਇਕਾਦਸੀ ਸੁਦੀ ਮੰਗਲਵਾਰੁ ਜੋਗ ਗਿਰੰਥ ਲਿਖਿਆ।...ਲਿਖਤੰ ਕੇਹਰ ਰਵਿਦਾਸੀਏ..." (ਇਹ ਲਿਖਤ '84 ਦੇ ਘਲੂਘਾਰੇ ਦੀ ਭੇਟ ਚੜ੍ਹ ਚੁਕੀ ਹੈ)।

1.23 ਮਿਸਲ-ਕਾਲ ਤੇ ਰਣਜੀਤ-ਕਾਲ ਵਿਚ, ਪਹਿਲਾਂ ਵਰਣਿਤ ਸਿਖ ਸੰਪਰਦਾਵਾਂ, ਸਾਧੂਆਂ ਜਾਂ ਟਕਸਾਲਾਂ ਨੇ ਗੁਰਮੁਖੀ ਵਿਦਿਆ ਤੇ ਗੁਰਬਾਣੀ ਸੰਥਿਆ ਵਿਚ ਭਰਪੂਰ ਯੋਗਦਾਨ ਪਾਇਆ। ਪ੍ਰਿੰ. ਧਰਮਾਨੰਤ ਸਿੰਘ ਅਨੁਸਾਰ "ਉਦਾਸੀ ਅਤੇ ਨਿਰਮਲ ਸੰਤਾਂ ਦੇ ਅਖਾੜੇ ਇਕ ਪ੍ਰਕਾਰ ਦੇ ਵਿਸ਼ਵ ਵਿਦਿਆਲੇ ਸਨ" (*ਵੈਦਿਕ ਗੁਰਮਤਿ,* 1965, ਪੰਨਾ 227)। ਸੰਪਰਦਾਵਾਂ ਦੇ ਸਾਧੂਆਂ ਦੁਆਰਾ ਨਿਰਮਾਣ ਕੀਤੀਆਂ ਧਰਮਸ਼ਾਲਾਵਾਂ ਵਿਚ ਹੋਰ ਕਾਰਜਾਂ ਸਮੇਤ ਮੁਖ ਕਾਰਜ ਸੀ- ਗੁਰਬਾਣੀ ਸੰਥਿਆ ਦੇਣੀ, ਜਿਸ ਤਹਿਤ ਗੁਰਮੁਖੀ ਦੀ ਸਿਖਲਾਈ ਪ੍ਰਮੁਖ ਸੀ। ਆਏ-ਗਏ ਅਤਿਥੀ ਲਈ ਰਿਹਾਇਸ਼, ਲੰਗਰ ਅਤੇ ਸਰੀਰਕ ਰੋਗਾਂ ਲਈ ਦੇਸੀ ਦਵਾ-ਦਾਰੂ ਦਾ ਵੀ ਪ੍ਰਬੰਧ ਹੁੰਦਾ ਸੀ। ਇਸ ਦੇ ਨਾਲ-ਨਾਲ ਗੁਰਬਾਣੀ ਦੇ ਪ੍ਰਚਾਰ-ਪ੍ਰਸਾਰ ਲਈ ਬਾਣੀ ਦੇ ਉਤਾਰੇ, ਕਥਾ, ਵਿਖਿਆਨ ਤੇ ਟੀਕਾਕਾਰੀ ਪ੍ਰਮੁਖ ਕਾਰਜ ਸਨ। ਗੁਰਬਾਣੀ ਵਿਆਖਿਆ ਦੇ ਵਡੇਰੀ ਗਿਣਤੀ ਵਿਚ ਮਿਲਦੇ ਮੁਢਲੇ ਰੂਪ- ਭਾਸ਼, ਕੋਸ਼, ਪਰਮਾਰਥ, ਪ੍ਰਯਾਇ, ਟੀਕੇ

ਆਦਿ ਸਭ ਸੰਪਰਦਾਵਾਂ ਦੇ ਸਾਧੂਆਂ ਦੀ ਹੀ ਦੇਣ ਹਨ। 18ਵੀਂ ਸਦੀ ਵਿਚ ਜਦੋਂ ਸਿਖ ਪੰਥ ਆਪਣੀ ਹੋਂਦ ਤੇ ਮਨੁਖੀ ਅਜ਼ਾਦੀ ਲਈ ਸਿਰ-ਧੜ੍ਹ ਦੀ ਬਾਜੀ ਲਾ ਰਿਹਾ ਸੀ, ਤਾਂ ਗੁਰਬਾਣੀ ਸੰਥਿਆ ਦਾ ਜਿਵੇਂ-ਕਿਵੇਂ ਇਨ੍ਹਾਂ ਸੰਪਰਦਾਵਾਂ ਨੇ ਹੀ ਪ੍ਰਵਾਹ ਚਲਾਈ ਰਖਿਆ ਸੀ।

18ਵੀਂ ਸਦੀ ਵਿਚ ਧਾਰਮਿਕ ਸਥਾਨਾਂ ਅਤੇ ਇਨ੍ਹਾਂ ਨਾਲ ਜੁੜੇ ਸਾਧੂਆਂ/ ਲੋਕਾਂ ਨੂੰ ਅਨੁਦਾਨ ਦੇਣ ਦੀ ਇਕ ਪੂਰੀ ਸੂਰੀ ਪਰੰਪਰਾ ਹੈ। ਮੁਗ ਲ ਕਾਲ ਵਿਚ ਵੀ ਇਹ ਪਰੰਪਰਾ ਸੀ, ਜਿਸ ਨੂੰ 'ਮਦਦ-ਏ-ਮਾਸ਼' ਕਿਹਾ ਜਾਂਦਾ ਸੀ। ਜਗੀਰਦਾਰ ਵੀ ਆਪਣੀਆਂ ਜਾਗੀਰਾਂ ਵਿਚੋਂ ਧਰਮਾਰਥ ਕਾਰਜਾਂ ਲਈ ਅਨੁਦਾਨ ਦਿੰਦੇ ਸਨ। ਪੰਜਾਬ ਦੇ ਮਿਸਲਦਾਰਾਂ ਨੇ ਜਿਥੇ ਗੁਰੂ ਨਾਨਕ (ਬਿੰਦੀ) ਵੰਸ਼ ਬੇਦੀਆਂ ਨੂੰ ਵਡੀ ਗਿਣਤੀ ਵਿਚ ਕਰ-ਮੁਕਤ ਭੂਮੀ ਦੇ ਰੂਪ ਵਿਚ ਅਨੁਦਾਨ ਦਿਤੇ, ਉਥੇ ਸਿਖ ਸੰਪ੍ਰਦਾਵਾਂ, ਖਾਸ ਕਰ ਉਦਾਸੀਆਂ ਨੂੰ ਬਹੁਤ ਜਿਆਦਾ ਅਨੁਦਾਨ ਦਿਤੇ। ਦਿਤੀਆਂ ਗਈਆਂ ਧਰਮਾਰਥ ਕਰ-ਮੁਕਤ ਭੂਮੀਆਂ/ਜਗੀਰਾਂ ਦੇ ਅਨੇਕ ਕਾਰਨ ਸਨ, ਪਰ ਇਕ ਵਿਸ਼ੇਸ਼ ਕਾਰਨ, ਜੋ ਸਿਖ ਸਰਦਾਰਾਂ ਦੇ ਸਾਹਮਣੇ ਸੀ, ਉਹ ਇਹ ਸੀ ਕਿ ਸੰਬੰਧਿਤ ਵਿਅਕਤੀ, ਡੇਰੇ, ਅਖਾੜੇ ਜਾਂ ਧਰਮਸ਼ਾਲਾਵਾਂ, ਗੁਰਬਾਣੀ ਦੀ ਸਿਖਲਾਈ (ਸੰਥਿਆ) ਤੇ ਗੁਰਮੁਖੀ ਦੀ ਸੇਵਾ ਕਰਦੇ ਸਨ।

ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ ਦੇ ਗ੍ਰੰਥੀ, ਰਾਗੀ, ਰਬਾਬੀ ਅਤੇ ਢਾਡੀਆਂ ਤਕ ਨੂੰ ਵੀ ਕਰ-ਮੁਕਤ ਜ਼ਮੀਨਾਂ ਦਿਤੀਆਂ ਗਈਆਂ। ਇਸੇ ਤਰ੍ਹਾਂ ਨਾਨਕਾਣਾ ਸਾਹਿਬ ਅਤੇ ਕਰਤਾਰਪੁਰ , ਗੋਇੰਦਵਾਲ ਆਦਿ ਨਾਲ ਜੁੜੇ ਰਾਗੀਆਂ, ਪਾਠੀਆਂ ਨੂੰ ਵੀ ਸਿਖ ਸਰਦਾਰਾਂ ਨੇ ਗ੍ਰਾਂਟਾਂ ਦਿਤੀਆਂ। ਰੋਚਕ ਤਥ ਹੈ ਕਿ ਇਕ ਗੈਰ-ਸਿਖ ਸ਼ਾਸਕ, ਝੰਗ ਦੇ ਅਹਿਮਦ ਖਾਂ ਸਿਆਲ ਨੇ ਵੀ ਮਘਿਆਣਾ ਦੇ ਦਰਬਾਰੀ ਸਿੰਘ ਨਾਮਕ ਵਿਅਕਤੀ ਨੂੰ ਇਸ ਕਰਕੇ ਕਰ-ਮੁਕਤ ਭੂਮੀ ਦੇ ਦਿਤੀ ਸੀ ਕਿ ਉਹ ਗੁਰਬਾਣੀ ਪੜ੍ਹਦਾ ਤੇ ਪੜ੍ਹਾਉਂਦਾ (ਸੰਥਿਆ ਦਿੰਦਾ) ਸੀ। ਕਰ-ਮੁਕਤ ਭੂਮੀ ਦੇਣ ਜਾਂ ਅਨੁਦਾਨ ਦੇਣ ਪਿਛੇ ਇਕ ਮਕਸਦ ਗਰੀਬਾਂ ਨੂੰ ਅਨਾਜ, ਦੇਸੀ ਦਵਾਈਆਂ ਆਦਿ ਵੰਡਣਾ ਵੀ ਸੀ। ਅੰਮ੍ਰਿਤਸਰ ਦੇ ਝੰਡਾ ਸਿੰਘ ਭੰਗੀ ਤੇ ਗੁਜਰਾਤ ਦੇ ਗੁਜਰ ਸਿੰਘ, ਸਾਹਿਬ ਸਿੰਘ ਨੇ ਸਿਖਿਆ ਸੰਸਥਾਵਾਂ ਨੂੰ ਇਸ ਕਰਕੇ ਕਰ-ਮੁਕਤ ਭੂਮੀ ਦਿਤੀ, ਕਿਉਂਕਿ ਉਥੇ ਗੁਰਮੁਖੀ ਪੜ੍ਹਾਉਣ ਦਾ ਪ੍ਰਬੰਧ ਸੀ (*ਇਬਰਤਨਾਮਾ*, ਪੰਨਾ 82)।

1.24 ਸੰਨ 1773 ਈ. ਦੇ ਕਰੀਬ ਭਾਈ ਸੂਰਤ ਸਿੰਘ ਨੇ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਿਚ ਇਕ ਤਰ੍ਹਾਂ ਸ਼ਹੀਦ ਮਨੀ ਸਿੰਘ ਜੀ ਵਾਲੀ ਜਿੰਮੇਵਾਰੀ ਸੰਭਾਲੀ ਸੀ; ਇਥੇ ਜਿਕਰਯੋਗ ਹੈ ਕਿ ਭਾਈ ਸੂਰਤ ਸਿੰਘ ਨੇ, ਭਾਈ ਮਨੀ ਸਿੰਘ ਦੇ ਵਿਦਿਆਰਥੀ/ਸ਼ਿਸ਼ ਗੁਰਬਖਸ਼ ਸਿੰਘ ਤੋਂ ਸੰਥਿਆ ਲਈ ਸੀ ਅਤੇ ਇਨ੍ਹਾਂ ਦੇ ਵਿਦਿਆਰਥੀ ਭਾਈ ਸੰਤ ਸਿੰਘ, (ਮਹਾਂਕਵੀ) ਭਾਈ ਸੰਤੋਖ ਸਿੰਘ ਦੇ ਵਿਦਿਆ-ਅਧਿਆਪਕ ਸਨ. ਜਿਨ੍ਹਾਂ ਦੇ *ਸੂਰਜ ਪ੍ਰਕਾਸ਼* ਤੋਂ ਸਾਰਾ ਸਿਖ ਜਗਤ ਜਾਣੂ ਹੈ। 'ਕਥਾ ਵਾਲਾ ਬੁੰਗਾ', ਜੋ '84 ਵਿਚ ਢਾਅ ਦਿਤਾ ਗਿਆ, ਇਨ੍ਹਾਂ ਵਿਦਵਾਨਾਂ ਦਾ ਹੀ ਸਦਰੇ-ਮੁਕਾਮ ਸੀ। ਭਾਈ ਗੁਰਦਾਸ-ਮਨੀ ਸਿੰਘ ਸਕੂਲ ਦੀ ਮੌਖਿਕ ਵਿਆਖਿਆ-ਪ੍ਰਣਾਲੀ (ਗਿਆਨਰਤਨਾਵਲੀ ਅਤੇ ਸਿਖਾਂ ਦੀ ਭਗਤਮਾਲਾ) ਨੂੰ ਲਿਖਤ ਰੂਪ ਵਿਚ ਸਾਂਭਣ ਵਾਲੇ ਭਾਈ ਸੂਰਤ ਸਿੰਘ ਜੀ ਹੀ ਸਨ। ਭਾਈ ਸੂਰਤ ਸਿੰਘ ਦੀਆਂ ਆਪਣੀਆਂ ਵਿਆਖਿਆਤਮਕ ਲਿਖਤਾਂ ਦੇ ਹਵਾਲੇ ('ਭਗਤ ਰਚਨਾਵਲੀ' ਤੇ 'ਓਅੰਕਾਰ ਪ੍ਰਮਾਰਥ') ਵੀ ਮਿਲਦੇ ਸਨ, ਜੋ '84 ਦੀ ਭੇਟ ਚੜ੍ਹ ਚੁਕੇ ਹਨ। ਭਾਈ

ਸੂਰਤ ਸਿੰਘ, ਭਾਈ ਮਨੀ ਸਿੰਘ ਤੋਂ ਤੀਜੀ ਥਾਂ ਸਨ ਅਤੇ ਇਹ ਗਿਆਨੀ ਸੰਪ੍ਰਦਾਇ ਦੇ ਰਤਨ ਗਿਆਨੀ ਸੰਤ ਸਿੰਘ ਦੇ ਪਿਤਾ ਸਨ। ਭਾਈ ਮਨੀ ਸਿੰਘ ਤੋਂ ਦੂਜੀ ਥਾਂ ਭਾਈ ਗੁਰਬਖਸ਼ ਸਿੰਘ ਸਨ। *ਗਿਆਨਰਤਨਾਵਲੀ* ਨੂੰ ਗਿਆਨੀ ਸੂਰਤ ਸਿੰਘ ਨੇ ਭਾਈ ਗੁਰਬਖਸ਼ ਸਿੰਘ ਤੋਂ ਸੁਣਕੇ ਹੀ ਕਾਵਿ ਰੂਪ ਦਿਤਾ ਸੀ ਅਤੇ ਭਾਈ ਗੁਰਬਖਸ਼ ਸਿੰਘ ਨੇ ਭਾਈ ਮਨੀ ਸਿੰਘ ਤੋਂ ਸੁਣਿਆ ਸੀ। ਭਾਈ ਸੂਰਤ ਸਿੰਘ ਦੇ ਅਗੋਂ (ਇਸੇ ਪ੍ਰਣਾਲੀ ਦੇ) ਦੋ ਪੁਤਰ ਹੋਰ ਵੀ ਸਨ, ਜਿਨ੍ਹਾਂ ਦੇ ਨਾਂ ਭਾਈ ਗੁਰਦਾਸ ਸਿੰਘ ਅਤੇ ਭਾਈ ਸੰਤ ਸਿੰਘ ਕਰਕੇ ਆਉਂਦੇ ਹਨ, ਇਹ ਮਹਾਨ ਕਥਾ-ਵਾਚਕ ਅਤੇ ਸੰਥਿਆ-ਵਾਚਕ ਹੋਏ ਹਨ। ਗਿ. ਸੰਤ ਸਿੰਘ 'ਬੁੰਗਾ ਕਥਾ ਵਾਲਾ' ਵਿਚ ਕਥਾ ਵਾਰਤਾ ਤੇ ਗੁਰਬਾਣੀ ਸੰਥਿਆ ਦੀ ਸੇਵਾ ਕਰਦੇ ਸਨ। ਗਿ. ਹਰਿੰਦਰ ਸਿੰਘ ਰੂਪ ਦੇ ਸ਼ਬਦਾਂ ਵਿਚ "ਓਦੋਂ (1760-90 ਈ.) ਅੰਮ੍ਰਿਤਸਰ ਖਾਲਸੇ ਦੀ ਕਾਸ਼ੀ ਸੀ ਤੇ ਕਥਾ ਵਾਲਾ ਬੁੰਗਾ ਸਮਝੋ ਪੰਥਕ ਵਿਦਿਆਲਾ"। ਗੁਰਬਾਣੀ ਸੰਥਿਆ ਦੇ ਮਾਰਤੰਡ ਭਾਈ ਸੰਤ ਸਿੰਘ, ਜਿਸ ਦੇ ਦਾਦਾ ਭਾਈ ਰਾਮ ਸਿੰਘ (ਅੰਮ੍ਰਿਤ ਛਕਣ ਤੋਂ ਪਹਿਲਾਂ ਰਾਮ ਚੰਦ) ਨੇ ਸ੍ਰੀ ਦਸਮੇਸ ਜੀ ਦੀ ਹਥੀਂ ਖੰਡੇ ਦੀ ਪਾਹੁਲ ਲਈ ਸੀ ਤੇ ਗੁਰੂ ਜੀ ਨੇ ਖੁਦ ਇਨ੍ਹਾਂ ਦੀ ਇਨ੍ਹਾਂ ਦੇ ਇਲਾਕੇ ਚਨਿਓਟ ਵਿਚ ਬਾਣੀ ਪੜ੍ਹਾਉਣ (ਸੰਥਿਆ ਦੇਣ) ਦੀ ਸੇਵਾ ਲਾਈ ਸੀ। ਜਦੋਂ ਇਨ੍ਹਾਂ ਦੇ ਸਪੁਤਰ ਭਾਈ ਸੂਰਤ ਸਿੰਘ ਨੇ ਵਡੇ ਹੋ ਕੇ ਇਹ ਕਾਰਜ ਸੰਭਾਲਿਆ ਤਾਂ ਪੂਰੇ ਇਲਾਕੇ ਵਿਚ ਧੁੰਮ ਪੈ ਗਈ ਸੀ। ਹਾਲਾਤ ਸਾਜ਼ਗਾਰ ਨਾ ਹੋਣ ਕਾਰਨ ਇਨ੍ਹਾਂ ਅੰਮ੍ਰਿਤਸਰ ਚਾਲੇ ਪਾ ਦਿਤੇ, ਜਿਥੇ ਪੰਜ ਮਿਸਲਾਂ (ਰਾਮਗੜ੍ਹੀਆ, ਆਹਲੂਵਾਲੀਆ, ਭੰਗੀ, ਫੈਜ਼ੁਲਪੁਰੀ ਤੇ ਕਨ੍ਹਈਆ) ਦਾ ਦਬਦਬਾ ਸੀ। ਸਿਖ ਸਰਦਾਰਾਂ ਵਲੋਂ ਇਨ੍ਹਾਂ ਨੂੰ ਗੁਰਬਾਣੀ ਦੀ ਸੰਥਿਆ ਤੇ ਅਰਥ-ਪ੍ਰਵਾਹ ਤੋਰਨ ਦੀ ਪੂਰੀ ਮਦਦ ਤੇ ਮਾਹੌਲ ਮਿਲਿਆ। ਬਾਅਦ ਵਿਚ ਆਪ ਸ੍ਰੀ ਹਰਿਮੰਦਰ ਸਾਹਿਬ ਵਿਚ ਵੀ ਸੇਵਾ ਕਰਨ ਲਗੇ।

1.25 ਭਾਈ ਸੂਰਤ ਸਿੰਘ ਪਿਛੋਂ ਇਨ੍ਹਾਂ ਦੇ ਵਡੇ ਸਪੁਤਰ ਭਾਈ ਗੁਰਦਾਸ ਸਿੰਘ ਜੀ ਨੇ ਇਹੋ ਸੰਥਿਆ ਤੇ ਕਥਾ ਦੀ ਸੇਵਾ ਨਿਭਾਈ (*ਭਾਈ ਸਾਹਿਬ ਚੰਦ੍ਰਕਾ* 1833 ਈ. ਨਾਂ ਦੇ ਗ੍ਰੰਥ ਵਿਚ ਗਿਆਨੀ ਖਾਨਦਾਨ ਸਮੇਤ ਭਾਈ ਗੁਰਦਾਸ ਸਿੰਘ ਸੰਬੰਧੀ ਵੇਰਵੇ ਸਨ, ਇਸ ਨੂੰ ਭਾਈ ਮੇਘ ਸਿੰਘ, ਭਾਈ ਸੰਤ ਸਿੰਘ ਦੇ ਵਿਦਿਆਰਥੀ ਨੇ ਲਿਖਿਆ ਸੀ, ਇਹ ਅਨਮੋਲ ਰਚਨਾ ਵੀ '84 ਵਿਚ ਦੁਸ਼ਮਣ ਦੇ ਹਮਲੇ ਸਮੇਂ ਨਸ਼ਟ ਹੋ ਗਈ)। ਭਾਈ ਸੂਰਤ ਸਿੰਘ ਦੇ ਛੋਟੇ ਪੁਤਰ ਸੰਤ ਸਿੰਘ ਦੀ ਵਿਦਵਤਾ ਤੇ ਸੇਵਾ ਦਾ ਪ੍ਰਮਾਣ ਇਹ ਸੀ ਕਿ ਭਾਈ ਸੰਤੋਖ ਸਿੰਘ ਵਰਗੇ ਮਹਾਂਕਵੀ, ਭਾਈ ਸੇਵਾ ਸਿੰਘ, ਭਾਈ ਵਿਸ਼ਨ ਸਿੰਘ (ਮਹਾਂਕਵੀ ਭਈ ਸੰਤੋਖ ਸਿੰਘ ਦੇ ਹਮ-ਜਮਾਤੀ) ਇਸੇ ਦੇ ਹੀ ਵਿਦਿਆਰਥੀ ਸਨ। ਭਾਈ ਵਿਸ਼ਨ ਸਿੰਘ ਨੇ ਵੀ *ਸੂਰਜ ਪ੍ਰਕਾਸ਼* ਵਾਂਗ ਇਕ ਉਤਮ ਕਿਸਮ ਦੇ ਸਰੋਤ ਗ੍ਰੰਥ *ਗਿਆਨ ਰਤਨਾਗਰ* ਦੀ ਰਚਨਾ ਕੀਤੀ ਸੀ, ਜਿਹੜੀ ਜੁਗ-ਗਰਦੀਆਂ ਦੀ ਭੇਟ ਚੜ੍ਹ ਗਈ। ਭਾਈ ਕਾਨ੍ਹ ਸਿੰਘ ਨਾਭਾ ਨੇ ਇਨ੍ਹਾਂ ਦੀ ਵੰਸ਼ ਪਰੰਪਰਾ ਨੂੰ ਸਨਮਾਨ ਯੋਗ 'ਗਯਾਨੀ ਵੰਸ਼' ਕਿਹਾ ਹੈ। ਗਿ. ਹਰਿੰਦਰ ਸਿੰਘ ਰੂਪ ਲਿਖਦੇ ਹਨ ਕਿ "(ਉਸ ਸਮੇਂ) ਪਿੰਡਾਂ ਵਿਚ ਇਕ ਵਡੀ ਇਮਾਰਤ ਬਣਾ ਕੇ ਇਕ ਕੋਠੜੀ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਤੇ ਇਕ ਦੋ...ਆਏ ਗਏ ਵਾਸਤੇ ਕੋਠੜੀਆਂ ਆਦਿ ਹੁੰਦੀਆਂ..., ਡੇਰਿਆਂ ਵਿਚੋਂ ਸਾਧੂਆਂ ਨੂੰ ਪ੍ਰਸ਼ਾਦੇ ਮਿਲ ਜਾਂਦੇ...ਤੇ ਸੰਥਾ ਵੀ ਕਰਾਈ ਜਾਂਦੀ...। ਏਹ ਇਕ ਕਿਸਮ ਦੇ...ਮੁਫਤ ਦੇ ਬੋਰਡਿੰਗ ਹਊਸ ਹਨ।...ਡੇਰਿਆਂ ਵਿਚ ਅਡਣਸ਼ਾਹੀ ਵੀਰ ਰੱਸੇ ਵਟਦੇ ਤੇ ਸਿਆਹੀਆਂ ਵਗੈਰਾ ਬਣਾਉਣੀਆਂ ਦਸਦੇ ਹਨ। ਜੇ ਕੋਈ ਉਦਮੀ ਤੇ ਸਿਆਣਾ ਡੇਰਿਆਂ ਵਲ ਧਿਆਨ ਦੇਵੇ ਤਾਂ... ਏਹਨਾਂ ਨਿਕੇ ਨਿਕੇ ਸ਼ਾਂਤੀ ਨਿਕੇਤਨਾਂ ਦੀ ਇਕ ਵਡੀ ਮਾਲਾ ਬਣ

ਸਕਦੀ ਹੈ" ('ਸਾਡੀਆਂ ਧਰਮਸਾਲਾਂ' *ਸਿਖ ਤੇ ਸਿਖੀ,* ਅੰਮ੍ਰਿਤਸਰ 1947, ਪੰਨਾ 102)। ਵਰਤਮਾਨ ਤਕ ਤਾਂ ਸਾਡੇ ਸੈਂਕੜੇ/ਹਜਾਰਾਂ 'ਸ਼ਾਂਤੀ ਨਿਕੇਤਨ' ਸਮੇਂ ਦੇ ਗਰਭ ਵਿਚ ਗੁਆਚ ਗਏ ਹਨ।

ਉਪਰੋਕਤ ਪ੍ਰਮੁਖ ਟਕਸਾਲਾਂ ਤੋਂ ਬਿਨਾਂ ਵਿਅਕਤੀਗਤ ਰੂਪ ਵਿਚ ਅਤੇ ਧਰਮਸ਼ਾਲਾਵਾਂ/ਗੁਰਦੁਆਰਿਆਂ ਵਿਚ ਗੁਰਬਾਣੀ ਅਧਿਆਪਨ, ਸੰਥਿਆ, ਉਤਾਰਿਆਂ ਆਦਿ ਦਾ ਕਾਰਜ ਚਲਦਾ ਰਿਹਾ। 18ਵੀਂ ਸਦੀ ਦੇ ਮੁਢ ਤੋਂ ਲੈ ਕੇ ਗੁਰਬਾਣੀ ਦੀ ਛਾਪੇਖਾਨੇ (20ਵੀਂ ਸਦੀ ਦੇ ਮੁਢ ਤੇ ਅਗਾਂਹ) ਦੀ ਪ੍ਰਕਾਸ਼ਨਾ ਤਕ ਦੇ ਦੌਰ ਤਕ ਗੁਰਬਾਣੀ ਅਧਿਐਨ, ਸੰਥਿਆ, ਸਾਂਭ-ਸੰਭਾਲ, ਗੁਰਬਾਣੀ ਹਥ ਨਾਲ ਲਿਖ ਕੇ ਵੰਡਣ ਤੇ ਸ਼ਰਧਾ ਸਹਿਤ ਜਗਿਆਸੂ ਲੋਕਾਂ ਤਕ ਪਹੁੰਚਾਉਣ; ਯਥਾਜੋਗ ਅਰਥ-ਪਰਮਾਰਥ ਕਰ ਕੇ ਬਾਣੀ ਦਾ ਭਾਵ ਲੋਕ ਹਿਰਦਿਆਂ ਤਕ ਪਹੁੰਚਾਉਣ ਆਦਿ ਦੀ ਮਹਾਨ ਸੇਵਾ ਜਿਨ੍ਹਾਂ ਗੁਰੂ ਪਿਆਰਿਆਂ ਨੇ ਕੀਤੀ, ਉਨ੍ਹਾਂ ਵਿਚੋਂ ਕੁਝ ਝਲਕ ਮਾਤਰ ਵੰਨਗੀ ਦੇ ਦੋ-ਚਾਰ ਵੇਰਵੇ ਪੇਸ਼ ਹਨ:

1.26 ਭਾਈ ਸ਼ਾਮ ਸਿੰਘ: ਸ੍ਰੀਮਾਨ ਸੰਤ ਭਾਈ ਸ਼ਾਮ ਸਿੰਘ (1818-69 ਈ.), ਪਿੰਡ ਘੀਲ ਕਲਾਂ, ਤਹਿਸੀਲ ਤੇ ਜਿਲ੍ਹਾ ਅਟਕ (ਫਤੇਜੰਗ ਵਿਚ ਚਕਰੀ-ਢੇਰੀ ਤੋਂ ਤਿੰਨ ਮੀਲ ਦੀ ਵਿਥ) ਵਿਚ ਪੈਦਾ ਹੋਏ। ਇਹ ਮੰਗਵਾਲ ਦੇ ਪ੍ਰਸਿਧ ਅਤੇ ਉਚੇ ਸੁਚੇ ਜੀਵਨ ਵਾਲੇ ਪਰਉਪਕਾਰੀ ਸਿਖ ਭਾਈ ਮਲ੍ਹਾ ਸਿੰਘ ਜੀ ਦੇ ਸ਼ਿਸ਼ ਸਨ। ਭਾਈ ਮਲ੍ਹਾ ਜੀ ਦੀ ਆਤਮਿਕ ਅਗਵਾਈ ਤੇ ਹਲਾਸ਼ੇਰੀ ਨਾਲ ਆਪ ਗੁਰਸਿਖੀ ਵਿਚ ਆਏ ਸਨ। ਇਨ੍ਹਾਂ ਭਾਈ ਚੰਦਾ ਸਿੰਘ ਤੋਂ ਗੁਰਬਾਣੀ ਦੇ ਅਰਥ ਬੋਧ ਸਿਖੇ ਤੇ ਖੁਦ ਵੀ ਲਿਖੇ। ਆਪ ਦੇ ਨਿਜੀ ਪੁਸਤਕਾਲੇ (ਜਿਹਲਮ) ਵਿਚ ਸੈਂਕੜੇ ਹਥ-ਲਿਖਤਾਂ ਸਨ, ਜੋ '47 ਵੇਲੇ ਰੁਲ-ਖੁਲ ਗਈਆਂ। ਇਨ੍ਹਾਂ ਦਾ ਡੇਰਾ ਮੰਗਵਾਲ (ਧੁੰਨੀ ਪੋਠੋਹਾਰ ਦੇ ਇਲਾਕੇ) ਵਿਚ ਸੀ, ਜਿਥੇ ਬੈਠ ਕੇ ਇਹ ਗੁਰਬਾਣੀ ਦੇ ਗੁਟਕੇ ਤੇ ਸੰਪੂਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਹਥ-ਲਿਖਤ ਉਤਾਰੇ ਕਰਦੇ ਤੇ ਪਰਉਪਕਾਰ ਹਿਤ ਵੰਡਦੇ ਹੁੰਦੇ ਸਨ ਅਤੇ ਬਾਕੀ ਦਾ ਲਗਪਗ ਸਾਰਾ ਸਮਾਂ ਗੁਰਬਾਣੀ ਸਿਖਣ/ ਸਿਖਾਉਣ (ਸੰਥਿਆ) ਉਤੇ ਲਾਉਂਦੇ ਸਨ। ਪਰਉਪਕਾਰੀ ਸੰਤ ਭਾਈ ਮਲ੍ਹਾ ਸਿੰਘ ਜੀ ਮੰਗਵਾਲ ਤੇ ਉਨ੍ਹਾਂ ਦੇ ਸੰਥਿਆ ਸਕੂਲ ਦੇ ਲਗਪਗ ਹਰੇਕ ਸਾਧੂ ਨੇ ਗੁਰਬਾਣੀ ਸੰਥਿਆ ਨੂੰ ਆਪਣਾ ਧਰਮ-ਕਰਮ ਬਣਾਈ ਰਖਿਆ।

1.27 ਭਾਈ ਆਸਾ ਰਾਮ ਜੀ: ਸੇਵਾ ਪੰਥੀ ਸਾਧੂਆਂ ਦੇ ਗੁਰਬਾਣੀ ਲਿਖਣ ਦੀ ਮਹਾਨ ਸੇਵਾ ਬਾਰੇ ਮਿਲਦੇ ਅਨੇਕ ਵੇਰਵਿਆਂ ਵਿਚੋਂ ਇਕ ਵੇਰਵੇ ਅਨੁਸਾਰ ਇਕ ਵਾਰ ਸੇਵਾ ਪੰਥ ਦੇ ਅਨਮੋਲ ਹੀਰੇ ਭਾਈ ਆਸਾ ਰਾਮ ਜੀ ਨੇ ਕਿਤੇ ਜਰੂਰੀ ਜਾਣਾ ਸੀ, ਪਰ ਅਚਾਨਕ ਇਕ ਜਗਿਆਸੂ ਆ ਗਿਆ, ਜਿਹੜਾ ਸੁਖਮਨੀ ਸਾਹਿਬ ਦਾ ਪਾਠ ਕਰਨਾ ਚਾਹੁੰਦਾ ਸੀ, ਪਰ ਪੋਥੀ ਕਿਤੋਂ ਪ੍ਰਾਪਤ ਨਹੀਂ ਹੁੰਦੀ ਸੀ। ਭਾਈ ਸਾਹਿਬ ਨੇ ਤੁਰੰਤ, ਜਾਣਾ ਵਿਚੇ ਛਡ ਕੇ ਪਹਿਲਾਂ ਕਾਗਜ਼ ਸਿਆਹੀ ਦਾ ਪ੍ਰਬੰਧ ਕੀਤਾ ਤੇ ਫਿਰ ਇਕੱਲ ਵਿਚ ਬੈਠ ਕੇ ਸ਼ਾਮ ਤਕ ਪੂਰੇ ਸੁਖਮਨੀ ਸਾਹਿਬ ਦਾ ਉਤਾਰਾ ਕਰਕੇ ਜਗਿਆਸੂ ਨੂੰ ਭੇਟ ਕਰ ਦਿਤਾ।

1.28 ਭਾਈ ਰਾਮ ਕਿਸਨ ਜੀ: ਅਜਿਹੇ ਹੀ ਪਰਉਕਾਰੀ ਮਹਾਂਪੁਰਖ ਭਾਈ ਰਾਮ ਕਿਸਨ ਜੀ ਵੀ ਸਨ। ਭਾਈ ਵੀਰ ਸਿੰਘ (*ਸੰਤ ਗਾਥਾ,* ਅੰਮ੍ਰਿਤਸਰ, 1938, ਪੰਨਾ ੪੯) ਲਿਖਦੇ ਹਨ ਕਿ ਇਨ੍ਹਾਂ ਦਾ ਰੋਜਾਨਾ ਨਿਤਨੇਮ ਸੀ – ਅੰਮ੍ਰਿਤ ਵੇਲੇ

ਇਸ਼ਨਾਨ ਪਾਣੀ ਕਰਕੇ ਨਾਮ ਜਪਣਾ ਤੇ ਫਿਰ ਬਾਣੀ ਪੜ੍ਹਨ ਉਪਰੰਤ ਆਸਾ ਕੀ ਵਾਰ ਦਾ ਕੀਰਤਨ ਕਰਕੇ ਜਾਂ ਸੁਣਕੇ ਕਰੀਬਨ 8-ਕੁ ਵਜੇ ਕਥਾ ਉਪਰੰਤ ਲੰਗਰ ਪਾਣੀ ਤੋਂ ਵਿਹਲੇ ਹੋ ਕੇ ਅਰਾਮ ਕਰਨਾ, ਫਿਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਹਿਰ ਭਰ ਲਿਖਾਈ ਕਰਦੇ ਰਹਿਣਾ ਅਤੇ ਰਹਿੰਦੇ ਸਮੇਂ ਬਾਣੀ ਦੀ ਬੱਚਿਆਂ ਜਾਂ ਜਗਿਆਸੂਆਂ ਨੂੰ ਸੰਥਿਆ ਦਿੰਦੇ ਰਹਿਣਾ। ਇਨ੍ਹਾਂ ਦੇ ਪ੍ਰਮੁਖ ਸ਼ਿਸ਼ ਭਾਈ ਲੁੜੀਂਦਾ ਰਾਮ ਜੀ ਸਨ, ਜਿਹੜੇ ਡੇਰੇ ਦਾ ਪ੍ਰਬੰਧ ਵੀ ਕਰਦੇ, ਸੰਥਿਆ ਵੀ ਦਿੰਦੇ ਅਤੇ ਆਏ-ਗਏ ਦੀ ਸੇਵਾ ਦੇ ਨਾਲ-ਨਾਲ ਗੁਰਬਾਣੀ ਲਿਖਾਈ ਦੀ ਸੇਵਾ ਵੀ ਬੜੇ ਚਾਉ ਨਾਲ ਕਰਦੇ ਸਨ। ਸ਼ਾਹਪੁਰ ਡੇਰੇ ਵਿਚ ਇਨ੍ਹਾਂ ਦੁਆਰਾ ਲਿਖੀਆਂ ਕਈ ਬੀੜਾਂ [1947 ਤੋਂ ਪਹਿਲਾਂ] ਮੌਜੂਦ ਸਨ। ਇਸੇ ਤਰ੍ਹਾਂ ਭਾਈ ਆਸਾਨੰਦ ਦਾ ਜਿਕਰ ਵੀ ਮਿਲਦਾ ਹੈ। ਸ਼ਾਹਪੁਰ ਡੇਰੇ ਵਿਚ ਸੰਥਿਆ ਦਾ ਕਾਰਜ ਲਗਪਗ ਸਾਰਾ ਦਿਨ ਚਲਦਾ ਸੀ।

1.29 ਬਾਵਾ ਸੰਤੋਖ ਦਾਸ ਜੀ: ਇਹ ਮਹਾਤਮਾ, ਉਦਾਸੀ ਸਾਧੂ ਸਨ, ਇਨ੍ਹਾਂ ਨੇ ਬਟਾਲੇ ਲਾਗੇ ਚਾਹਲੀ ਪਿੰਡ ਦੇ ਡੇਰੇ ਵਿਚ ਲੰਮਾ ਸਮਾਂ ਗੁਰਬਾਣੀ ਸੰਥਿਆ ਦਾ ਪ੍ਰਵਾਹ ਚਲਾਈ ਰਖਿਆ। ਪਟਨੇ ਵਿਖੇ ਪਏ 1902 ਈ. ਦੇ ਇਕ ਹਥ-ਲਿਖਤ ਸਰੂਪ ਵਿਚ ਇਨ੍ਹਾਂ ਵਲੋਂ ਸੂਚਨਾ ਦਰਜ ਹੈ ਕਿ 'ਦਰਬਾਰ ਸਾਹਿਬ' (ਸ੍ਰੀ ਗੁਰੂ ਗ੍ਰੰਥ ਸਾਹਿਬ) ਲਿਖ ਕੇ ਹੋਰ ਕਿਥੇ-ਕਿਥੇ ਭੇਜੇ ਹਨ, ਸਥਾਨ ਕਿਹੜਾ ਹੈ, ਉਹ ਖੁਦ ਕਿਥੇ ਦੇ ਰਹਿਣ ਵਾਲੇ ਹਨ; 'ਦਰਬਾਰ ਸਾਹਿਬ' ਦੀਆਂ ਲਿਖਤਾਂ ਜਿਥੇ ਭੇਜੀਆਂ ਹਨ, ਉਨ੍ਹਾਂ ਥਾਵਾਂ ਵਿਚੋਂ ਇਕ ਹਜ਼ੂਰ ਸਾਹਿਬ ਨਾਂਦੇੜ ਵੀ ਹੈ, ਨਾਂਦੇੜ ਸਾਹਿਬ ਤੋਂ ਮਿਲਦੇ 1901 ਈ. ਦੇ ਸਰੂਪ ਵਿਚ ਵੀ ਉਹੀ ਸੂਚਨਾ ਮਿਲਦੀ ਹੈ।

1.30 ਗਿ. ਗਿਆਨ ਸਿੰਘ (ਲੌਂਗੋਵਾਲ, 1822 ਈ.) ਪ੍ਰਸਿਧ ਇਤਿਹਾਸਕਾਰ (ਤਵਾਰੀਖ ਗੁਰੂ ਖਾਲਸਾ; ਸ੍ਰੀ ਗੁਰੁ ਪੰਥ ਪ੍ਰਕਾਸ਼) ਨੇ ਆਪਣੇ ਪਿੰਡ ਦੇ ਭਾਈ ਭੋਲਾ ਸਿੰਘ ਤੋਂ ਗੁਰਮੁਖੀ ਪੜ੍ਹੀ ਸੀ। ਜਦੋਂ ਇਹ ਤਖਤ ਸ੍ਰੀ ਦਮਦਮੇ ਸਾਹਿਬ ਗਏ, ਉਥੇ ਕਾਫੀ ਲਿਖਾਰੀ; ਗਿਆਨੀ ਰਹਿੰਦੇ ਸਨ। ਇਸੇ ਤਰ੍ਹਾਂ ਜਦੋਂ ਅਨੰਦਪੁਰ ਗਏ ਤਾਂ ਉਥੇ ਕਥਾ-ਵਰਤਾ ਅਤੇ ਸੰਥਿਆ ਦੀ ਸੇਵਾ ਭਾਈ ਰਾਮ ਸਿੰਘ ਕਰਦੇ ਸਨ। ਕਲਕਤੇ ਵਿਚ ਆਪ ਖੁਦ ਬ੍ਰਹਮੋ ਸਮਾਜ ਦੇ ਕਈ ਆਗੂਆਂ ਤੇ ਸਥਾਨਕ (ਰਿਆਸਤੀ) ਰਾਜਾ ਰਾਜੇਂਦਰ ਨਾਥ ਤੇ ਕੇਸ਼ਵ ਚੰਦਰ ਆਦਿਕ ਨੂੰ ਬਾਣੀ ਸੰਥਿਆ ਤੇ ਅਰਥ-ਭਾਵ ਪੜ੍ਹਾਉਂਦੇ ਰਹੇ ਸਨ। ਪ੍ਰੋ. ਪਿਆਰਾ ਸਿੰਘ ਪਦਮ ਅਨੁਸਾਰ "ਗੁਰਮੁਖੀ ਲਿਖਾਈ ਦੇ ਖਾਸ ਕੇਂਦਰ ਸਨ- ਲਾਹੌਰ, ਅੰਮ੍ਰਿਤਸਰ, ਸਿਆਲਕੋਟ, ਜੰਮੂ, ਅਨੰਦਪੁਰ ਸਾਹਿਬ, ਦਮਦਮਾ ਸਾਹਿਬ (ਤਲਵੰਡੀ ਸਾਬੋ ਕੀ), ਸਾਧਾਂ ਸੰਤਾਂ ਦੇ ਡੇਰੇ ਅਤੇ ਸਿਖ ਰਾਜਿਆਂ ਦੀਆਂ ਰਾਜਧਾਨੀਆਂ। ਲਿਖਾਰੀ ਪੋਥੀਆਂ ਲਿਖ ਲਿਖ ਲੋੜਵੰਦਾਂ ਤਕ ਪਹੁੰਚਾਉਂਦੇ ਸਨ।" ਸੇਵਾ ਪੰਥੀ ਸੰਤ ਨਿਹਚਲ ਸਿੰਘ ਜੀ (1881-1978, ਮਿਠਾ ਟਿਵਾਣਾ, ਸ਼ਾਹਪੁਰ) ਨੇ ਜਿਥੇ ਬਚਪਨ ਵਿਚ ਗੁਰਮੁਖੀ ਪੜ੍ਹ ਕੇ ਗੁਰਬਾਣੀ ਪਾਠ ਦਾ ਆਪ ਲੰਮਾ ਅਭਿਆਸ ਕੀਤਾ, ਉਥੇ ਵਡੇ ਹੋ ਕੇ ਗੁਰਬਾਣੀ ਦੀ ਸੰਥਿਆ ਅਤੇ ਕਥਾ ਰੂਪੀ ਸੁਗੰਧੀ ਨੂੰ ਦੂਰ-ਦੂਰ ਤਕ ਬਿਖੇਰਿਆ। ਜੇਹਲਮ ਇਨ੍ਹਾਂ ਕਰੀਬਨ 07 ਸਾਲ ਗੁਰਬਾਣੀ ਦੀ ਸੰਥਿਆ ਸੇਵਾ ਕੀਤੀ; ਬਹਾਉਦੀਨ ਵਿਖੇ 18 ਏਕੜ ਜ਼ਮੀਨ ਲੈ ਕੇ ਇਕ ਗੁਰਮੁਖੀ ਪਾਠਸ਼ਾਲਾ ਚਲਾਈ, ਜਿਥੇ ਵਿਧੀਵਤ ਗੁਰਬਾਣੀ ਸੰਥਿਆ, ਕਥਾ ਤੇ ਅਰਥ ਬੋਧ ਦਾ ਪ੍ਰਬੰਧ ਕੀਤਾ ਗਿਆ। ਬਹਾਉਦੀਨ ਵਿਖੇ 25 ਦੇ ਕਰੀਬ ਵਿਦਿਆਰਥੀ ਰਿਹਾ ਕਰਦੇ ਸਨ। ਦੇਸ ਵੰਡ ਪਿਛੋਂ (1953 ਈ. ਵਿਚ) ਇਨ੍ਹਾਂ 'ਸੰਤਪੁਰ ਡੇਰਾ' (ਯਮੁਨਾ ਨਗਰ) 28 ਵਿਘਿਆਂ ਵਿਚ ਵਸਾਇਆ, ਜਿਥੇ ਗੁਰਬਾਣੀ ਸੰਥਿਆ, ਅਰਥ ਪਰੰਪਰਾ ਦਾ ਮੁੜ ਮੁਢ ਤੋਰਿਆ। ਬਾਅਦ ਵਿਚ ਇਨ੍ਹਾਂ ਦੀ ਥਾਂ ਸੰਤ ਕਰਮਜੀਤ ਸਿੰਘ ਹੁਰਾਂ ਨੇ 'ਭੁਝੰਗੀ ਗੁਰਮਤਿ ਵਿਦਿਆਲਾ' ਬਾਣੀ ਸੰਥਿਆ,

ਕੀਰਤਨ ਦੀ ਸੇਵਾ ਲਈ ਆਰੰਭ ਕੀਤਾ। ਸੰਤਾਲੀ ਤੋਂ ਪਹਿਲਾਂ ਸੇਵਾ ਪੰਥੀ ਸਾਧੂਆਂ ਦੇ ਵਧੇਰੇ 'ਟਿਕਾਣੇ' (ਪਾਕਿ ਇਲਾਕੇ ਵਿਚ) ਡੇਰਾ ਮਿਆਨੀ, ਨੂਰਪੁਰ ਥਲ, ਇਸਮਾਈਲ ਖਾਂ, ਮੁਲਤਾਨ, ਝੰਗ, ਸ਼ਾਹਪੁਰ, ਸਰਗੋਧਾ, ਸਾਹੀਵਾਲ, ਕੋਟ ਸੁਲਤਾਨ, ਲਾਹੌਰ ਆਦਿ ਥਾਵਾਂ ਉਤੇ ਸਨ।

ਵਿਸ਼ੇਸ਼ ਗੱਲ ਇਹ ਸੀ ਕਿ ਲਗਪਗ ਸਾਰੇ ਗੁਰਮੁਖਿ ਹੀ ਨਿਸ਼ਕਾਮ ਸੇਵਾ ਨਾਲ ਇਹ ਕਾਰਜ ਕਰਦੇ ਸਨ। ਭਾਵੇਂ ਡੇਰਿਆਂ, ਆਸ਼ਰਮਾਂ ਵਿਚ ਆਏ ਗਏ ਦੀ ਸੇਵਾ, ਲੰਗਰ, ਦਵਾਈਆਂ, ਭੋਜਨ ਆਦਿ ਦਾ ਵੀ ਯੋਗ ਪ੍ਰਬੰਧ ਹੁੰਦਾ ਸੀ, ਪਰ ਗੁਰਮੁਖੀ ਦੀ ਵਿਦਿਆ ਤੇ ਗੁਰਬਾਣੀ ਦੀ ਸੰਥਿਆ ਹਰੇਕ ਥਾਂ ਸੀ। ਗੁਰਮੁਖੀ ਸਿਖਾਉਣੀ ਇਕ ਪੁੰਨ ਵਾਲਾ ਕਾਰਜ ਸਮਝਿਆ ਗਿਆ, ਕਿਉਂਕਿ ਸਾਰੇ ਇਹੋ ਸਮਝਦੇ ਸਨ (ਜੋ ਠੀਕ ਵੀ ਸੀ) ਕਿ ਗੁਰਮੁਖੀ ਬਗੈਰ ਗੁਰਬਾਣੀ ਪੜ੍ਹਨੀ ਨਹੀਂ ਆ ਸਕਦੀ। ਅਸਲ ਗੁਰਮੁਖੀ ਦੀ ਸਿਖਲਾਈ ਦਿੰਦੇ ਹੀ ਉਹ ਗੁਰਬਾਣੀ ਕਾਰਨ ਸਨ।

1.31 ਪੰਜਾਬ ਵਿਚਲੇ 19ਵੀਂ ਸਦੀ ਦੇ ਆਖਰੀ ਤੇ 20ਵੀਂ ਸਦੀ ਦੇ ਮੁਢਲੇ ਕੁਝ ਦਹਾਕਿਆਂ ਵਾਲੇ ਸਮੇਂ ਦੇ ਇਤਿਹਾਸ ਵਿਸ਼ੇਸ਼ ਕਾਲ ਨੂੰ 'ਲਹਿਰ-ਕਾਲ' ਦੇ ਨਾਮਕਰਨ ਹੇਠ ਰਖਿਆ ਜਾ ਸਕਦਾ ਹੈ, ਕਿਉਂਕਿ ਇਸ ਸਮੇਂ ਦੌਰਾਨ ਦਾ ਸਮਾਜਿਕ, ਧਾਰਮਿਕ ਜਾਂ ਰਾਜਸੀ ਵਾਤਾਵਰਣ ਨਿਰੰਕਾਰੀ, ਨਾਮਧਾਰੀ, ਸਿੰਘ ਸਭਾ ਅਦਿ ਲਹਿਰਾਂ ਦੇ ਉਥਾਨ, ਵਿਕਾਸ, ਕਾਰਜ ਜਾਂ ਪਤਨ ਨਾਲ ਭਰਪੂਰ ਹੈ। ਇਨ੍ਹਾਂ ਲਹਿਰਾਂ ਵਿਚੋਂ ਵੀ ਸਿਖ ਅਵਚੇਤਨ ਦੀ ਪੁਨਰ-ਜਾਗਰਤੀ ਨਾਲ ਵਿਸ਼ੇਸ਼ ਸੰਬੰਧ ਰਖਦੀ ਲਹਿਰ, ਸਿੰਘ ਸਭਾ ਲਹਿਰ ਹੈ, ਜਿਸ ਦੇ ਜਾਰੀ ਅਮਲ ਦੀ ਨਿਰੰਤਰਤਾ ਵਿਚ ਗੁਰਦੁਆਰਾ ਸੁਧਾਰ ਲਹਿਰ, ਅਕਾਲੀ ਲਹਿਰ (ਬਬਰ ਅਕਾਲੀ ਤੇ ਗੁਰਦੁਆਰਾ ਸੁਧਾਰ) ਆਦਿ ਵੀ ਸ਼ਾਮਿਲ ਹਨ। ਹਥਲੀ ਵਿਚਾਰ ਦਾ ਵਿਸ਼ੇਸ਼ ਸੰਬੰਧ, ਤਿੰਨ ਵਿਸ਼ੇਸ਼ ਕਾਰਨਾਂ ਕਰਕੇ, ਸਿੰਘ ਸਭਾ ਲਹਿਰ ਨਾਲ ਵਧੇਰੇ ਹੈ- ਪਹਿਲਾ ਸਮਕਾਲੀ ਲਹਿਰਾਂ ਵਿਚ ਇਹੋ ਇਕ ਲਹਿਰ ਹੈ, ਜਿਸ ਨੇ ਸਿਖ ਪੁਨਰ-ਜਾਗਰਤੀ ਨੂੰ ਵਡੇ ਕੈਨਵਸ ਤਕ ਪਰਿਭਾਸ਼ਤ ਤੇ ਪ੍ਰਭਾਵਿਤ ਕੀਤਾ; ਦੂਜਾ ਸਿਖ ਮੂਲ-ਧਾਰਾ ਦੀ ਸਹੀ ਪਰਿਪੇਖ ਵਿਚ, ਹੋਰ ਸਮਕਾਲੀ ਲਹਿਰਾਂ ਦੇ ਮੁਕਾਬਲਤਨ, ਇਹੋ ਲਹਿਰ ਪ੍ਰਤੀਨਿਧਤਾ ਕਰਦੀ ਹੈ ਤੇ ਤੀਜਾ ਗੁਰਬਾਣੀ ਸੰਥਿਆ ਦਾ ਇਕ ਨਵਾਂ ਤੇ ਵਿਉਂਤਬਧ ਢੰਗ ਇਸੇ ਲਹਿਰ ਦੁਆਰਾ ਸਿਰਜੀ ਪੁਨਰ-ਜਾਗਰਤੀ ਦੀ ਚੇਤਨਾ ਵਿਚ ਹੋਂਦ ਗ੍ਰਹਿਣ ਕਰਦਾ ਹੈ, ਜਿਵੇਂ ਉਦਾਹਰਨ ਵਜੋਂ *ਸ਼ਬਦਾਰਥ ਸ੍ਰੀ ਗੁਰੂ ਗ੍ਰੰਥ ਸਾਹਿਬ* (1941-44) ਦੇ ਤਿਆਰ ਹੋਣ ਨਾਲ ਗੁਰਬਾਣੀ ਸੰਥਿਆ ਅਤੇ ਅਧਿਐਨ ਵਿਚ ਜਿਕਰਯੋਗ ਤਬਦੀਲੀ ਵਾਪਰਦੀ ਹੈ, ਇਸ ਵਿਚ ਕੇਵਲ ਇਜ਼ਾਫਾ ਹੀ ਨਹੀਂ ਹੁੰਦਾ, ਬਲਕਿ ਗੁਣਾਤਮਕਤਾ ਵਿਚ ਵੀ ਵਾਧਾ ਹੁੰਦਾ ਹੈ।

1.32 ਸਿੰਘ ਸਭਾ ਲਹਿਰ, ਸਿਖ ਧਾਰਮਿਕ ਤੇ ਸਭਿਆਚਾਰਕ-ਅਵਚੇਤਨ ਦਾ ਪੁਨਰ-ਸਿਰਜਣ ਸੀ ਅਤੇ ਇਸ ਅਵਚੇਤਨ ਦਾ ਕੇਂਦਰ-ਬਿੰਦੂ 'ਪਛਾਣ' ਸੀ। ਇਸ ਲਹਿਰ ਨੇ ਸਿਖ ਧਰਮ, ਇਤਿਹਾਸ, ਰਹੁ-ਰੀਤਾਂ ਆਦਿ ਨੂੰ ਨਵੀਆਂ ਲੋੜਾਂ ਤੇ ਪ੍ਰਸਥਿਤੀਆਂ ਦੇ ਮੁਹਾਵਰੇ ਵਿਚ ਮੁੜ ਪਹਿਲੇ ਰੂਪ ਵਿਚ ਸਿਰਜਣ ਤੇ ਪਰਿਭਾਸ਼ਤ ਕਰਨ ਦਾ ਕਾਰਜ ਆਰੰਭਿਆ। ਇਸ ਸੰਦਰਭ ਵਿਚ ਇਸ ਲਹਿਰ ਦੇ ਬਹੁ-ਪਖੀ ਰੁਝਾਨਾਂ ਵਿਚੋਂ ਮੁਖ ਪਹਿਲੂ ਦੋ ਰੂਪਾਂ ਵਿਚ ਪਛਾਣੇ ਜਾ ਸਕਦੇ ਹਨ- ਪਹਿਲਾ ਸਮਕਾਲੀ ਵੰਗਾਰਾਂ/ਚੁਣੌਤੀਆਂ ਦਾ ਮੁਕਾਬਲਾ ਤੇ ਦੂਜਾ ਸਿਖ ਧਰਮ, ਇਤਿਹਾਸ, ਬੋਲੀ, ਸਭਿਆਚਾਰ ਆਦਿ ਦੀ ਸਟੀਕ ਵਿਆਖਿਆ।

ਇਸ ਸਮੇਂ ਦੇ ਸਿਖ ਸਮਾਜ ਦੀ ਹਾਲਤ ਤਿੰਨ-ਚਾਰ ਪਧਰਾਂ ਉਤੇ ਵਿਚਾਰਨ ਯੋਗ ਹੈ, ਪਹਿਲਾ ਸਿਖ ਨੇੜ-ਭੂਤ ਵਿਚ ਹੀ ਆਪਣੀ ਰਾਜਸੀ ਸ਼ਕਤੀ ਗੁਆ ਕੇ ਹਟੇ ਸਨ, ਇਸ ਕਰਕੇ ਮਾਨਸਿਕ ਕਿਸਮ ਦਾ ਗਹਿਰਾ ਸੇਕ ਚੇਤੰਨ ਵਰਗਾਂ ਨੂੰ ਪਰੇਸ਼ਾਨੀ ਦੀ ਹਾਲਤ ਵਿਚ ਲੈ ਗਿਆ ਸੀ ਤੇ ਉਹ ਰਾਜਸੀ ਢੋਅ ਗੁਆ ਚੁਕੇ ਸਨ। ਸਧਾਰਨ ਸਿਖ ਸਮਾਜ ਮੁੜ ਉਸ ਪੁਰਾਤਨ-ਪੰਥੀ ਜਿਲ੍ਹਣ ਵਿਚ ਫਸਦਾ ਜਾ ਰਿਹਾ ਸੀ, ਜਿਸ ਵਿਚੋਂ ਗੁਰੂ ਸਾਹਿਬਾਨ ਨੇ ਇਸ ਨੂੰ ਕਢਿਆ ਸੀ। ਇਥੋਂ ਤਕ ਕਿ ਕਰਮ-ਕਾਂਡ, ਮੂਰਤੀ ਪੂਜਾ, ਜਾਤ-ਪਾਤ ਆਦਿ ਜਿਹੀਆਂ ਜਿਲ੍ਹਣਾਂ, ਸਿਖ ਸਭਿਆਚਾਰ ਦੇ ਕੇਂਦਰ ਸ੍ਰੀ ਦਰਬਾਰ ਸਾਹਿਬ ਦੀ ਪਰਿਕਰਮਾ ਤਕ ਵੀ ਪਹੁੰਚ ਰਹੀਆਂ ਸਨ।

ਸਿੰਘ ਸਭਾ ਲਹਿਰ ਦੇ ਬੁਨਿਆਦੀ ਉਦੇਸ਼ ਵਿਚ ਤਾਂ ਅਸਲ ਉਹੀ ਰੀਝ ਆਖਰ ਤਕ ਪਨਪਦੀ ਰਹੀ, ਜਿਹੜੀ ਇਸ ਲਹਿਰ ਦੇ ਰੂਹੇ-ਰਵਾਂ ਪ੍ਰੋ. ਗੁਰਮੁਖ ਸਿੰਘ (1849-98) ਨੇ 1894 ਈ. ਵਿਚ ਕਪੂਰਥਲਾ ਰਿਆਸਤ ਦੇ ਰਾਜਾ ਨਿਹਾਲ ਸਿੰਘ ਦੇ ਸ਼ਾਹੀ ਲੰਗਰਾਂ ਵਿਚ ਆਪਣੇ ਪਿਤਾ (ਲਾਂਗਰੀ) ਭਾਈ ਬਸਾਵਾ ਸਿੰਘ ਨਾਲ ਸੇਵਾ ਕਰਦਿਆਂ, ਸ. ਜਸਾ ਸਿੰਘ ਆਹਲੂਵਾਲੀਆ (1718-83 ਈ.) ਦੇ ਜੀਵਨ-ਬਿਰਤਾਂਤ ਨੂੰ ਪੜ੍ਹ ਕੇ ਉਠੀ ਚਿਣਗ ਦੀ ਰੌਸ਼ਨੀ ਵਿਚ ਕੰਵਰ ਬਿਕ੍ਰਮ ਸਿੰਘ ਨੂੰ ਲਿਖੇ ਇਕ ਨਿਜੀ ਖ਼ਤ ਵਿਚ ਪੇਸ਼ ਕੀਤੀ ਸੀ, ਜਿਸ ਵਿਚ "ਪੰਜਾਬੀ ਬੋਲੀ ਵਿਚ ਕੌਮੀ ਸਾਹਿਤ ਪੈਦਾ ਕਰਨਾ; ਧਾਰਮਿਕ/ਵਿਹਾਰਕ ਵਿਦਿਆ ਦੇਣੀ" ਵਿਸ਼ੇਸ਼ ਰੂਪ ਸ਼ਾਮਿਲ ਸੀ, ਜਿਸ ਤਹਿਤ ਗੁਰਮੁਖੀ ਤੇ ਗੁਰਬਾਣੀ ਸੰਥਿਆ ਵਲ ਵਿਸ਼ੇਸ਼ ਤਵਕੋਂ ਦਿਤੀ ਗਈ। ਸਮੇਂ ਨਾਲ ਪ੍ਰਸਥਿਤੀਆਂ ਜਾਂ ਲੋੜਾਂ ਦੇ ਸਨਮੁਖ ਉਦੇਸ਼ਾਂ ਦਾ ਘੇਰਾ ਵਧਦਾ ਵੀ ਗਿਆ ਤੇ ਨਾਲ ਹੀ ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਦੁਆਰਾ ਪਹਿਲਾਂ (1880) ਤੋਂ ਨਿਰਧਾਰਤ ਕੀਤੇ ਨਿਯਮਾਂ ਨੂੰ ਵੀ ਕਾਇਮ ਰਖਿਆ ਗਿਆ।

ਪਹਿਲਾਂ ਕੀਤੇ ਇਸ਼ਾਰੇ ਮੁਤਾਬਿਕ ਉਦੇਸ਼ਾਂ ਜਾਂ ਨਿਯਮਾਂ ਵਿਚ ਪੁਖਤਾ ਕਾਰਜ ਸਨ- ਪੰਜਾਬੀ/ਗੁਰਮੁਖੀ ਦਾ ਪ੍ਰਚਾਰ/ਪ੍ਰਸਾਰ, ਦੂਜਾ ਸਿਖ ਸਾਹਿਤ ਦਾ ਪ੍ਰਕਾਸ਼ਨ, ਜਿਸ ਤਹਿਤ ਕਈ ਪਧਰਾਂ ਉਪਰ ਕਾਰਜ ਸ਼ੁਰੂ ਕੀਤਾ ਗਿਆ, ਜਿਸ ਵਿਚ ਪ੍ਰਮੁਖਤਾ ਸੀ ਪ੍ਰਚਾਰ/ਪ੍ਰਸਾਰ ਲਈ ਪ੍ਰਚਾਰਾਤਮਕ ਕਿਸਮ ਦੇ ਲੇਖ/ਟ੍ਰੈਕਟ ਛਾਪਣੇ, ਜਿਹੜੇ ਵਧੇਰੇ ਕਰਕੇ ਹਫ਼ਤਾਵਰੀ ਅਖਬਾਰਾਂ /ਰਸਲਿਆਂ ਦਾ ਭਾਗ ਬਣੇ। ਭਾਈ ਵੀਰ ਸਿੰਘ, ਅਕਾਲੀ ਕੌਰ ਸਿੰਘ ਆਦਿ ਜਿਹੇ ਗੁਰਮੁਖਾਂ ਦੀ ਹਿੰਮਤ ਰਾਹੀਂ 1894 ਈ. ਨੂੰ ਹੋਂਦ ਵਿਚ ਆਈ 'ਖਾਲਸਾ ਟ੍ਰੈਕਟ ਸੁਸਾਇਟੀ' ਇਸ ਖੇਤਰ ਵਿਚ ਪ੍ਰਤੀਨਿਧ ਭੂਮਿਕਾ ਨਿਭਾਉਂਦੀ ਰਹੀ; ਤੀਜਾ ਸਿਖ ਇਤਿਹਾਸ ਦੀ ਖੋਜ ਤੇ ਛਾਣਬੀਣ ਅਤੇ ਚੌਥਾ ਸੀ ਗੁਰਬਾਣੀ ਦਾ ਪ੍ਰਵਾਨਤ ਟੀਕਾ ਅਤੇ ਅੰਤਿਮ ਸੀ ਸੰਥਿਆ। ਇਥੇ ਜ਼ਿਕਰਯੋਗ ਹੈ ਕਿ ਕਈ ਦਰਪੇਸ਼ ਮਸਲਿਆਂ ਪ੍ਰਤੀ ਮੋਢੀਆਂ ਦੀ ਸਮਝ ਜਾਂ ਪਹੁੰਚ ਭਾਵੇਂ ਇਕਰੂਪਤਾ ਵਾਲੀ ਨਹੀਂ ਸੀ, ਪਰ ਗੁਰਬਾਣੀ ਸੰਥਿਆ ਅਤੇ ਗੁਰਮੁਖੀ ਦੇ ਸਵਾਲ ਨੂੰ ਸਭ ਧਿਰਾਂ ਪੁਖਤਗੀ ਨਾਲ ਮਹਿਸੂਸ ਕਰਦੀਆਂ ਸਨ। ਜਿਕਰਯੋਗ ਹੈ ਕਿ ਜਦੋਂ ਸਿੰਘ ਸਭਾ ਅੰਮ੍ਰਿਤਸਰ ਦੀ ਸਥਾਪਨਾ (1873) ਹੋਈ, ਤਾਂ ਬਾਣੀ-ਵਿਆਖਿਆ ਦੇ ਖੇਤਰ ਵਿਚ ਪੰਡਿਤ ਤਾਰਾ ਸਿੰਘ ਨਰੋਤਮ ਦਾ *ਗੁਰੁ-ਗਿਰਾਰਥ ਕੋਸ਼*, ਗਿ. ਹਜ਼ਾਰਾ ਸਿੰਘ ਦਾ *ਗੁਰੂ ਗ੍ਰੰਥ ਕੋਸ਼* ਤੇ ਡਾ. ਚਰਨ ਸਿੰਘ ਦੇ *ਬਾਣੀ-ਬਿਉਰਾ* ਦੀ ਪ੍ਰਕਾਸ਼ਨਾ ਦੇ ਨਾਲ ਨਾਲ ਸੰਸਥਾ ਮੂਲਕ ਕਾਰਜ *ਫਰੀਦ ਕੋਟੀ ਟੀਕਾ* (1883 ਈ.) ਪ੍ਰਕਾਸ਼ ਵਿਚ ਆਇਆ। ਖਾਲਸਾ ਕਾਲਜ ਅੰਮ੍ਰਿਤਸਰ ਦੀ ਸਥਾਪਨਾ (1892) ਵਿਚਾਰਾਧੀਨ ਲਹਿਰ ਦੀ

ਅਕਾਦਮਿਕ/ਵਿਦਿਅਕ ਪ੍ਰਾਪਤੀ ਦੀ ਸਿਖਰ ਕਹੀ ਜਾ ਸਕਦੀ ਹੈ, ਜਿਸ ਤਹਿਤ ਸਿਖ ਅਕਾਦਮਿਕਤਾ ਨੂੰ ਸੰਸਥਾ ਮੂਲਕ ਢੋਈ ਮਿਲ ਗਈ ਅਤੇ ਇਸ ਨਾਲ ਪਰੰਪਰਿਕ, ਸੰਸਥਾਗਤ ਤੇ ਪਛਮੀ ਵਿਦਿਆ ਦੀ ਸਾਂਝੀ ਪਹੁੰਚ ਵਿਚ ਕਈ ਨਵੇਂ ਪ੍ਰਤੀਮਾਨ ਸਥਾਪਤ ਹੋਏ, ਜਿਨ੍ਹਾਂ ਵਿਚੋਂ ਇਕ ਬਾਣੀ ਦੀ ਨਵੇਂ ਢੰਗਾਂ ਅਨੁਸਾਰ ਸੰਥਿਆ ਤੇ ਵਿਆਖਿਆ ਕਰਨਾ ਵੀ ਸੀ। ਇਸ ਸਮੇਂ ਦੀ ਸਿਖ ਵਿਦਵਤਾ (Sikh Scholarship), ਇਤਿਹਾਸਕਾਰੀ ਰਾਹੀਂ ਲੰਮੇ ਅੰਤਰਾਲ ਬਾਅਦ ਵਿਅਕਤੀਆਂ, ਸਥਾਨਾਂ, ਘਟਨਾਵਾਂ ਦੀ ਨਿਰੰਤਰ ਭਾਲ ਦੇ ਨਾਲ-ਨਾਲ ਸਿਖ ਪਛਾਣ ਦੇ ਸਭਿਆਚਾਰਕ ਅਵਚੇਤਨ ਦਾ ਪੁਨਰ-ਸਿਰਜਣ ਕਰਦੀ ਰਹੀ ਤੇ ਇਸ ਸਿਰਜਣਾ ਦਾ - ਸੰਥਿਆ, ਇਤਿਹਾਸ, ਰਹਿਤ ਤੇ ਵਿਆਖਿਆਕਾਰੀ – ਪ੍ਰਮੁਖ ਸਾਧਨ ਬਣੇ। ਇਸ ਸਮੇਂ, ਜਿਵੇਂ ਪਹਿਲਾਂ ਕਿਹਾ ਗਿਆ ਹੈ, ਗੁਰਬਾਣੀ ਸੰਥਿਆ ਦੇ ਢੰਗਾਂ ਵਿਚ ਗੁਣਾਤਮਕ ਤੇ ਗਿਣਾਤਮਕ ਤਬਦੀਲੀ ਵਾਪਰੀ।

ਸਿੰਘ ਸਭਾ ਲਹਿਰ ਦੇ ਪ੍ਰਭਾਵ ਤਥਾ ਹਿੰਮਤ ਨਾਲ ਛੋਟੇ-ਛੋਟੇ ਗੁਰਮੁਖੀ ਵਿਦਿਆਲਿਆਂ ਦੀ ਇਕ ਲੜੀ ਖੜੀ ਹੋ ਗਈ, ਜਿਹੜੀ ਕਲਕਤੇ (ਅਸਾਮ) ਤੋਂ ਲੈ ਕੇ ਪਿਸ਼ਾਵਰ ਤਕ ਫੈਲੀ। ਇਸ ਮਹਾਨ ਕਾਰਜ ਵਿਚ ਸਿੰਘ ਸਭਾ ਲਹਿਰ ਦੇ ਉਤਸ਼ਾਹੀ ਸਜਣਾਂ ਤੋਂ ਬਿਨਾਂ ਕਈ ਮਿਤ-ਸੰਗਠਨਾਂ, ਸਿਖ ਸੰਪਰਦਾਵਾਂ, ਵਿਅਕਤੀਗਤ ਜਾਂ ਪਰੰਪਰਿਕ ਘਰਾਣਿਆਂ ਦਾ ਅਮਿਣਵਾਂ ਯੋਗਦਾਨ ਰਿਹਾ।

1.33 ਲਗਪਗ 73000 ਵਰਗ ਮੀਲਾਂ ਉਤੇ ਫੈਲੇ ਉਸ ਸਮੇਂ ਦੇ ਪੰਜਾਬ ਅਤੇ '47 ਤੋਂ ਬਾਅਦ ਦੇ ਪੰਜਾਬ ਵਿਚ ਗੁਰਬਾਣੀ ਦੇ ਪ੍ਰਚਾਰ, ਪ੍ਰਸਾਰ, ਜਿਸ ਵਿਚ ਮੁਖ ਕਾਰਜ ਗੁਰਮੁਖੀ ਸਿਖਾਉਣਾ ਤੇ ਬਾਣੀ ਸੰਥਿਆ ਕਰਵਾਉਣਾ ਸੀ, ਵਿਚ ਜੁਟੇ ਕਈ ਘਰਾਣਿਆਂ, ਵਿਅਕਤੀਆਂ ਤੇ ਸੰਪਰਦਾਵਾਂ ਵਿਚ ਪੰਡਿਤ ਕਰਤਾਰ ਸਿੰਘ ਦਾਖਾ, ਗਿ. ਗੁਰਬਚਨ ਸਿੰਘ ਭਿੰਡਰਾਂਵਾਲੇ, ਗਿ. ਚੰਨਣ ਸਿੰਘ ਮਸਤੂਆਣਾ, ਆਦਿ ਦਾ ਨਾਂ ਮਾਣ ਨਾਲ ਲਿਆ ਜਾ ਸਕਦਾ ਹੈ। ਇਨ੍ਹਾਂ ਵਿਚੋਂ ਹੀ ਉਸ ਸਮੇਂ ਇਕ ਸਜਣ ਭਾਈ ਅਰਜਨ ਸਿੰਘ ਜੀ ਸਨ, ਜਿਨ੍ਹਾਂ ਨੂੰ ਸਿਖ ਸਮਾਜ ਵਿਚ ਵਿਆਪਕ ਸਤਿਕਾਰ ਹਾਸਿਲ ਸੀ। ਇਨ੍ਹਾਂ ਦੇ ਪਿਉ-ਦਾਦੇ ਬਾਬਾ ਸਾਹਿਬ ਸਿੰਘ; ਭਾਈ ਮੇਘ ਸਿੰਘ ਅਤੇ ਸਾਥੀ ਭਾਈ ਕਿਸ਼ਨ ਸਿੰਘ ਆਦਿ ਦੇ ਇਸ ਖੇਤਰ ਵਿਚ ਕੀਤੇ ਕਾਰਜ ਇਕ ਵਖਰੇ ਅਧਿਆਇ ਦੀ ਮੰਗ ਕਰਦੇ ਹਨ। ਜਿਕਰਯੋਗ ਹੈ ਕਿ ਭਾਈ ਅਰਜਨ ਸਿੰਘ ਜੀ ਦੇ ਕੁਝ ਨਾਮੀ ਵਿਦਿਆਰਥੀਆਂ (ਗਿ. ਕੇਹਰ ਸਿੰਘ, ਗਿ. ਕਰਮ ਸਿੰਘ, ਰਾਗੀ ਦਿਆਲ ਸਿੰਘ ਰਿਸ਼ੀ...) ਨੇ ਵੀ ਗੁਰਬਾਣੀ ਸੰਥਿਆ ਵਿਚ ਚੁਪ-ਚਾਪ ਨਿਸ਼ਕਾਮ ਸੇਵਾ ਦੇ ਇਤਿਹਾਸ ਕਾਇਮ ਕੀਤੇ। ਇਨ੍ਹਾਂ ਦਾ ਕਾਰਜ ਖੇਤਰ ਵਧੇਰੇ ਕਰਕੇ ਗੁਜਰਾਂਵਾਲਾ, ਨਾਰੰਗਵਾਲ (ਜਿਥੋਂ ਦੇ ਭਾਈ ਰਣਧੀਰ ਸਿੰਘ ਅਖੰਡ ਕੀਰਤਨੀਏ ਸਨ), ਫਲੇਵਾਲ, ਦਬੁਰਜੀ ਆਦਿ ਦੇ ਇਲਾਕੇ ਸਨ।

1.34 ਇਸ ਸਮਕਾਲ ਵਿਚ ਮਾਲਵੇ ਦੇ ਇਲਾਕੇ ਵਿਚ ਵਿਸ਼ੇਸ਼ ਕਰਕੇ ਸੰਤ ਅਤਰ ਸਿੰਘ ਮਸਤੂਆਣੇ ਵਾਲਿਆਂ ਦੀ ਗੁਰਬਾਣੀ ਸੰਥਿਆ ਪ੍ਰਸਾਰ ਵਿਚ ਮਹਾਨ ਭੂਮਿਕਾ ਰਹੀ। ਇਸੇ ਤਰ੍ਹਾਂ ਹੀ ਪੰਚ ਖਾਲਸਾ ਭਸੌੜ (ਸੰਗਰੂਰ), ਗੁਰ ਸਾਗਰ ਮਸਤੂਆਣਾ ਸਾਹਿਬ, ਅਮਰਗੜ੍ਹ (ਝਲਬੂਟੀ, ਬਠਿੰਡਾ) ਦਾ 'ਗੁਰਮੁਖੀ ਮਹਾਂਵਿਦਿਆਲਾ' ਆਦਿ ਦੇ ਗੁਰਬਾਣੀ ਸੰਥਿਆ ਵਿਚ ਪਾਏ ਯੋਗਦਾਨ ਦਾ ਮੁਲੰਕਣ ਕਰਨ ਲਈ ਸੁਤੰਤਰ ਥੀਸਿਸਾਂ ਦੀ ਲੋੜ ਹੈ। ਇਸ ਖੇਤਰ ਵਿਚ ਆਈਆਂ ਸਮਸਿਆਵਾਂ; ਗੁਰਮੁਖੀ/ਗੁਰਬਾਣੀ ਦੇ ਆਸ਼ਕਾਂ ਅਤੇ ਪੰਥ ਦੇ ਨਿਸ਼ਕਾਮ ਸੇਵਕਾਂ ਦੀਆਂ ਬਿਨਾਂ ਕਿਸੇ ਸੁਖ-ਸਹੂਲਤ ਦੀ ਆਸ ਤੋਂ ਇਸ ਖੇਤਰ ਵਿਚ ਘਾਲੀਆਂ ਘਾਲਾਂ ਹਾਲੇ ਸਾਡੇ ਇਤਿਹਾਸ ਦੀ ਸਿਮਰਤੀ ਦਾ ਭਾਗ ਨਹੀਂ ਬਣੀਆਂ, ਜਿਵੇਂ ਉਦਾਹਰਨ ਲਈ

ਅਮਰਗੜ੍ਹ (ਝਲਬੂਟੀ, ਬਠਿੰਡਾ) ਦਾ 'ਗੁਰਮੁਖੀ ਮਹਾਂਵਿਦਿਆਲਾ' ਚਲਾਉਣ ਲਈ ਜਿਸ ਤਰ੍ਹਾਂ ਦੇ ਜ਼ਫਰ ਜਾਲਣੇ ਪਏ, ਉਹ ਕੋਈ 'ਜਮਰੌਦ' ਫਤਿਹ ਕਰਨ ਨਾਲੋਂ ਘਟ ਔਖਾ ਨਹੀਂ ਸੀ (ਇਸ ਦੇ ਕੁਝ-ਕੁ ਵੇਰਵੇ ਸਤੰਬਰ 1938 ਦੇ ਮੋਗੇ ਤੋਂ ਪ੍ਰਕਾਸ਼ਿਤ ਸਪਤਾਹਿਕ ਪਤ੍ਰਿਕਾ 'ਸੁਖ ਜੀਵਨ' ਵਿਚ ਛਪੇ ਸਨ)।

1.35 ਪੰਜਾਵਿਆਂ ਦੇ ਲਗਪਗ ਸ਼ੁਰੂ ਹੋਈ ਸਿਖ ਮਿਸ਼ਨਰੀ ਲਹਿਰ ਦਾ ਗੁਰਬਾਣੀ ਸੰਥਿਆ ਵਿਚਲਾ ਯੋਗਦਾਨ ਵੀ ਕੋਈ ਘਟ ਨਹੀਂ। ਮਿਸ਼ਨਰੀ ਸੰਸਥਾਵਾਂ ਦੁਆਰਾ ਸ਼ੁਰੂ ਹੋਈ ਸੰਥਿਆ ਨਾਲ ਭਾਵੇਂ ਸਿਧਾਂਤਕ ਤੌਰ ਉਤੇ ਕਾਫੀ ਸੀਮਾਵਾਂ ਪੈਦਾ ਹੋਈਆਂ, ਪਰ ਜਿਸ ਵਿਧੀਵਧਤਾ, ਭਾਵਨਾ ਤੇ ਉਤਸ਼ਾਹ ਨਾਲ ਮਿਸ਼ਨਰੀ ਸੰਸਥਾਵਾਂ ਨੇ ਸਿਖੀ ਪ੍ਰਚਾਰ/ਪ੍ਰਸਾਰ ਨਾਲ ਗੁਰਬਾਣੀ ਸੰਥਿਆ ਦਾ ਕਾਰਜ ਆਰੰਭਿਆ, ਉਹ ਬੜਾ ਮਾਣਯੋਗ ਰਿਹਾ ਹੈ ਅਤੇ ਸੁਤੰਤਰ ਧਿਆਨ ਅਥਵਾ ਮੁਲੰਕਣ ਦੀ ਮੰਗ ਕਰਦਾ ਹੈ। ਸਤਰਵਿਆਂ (1966) ਵਿਚ ਸ਼ਤਾਬਦੀਆਂ ਮਨਾਉਣ ਨਾਲ ਇਕ ਨਵੇਂ ਪ੍ਰਕਾਰ ਦੀ ਚੇਤਨਾ ਦਾ ਉਦੈ ਹੋਇਆ। ਇਸੇ ਸਮੇਂ ਵਿਚ ਹੀ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜ ਸੌ ਸਾਲਾ ਪ੍ਰਕਾਸ਼ ਸ਼ਤਾਬਦੀ (1969) ਵਿਸ਼ਵ ਪਧਰ ਉਤੇ ਮਨਾਈ ਗਈ, ਜਿਸ ਨਾਲ ਅਨਿਕ ਪ੍ਰਕਾਰੀ ਸਾਹਿਤ ਦਾ ਪ੍ਰਕਾਸ਼ਨ ਹੋਇਆ, ਕਈ ਵਿਸ਼ੇਸ਼ ਅੰਕ ਕਢੇ ਗਏ, ਕਈ ਨਵੇਂ ਖੋਜ ਪਰਚੇ ਨਿਕਲੇ। ਯੂਨੀਵਰਸਿਟੀਆਂ, ਅਕਾਦਮੀਆਂ, ਟਰਸਟ, ਫਾਊਂਡੇਸ਼ਨਾਂ ਆਦਿ ਹੋਂਦ ਵਿਚ ਆਈਆਂ। ਕਈ ਸਕੂਲ, ਕਾਲਜ ਪੈਦਾ ਹੋਏ ਤੇ ਹੋਰ ਬਹੁਤ ਕੁਝ ਹੋਇਆ। ਯੂਨੀਵਰਸਿਟੀ ਪਧਰ ਉਤੇ ਗੁਰਬਾਣੀ ਨੂੰ ਪਾਠ-ਕ੍ਰਮਾਂ ਦਾ ਹਿਸਾ ਵੀ ਇਸੇ ਸਮੇਂ ਹੀ ਸਹੀ ਰੂਪ ਵਿਚ ਬਣਾਇਆ ਗਿਆ, ਕਈ ਕੋਰਸ ਚਾਲੂ ਹੋਏ, ਉਪਾਧੀ ਸਾਪੇਖ ਖੋਜ-ਕਾਰਜਾਂ ਦੀ ਤਾਂ ਇਕ ਤਰ੍ਹਾਂ ਧਾਰਾ ਹੀ ਤੁਰ ਪਈ। 1973 ਵਿਚ ਸਿੰਘ ਸਭਾ ਦੀ 100 ਸਾਲਾ ਸ਼ਤਾਬਦੀ ਉਤੇ ਪਾਠ-ਬੋਧ ਸਮਾਗਮਾਂ ਦੀ ਆਰੰਭੀ ਲੜੀ ਨਾਲ ਇਸ ਖੇਤਰ ਵਿਚ ਕਾਫੀ ਜਾਗਰਤੀ ਆਈ, ਭਾਵੇਂ ਇਹ 'ਲਹਿਰ' ਨਾ ਬਣ ਸਕੀ, ਕਿਉਂਕਿ ਸ਼ਤਾਬਦੀ ਕਮੇਟੀ ਗੁਰਬਾਣੀ ਉਚਾਰਨ ਦੇ ਅਵਿਗਿਆਨਕ ਜਤਨਾਂ ਵਿਚ ਹੀ ਉਲਝ ਗਈ।

1.36 ਵਰਤਮਾਨ ਸਥਿਤੀ ਇਹ ਹੈ ਕਿ ਜਿਥੇ-ਜਿਥੇ ਸਿਖ/ਪੰਜਾਬੀ ਚਲੇ ਗਏ ਹਨ, ਉਥੇ-ਉਥੇ ਗੁਰਦੁਆਰੇ ਉਸਾਰੇ ਗਏ ਹਨ, ਪਰ ਗੁਰਬਾਣੀ ਸੰਥਿਆ ਦੀ ਕਿਸੇ ਇਕ ਅਧ ਥਾਂ ਹੀ ਹਾਜਰੀ ਲਗਦੀ ਹੈ। ਕਈ ਪ੍ਰਕਾਰ ਦੇ ਸੰਗਠਨ ਤੇ ਵਿਅਕਤੀ ਗੁਰਮੁਖਿ ਇਸੇ ਕਾਰਜ ਨੂੰ ਸਮਰਪਿਤ ਹਨ, ਪਰ ਤਾਲਮੇਲ ਕੋਈ ਨਹੀਂ। ਸੂਚਨਾ ਤਕਨਾਲੋਜੀ ਤੇ ਬਿਜਲਈ ਉਪਕਰਨਾਂ (ਜਿਵੇਂ ਇੰਟਰਨੈਟ) ਦੀ ਇਸ ਖੇਤਰ ਵਿਚ ਕਾਫੀ ਵਰਤੋਂ ਵੀ ਹੋਣ ਲਗੀ ਹੈ, ਭਾਵੇਂ ਕਿ ਇਸ ਨਾਲ ਕਈ ਸੀਮਾਵਾਂ ਵੀ ਪੈਦਾ ਹੋ ਗਈਆਂ ਹਨ।

ਉਕਤ ਅਤਿ ਸੰਖੇਪ ਝਲਕ ਤੋਂ ਅਸੀਂ ਦੇਖਦੇ ਹਾਂ ਕਿ ਗੁਰੂ ਬਾਬਾ ਨਾਨਕ ਦੇਵ ਜੀ ਮਹਾਰਾਜ ਤੋਂ ਲੈ ਕੇ ਵਰਤਮਾਨ ਤਕ ਦੀਆਂ ਪੰਜ ਸਦੀਆਂ ਦੇ ਅੰਤਰਾਲ ਵਿਚ ਗੁਰਬਾਣੀ ਸੰਥਿਆ ਦਾ ਇਤਿਹਾਸ ਅਨਿਕ ਦਿਸ਼ਾਵਾਂ ਵਿਚ ਫੈਲਿਆ ਹੋਇਆ ਹੈ। ਅਨੇਕ ਦਿਸ਼ਾਵਾਂ ਵਿਚ ਫੈਲੇ ਇਸ ਮਹਾਂ-ਇਤਿਹਾਸ ਦੀ ਕੁਝ ਬਚੀ-ਖੁਚੀ ਦਸਤਾਵੇਜੀ ਤੇ ਮੌਖਿਕ ਸਮਗਰੀ ਖਿੰਡੀ-ਪੁੰਡੀ ਹੋਈ ਹੈ, ਜਿਸ ਨੂੰ ਵਿਧੀਵਤ ਸਾਂਭਣ ਤੇ ਲਿਖਤੀ ਰੂਪ ਦੇਣ ਦੀ ਸਖਤ ਜਰੂਰਤ ਹੈ। ਇਸ ਖੇਤਰ ਦੀ ਮੁਖ ਸੀਮਾ ਵੇਰਵਿਆਂ ਦੀ ਅਨੁਪਲਬਧੀ ਹੈ, ਜਿਸ ਦੇ ਅਨੇਕ ਕਾਰਨਾਂ ਵਿਚੋਂ ਇਕ ਮੁਖ ਕਾਰਨ ਸਾਡੇ ਬਜ਼ੁਰਗਾਂ, ਸਾਧੂ-ਮਹਾਤਮਾਵਾਂ ਦੇ ਮਸਤ-ਮੌਲਾ ਜੀਵਨ ਸਨ। ਉਹ ਆਪਣਾ-ਆਪ ਜਤਾ ਕੇ ਖੁਸ਼ ਨਹੀਂ ਸਨ, ਸਗੋਂ ਗੁਪਤ ਰੂਪ ਵਿਚ ਪਿਛੇ ਰਹਿ ਕੇ ਸੇਵਾ ਕਰਨੀ ਹੀ ਫਰਜ਼ ਸਮਝਦੇ ਸਨ, ਇਸੇ ਕਰਕੇ ਅਨੇਕ ਲਿਖਤਾਂ ਵਿਚ ਉਨ੍ਹਾਂ ਦੇ ਨਾਂ, ਪਤੇ, ਸਥਾਨ ਆਦਿ ਮਾਲੂਮ ਨਹੀਂ ਹੁੰਦੇ।

ਬਹੁਤ ਸਾਰੇ ਵਿਦਵਾਨ ਸ਼ਰਧਾ ਭਾਵਨਾ ਤਹਿਤ ਆਪਣੇ ਨਾਂ ਦੀ ਥਾਂ, ਆਪਣੇ ਅਧਿਆਪਕ, ਗੁਰੂ ਜਾਂ ਵਡੇਰੇ ਦਾ ਨਾਂ ਲਿਖਤ ਨੂੰ ਅਰਪਿਤ ਕਰ ਦਿੰਦੇ ਸਨ, ਜਿਸ ਨਾਲ ਅਸਲ ਲੇਖਕ/ਲਿਖਾਰੀ ਜਾਂ ਸੰਥਿਆਕਾਰ ਦੀ ਪਛਾਣ ਲੁਪਤ ਹੋ ਜਾਂਦੀ ਸੀ।

ਜੁਗ ਗਰਦੀਆਂ ਤੇ ਸਾਂਭ-ਸੰਭਾਲ ਦੇ ਪੁਖਤਾ ਪ੍ਰਬੰਧ (ਜਿਹੜੇ ਕਿ ਸਾਡੇ ਕੋਲ ਹਾਲੇ ਵੀ ਨਹੀਂ ਹਨ) ਨਾ ਹੋਣ ਕਾਰਨ ਅਨੇਕ ਦਸਤਾਵੇਜਾਂ ਦੇ ਅਗਲੇ-ਪਿਛਲੇ ਪਤਰੇ ਭੁਰ ਜਾਂ ਪਾਟ ਗਏ, ਜਿਸ ਨਾਲ ਹੋਰ ਕਈ ਵੇਰਵਿਆਂ ਸਮੇਤ ਸੰਥਿਆ ਤੇ ਉਤਾਰਿਆਂ ਦੀ ਸੇਵਾ ਕਰਨ ਵਾਲੇ ਲਿਖਾਰੀਆਂ/ਸੰਥਿਆਕਾਰਾਂ ਦੇ ਨਾਂ, ਪਤੇ ਵੀ ਹਮੇਸ਼ਾ ਲਈ ਖਤਮ ਹੋ ਗਏ। ਸਿਖ ਪੰਥ ਆਪਣੀ ਜੰਮਣ-ਪੀੜਾ ਤੋਂ ਹੁਣ ਤਕ ਜਿਸ ਕਿਸਮ ਦੀ ਲਹੂ-ਡੋਲਵੀਂ ਜਦੋ-ਜਹਿਦ ਕਰਦਾ ਆਇਆ ਹੈ, ਉਸ ਨਾਲ ਬਹੁਤ ਕੁਝ ਨਸ਼ਟ ਹੋ ਗਿਆ ਅਤੇ ਬਹੁਤ ਕੁਝ ਬੀਤੇ ਦੇ ਗਰਭ ਵਿਚ ਚਲਾ ਗਿਆ ਹੈ। ਕਈ ਕਾਰਨਾਂ ਕਰਕੇ ਨਾਵਾਂ, ਸੰਮਤਾਂ ਆਦਿ ਵਿਚ ਜਾਲ੍ਹਸਾਜੀਆਂ ਵੀ ਹੁੰਦੀਆਂ ਰਹੀਆਂ। ਕਰੀਬਨ ਦੋ ਸਦੀਆਂ ਗੁਰਬਾਣੀ ਸੰਥਿਆ ਅਤੇ ਲਿਖਤਾਂ ਦੇ ਕੇਂਦਰ ਰਹੇ ਦਮਦਮਾ ਸਾਹਿਬ (ਸਾਬ੍ਹੋ ਕੀ ਤਲਵੰਡੀ) ਦੇ 'ਬੁੰਗਾ ਲਿਖਾਰੀਆਂ' ਬਾਰੇ ਪ੍ਰਸਿਧ ਹੈ ਕਿ ਲਿਖਾਰੀਆਂ ਦੁਆਰਾ ਗੁਰਬਾਣੀ ਸਰੂਪਾਂ ਦੇ ਅੰਤ ਵਿਚ ਵਾਧੂ ਸੂਚਨਾਵਾਂ ਦੀ ਭਰਮਾਰ ਰੋਕਣ ਲਈ ਸਿਆਣੇ ਆਗੂਆਂ ਨੂੰ ਇਹ ਹਦਾਇਤ ਕਰਨੀ ਪਈ ਕਿ ਮੂਲ ਬਾਣੀ ਬਿਨਾਂ ਹੋਰ ਕੁਝ ਵੀ ਲਿਖਣ/ਸ਼ਾਮਿਲ ਕਰਨ ਵਾਲੇ ਨੂੰ 'ਤਨਖਾਹੀਆ' ਕਰਾਰ ਦਿਤਾ ਜਾਵੇਗਾ, ਫਲਸਰੂਪ 'ਤਨਖਾਹ' ਦੇ ਡਰ ਤੋਂ ਲਿਖਾਰੀਆਂ/ਸੰਥਿਆਕਾਰਾਂ ਨੇ ਆਪਣੇ ਨਾਂ, ਪਤੇ, ਸੰਨ-ਸੰਮਤ ਆਦਿ ਦੇਣੇ ਵੀ ਛਡ ਦਿਤੇ। ਇਸ ਪ੍ਰਕਾਰ ਦੀਆਂ ਪ੍ਰਸਥਿਤੀਆਂ ਤੋਂ ਇਲਾਵਾ ਪੁਰਾਣੀਆਂ ਲਿਖਤਾਂ ਵਿਚ ਵੇਰਵੇ ਵੀ ਪੂਰੇ ਦੇਣ ਦਾ ਰਿਵਾਜ ਨਹੀਂ ਸੀ, ਸਿਰਫ਼ ਸੰਪਰਦਾਇ, ਪਰੰਪਰਾ ਜਾਂ ਪਿੰਡ ਆਦਿ ਦੀ ਸੂਚਨਾ ਦੇਣੀ ਹੀ ਕਾਫੀ ਸਮਝੀ ਗਈ। ਸਮੇਂ ਨਾਲ ਕਈ ਨਾਂ-ਥਾਂ ਬਦਲ ਗਏ, ਹੁਣ ਪੁਰਾਣੇ ਨਾਂ ਫੋਲਣੇ 'ਖਾਲਾ ਜੀ ਦਾ ਵਾੜਾ' ਨਹੀਂ ਰਿਹਾ। ਅਲੰਕਾਰਕ ਜਾਂ ਰੂਪਕੀ-ਢੰਗ ਨਾਲ ਦਿਤੇ ਵੇਰਵੇ ਇਕ ਆਪਣੀ ਪ੍ਰਕਾਰ ਦੀ ਹੀ ਸਮਸਿਆ ਬਣੇ ਹੋਏ ਹਨ। ਇਨ੍ਹਾਂ ਤੋਂ ਬਿਨਾਂ ਇਕ ਤੋਂ ਵਧੇਰੇ ਨਾਵਾਂ ਦਾ ਸਮਾਨ ਹੋਣਾ, ਇਕ ਤੋਂ ਵਧੇਰੇ ਨਾਂ ਹੋਣ ਦੀ ਸੂਰਤ ਵਿਚ ਮੁਖੀ ਨਾਂ ਲਭਣਾ ਆਦਿ ਵੀ ਕਈ ਸਮਸਿਆਵਾਂ ਹਨ। ਸਭ ਤੋਂ ਮੁਖ ਸਮਸਿਆ ਸਾਡੀਆਂ ਧਾਰਮਿਕ/ਅਕਾਦਮਿਕ ਸੰਸਥਾਵਾਂ, ਗੁਰੂ ਘਰਾਂ, ਸਾਡੇ ਆਪਣੇ ਪਰਿਵਾਰਾਂ ਆਦਿ ਵਿਚ ਇਸ ਕਿਸਮ ਦੀ ਖੋਜ/ਸੰਭਾਲ ਆਦਿ ਦੀ ਪਰੰਪਰਾ ਹੀ ਮੁਕ-ਸੁਕ ਰਹੀ ਹੈ। ਹੁਣ ਕੌਣ ਯਾਦ ਕਰੇ ਜਾਂ ਸਾਂਭੇ ਉਨ੍ਹਾਂ ਜੀਉੜਿਆਂ ਦੀ ਸਿਮਰਤੀ! ਜਿਨ੍ਹਾਂ ਚੁਪ-ਚਾਪ, ਗੁਰੂ ਦੀ ਭੈ-ਭਾਵਨਾ ਵਿਚ, ਡੂੰਘੇ ਪਾਣੀਆਂ ਦੀ ਨਿਰੰਤਰ ਚਾਲ ਵਾਂਗ, ਗੁਰਬਾਣੀ ਸੰਥਿਆ ਦਾ ਪ੍ਰਵਾਹ ਚਲਾਈ ਰਖਿਆ?

1.38 ਸੋ ਸਾਰ ਵਜੋਂ ਉਕਤ ਵਰਣਿਤ ਪ੍ਰਮੁਖ ਟਕਸਾਲਾਂ, ਵਿਅਕਤੀਗਤ ਅਤੇ ਸੰਪਰਦਾਵਾਂ ਤੋਂ ਬਿਨਾਂ ਇਸ ਖੇਤਰ ਵਿਚਲੇ ਅਨੇਕ ਗੁੰਮਨਾਮ ਗੁਰਮੁਖਾਂ ਦੇ ਜਤਨ ਜਿਕਰਯੋਗ ਹਨ। ਲੋੜ ਇਸ ਗੱਲ ਦੀ ਹੈ ਕਿ ਸਾਡੀਆਂ ਟਕਸਾਲਾਂ, ਸੰਪਰਦਾਵਾਂ, ਲਹਿਰਾਂ ਆਦਿ ਦੇ ਕੀਤੇ ਕਾਰਜਾਂ ਦੀ ਕਿਰਦੀ ਜਾਂਦੀ ਸਿਮਰਤੀ ਨੂੰ ਕਿਸੇ ਵੀ ਹਾਲਤ ਤੇ ਤਰੀਕੇ ਨਾਲ ਬਚਾਇਆ ਜਾਣਾ ਜਰੂਰੀ ਹੈ।

(2) ਧਾਰਮਿਕ ਪਰਿਪੇਖ

ਵਿਸ਼ਾ-ਪ੍ਰਵੇਸ਼: ਗੁਰਬਾਣੀ ਧਰਮ-ਕਾਵਿ-ਰਾਗ-ਦਰਸ਼ਨ ਦਾ ਇਕ ਅਲੌਕਿਕ ਸੁਮੇਲ ਹੈ। ਇਸ ਸੁਮੇਲਤਾ ਵਿਚ 'ਧਰਮ' ਦੀ ਕੇਂਦਰੀ ਥਾਂ ਹੈ; ਦੂਜੇ ਸ਼ਬਦਾਂ ਵਿਚ ਗੁਰਬਾਣੀ ਦਾ ਬੁਨਿਆਦੀ ਚਰਿਤਰ ਰੂਹਾਨੀ ਜਾਂ ਧਾਰਮਿਕ ਹੈ। ਇਉਂ ਕਿਸੇ ਵੀ ਹਵਾਲੇ ਵਿਚ ਗੁਰਬਾਣੀ ਦਾ ਪਾਠ, ਉਚਾਰਨ, ਅਧਿਐਨ, ਖੋਜ ਜਾਂ ਅਨੁਵਾਦ ਹੁੰਦਾ ਹੈ ਤਾਂ ਧਰਮ ਨੂੰ ਦੂਜੈਲੇ ਦਰਜੇ ਉਤੇ ਨਹੀਂ ਕੀਤਾ ਜਾ ਸਕਦਾ। ਗੁਰਬਾਣੀ ਉਚਾਰਨ ਜਾਂ ਸੰਥਿਆ ਦੇ ਹਵਾਲੇ ਵਿਚ ਧਾਰਮਿਕ ਦ੍ਰਿਸ਼ਟੀ (theological approach) ਇਹ ਮੰਗ ਕਰਦੀ ਹੈ ਕਿ ਗੁਰਬਾਣੀ ਪਾਠ ਕਰਦੇ ਸਮੇਂ ਇਕ ਵਿਸ਼ੇਸ਼ 'ਅਦਬ' ਵਿਚ ਰਹਿਣਾ ਨਿਹਾਇਤ ਜਰੂਰੀ ਹੈ। ਅਦਬ ਦੇ ਇਥੇ ਤਿੰਨ ਪਹਿਲੂ ਮੁਖ ਹਨ- ਪਹਿਲਾ ਜਗਿਆਸੂ ਬਿਰਤੀ ਤਥਾ ਪ੍ਰਵਿਰਤੀ; ਦੂਜਾ ਪੰਥਕ ਮਰਯਾਦਾ ਅਤੇ ਤੀਜਾ ਗੁਰਬਾਣੀ ਉਚਾਰਨ ਜਾਂ ਪਾਠ ਨੂੰ ਉਸੇ ਤਰ੍ਹਾਂ ਕਾਇਮ ਰਖਣਾ, ਜਿਵੇਂ ਇਹ ਗੁਰੂ ਸਾਹਿਬਾਨ ਨੇ ਸਾਨੂੰ ਸੌਂਪਿਆ ਹੈ, ਭਾਵ ਇਸ ਦੀ ਹਰ ਲਗ-ਮਾਤ੍ਰ ਦਾ ਓਵੇਂ ਉਚਾਰਨ ਕਰਨਾ, ਜਿਵੇਂ ਪੰਚਮ ਪਾਤਸ਼ਾਹ ਨੇ 'ਸਬਦ' ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਜਾਇਆ ਹੈ; ਇਸ ਹਵਾਲੇ ਨਾਲ ਧਰਮ ਗ੍ਰੰਥ ਦੀ ਭਾਸ਼ਾ ਦਾ ਵਿਸ਼ੇਸ਼ ਸਰੂਪ ਧਿਆਨ ਵਿਚ ਰਖਣਾ ਪੈਂਦਾ ਹੈ। ਇਨ੍ਹਾਂ ਕੁਝ ਪਹਿਲੂਆਂ ਨੂੰ ਧਿਆਨ ਵਿਚ ਰਖ ਕੇ ਗੁਰਬਾਣੀ ਉਚਾਰਨ ਬਾਰੇ ਅਗਲੇ ਪੰਨਿਆਂ ਉਤੇ ਲੋੜੀਂਦੀ ਵਿਚਾਰ ਕੀਤੀ ਜਾ ਰਹੀ ਹੈ:

2.1 ਵਿਅਕਤੀਗਤ ਪਧਰ ਉਤੇ ਗੁਰਬਾਣੀ ਦਾ ਪਾਠ, ਸਿਖਣ/ਸਿਖਾਉਣ ਦੀ ਪ੍ਰਕਿਰਿਆ ਦੇ ਸਫਲ ਹੋਣ ਦੀ ਸੰਭਾਵਨਾ ਇਸ ਪਹਿਲੂ ਤੋਂ ਬਰਾਬਰ ਪ੍ਰਭਾਵਿਤ ਹੁੰਦੀ ਹੈ ਕਿ ਸੰਬੰਧਿਤ ਵਿਅਕਤੀ ਦੇ ਹਿਰਦੇ ਵਿਚ ਗੁਰਬਾਣੀ ਪ੍ਰਤੀ ਕਿਹੋ ਜਿਹਾ ਤੇ ਕਿੰਨਾ ਕੁ ਅਦਬ ਸਤਿਕਾਰ ਹੈ। ਪੰਥਕ ਪਧਰ ਉਤੇ ਸਤਿਕਾਰ ਜਾਂ ਅਦਬ ਦਾ ਪਹਿਲੂ ਗੁਰਬਾਣੀ ਪੋਥੀਆਂ ਦੇ ਰਖ-ਰਖਾਵ, ਦਰਬਾਰ (ਗੁਰਦੁਆਰਾ) ਸਾਹਿਬ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼/ਸੁਖਾਸਨ ਦੀ ਅਦਬ ਭਰੀ ਮਰਯਾਦਾ ਅਤੇ ਇਕ ਥਾਂ ਤੋਂ ਦੂਜੀ ਥਾਂ ਲਿਜਾਣ (ਅਸਵਾਰੇ) ਵੇਲੇ ਦੀ ਮਰਯਾਦਾ ਆਦਿ ਸ਼ਾਮਿਲ ਹੈ। ਸੋ ਧਰਮ ਸ਼ਾਸਤਰੀ ਪਹੁੰਚ ਵਿਚ ਸਰੀਰ ਤੇ ਸਥਾਨ ਦੀ ਸਾਫ਼-ਸਫਾਈ ਤੋਂ ਬਿਨਾਂ ਅੰਦਰ ਦੀ ਸ਼ਰਧਾ ਤੇ ਅਦਬ ਸਮੇਤ ਪੰਥਕ ਪਰੰਪਰਾਵਾਂ ਦਾ ਧਿਆਨ ਰਖਣਾ ਜਰੂਰੀ ਹੈ (ਇਸ ਸੰਬੰਧੀ ਲੋੜੀਂਦਾ ਵਿਧੀ-ਵਿਧਾਨ *ਸਿਖ ਰਹਿਤ ਮਰਯਾਦਾ* ਦੇ 'ਭਾਗ 4 ਅੰਕ' ਵਿਚ 'ਸਾਧ ਸੰਗਤ ਵਿਚ ਜੁੜ ਕੇ ਗੁਰਬਾਣੀ ਦਾ ਅਭਿਆਸ' ਸਿਰਲੇਖ ਤਹਿਤ 'ਗੁਰਦੁਆਰੇ' ਦੇ ਉਪ-ਸਿਰਲੇਖ ਰਾਹੀਂ 'ੳ ਤੋਂ ਢ' ਤਕ, ਪੰਨੇ 12-15, ਪੜ੍ਹਿਆ/ਵਾਚਿਆ ਜਾ ਸਕਦਾ ਹੈ)। ਧਿਆਨ ਰਖਣ ਯੋਗ ਤਥ ਇਹ ਹੈ ਕਿ ਧਾਰਮਿਕ ਸ਼ਰਧਾ ਜਾਂ ਅਦਬ ਦੇ ਨਾਂ ਹੇਠ ਕਈ ਵਾਰ ਸਾਡੀ ਕਿਰਿਆ ਕਰਮਕਾਂਡ ਜਾਂ ਬਨਾਵਟ ਵਿਚ ਬਦਲ ਜਾਂਦੀ ਹੈ, ਇਸ ਤੋਂ ਸੰਭਵ ਹਦ ਤਕ ਬਚਣਾ ਜਰੂਰੀ ਹੈ। ਸੰਥਿਆ ਸਮੇਂ ਗੁਰਬਾਣੀ ਪੋਥੀਆਂ ਦਾ ਅਦਬ-ਅਦਾਬ ਰਖਣਾ, ਸਰੀਰਕ ਸਵਛਤਾ ਅਤੇ ਸੰਥਿਆ ਸਥਾਨ (ਜੋ ਅਕਸਰ ਦਰਬਾਰ ਸਾਹਿਬ ਹੀ ਹੁੰਦਾ ਹੈ) ਦੀ ਮਰਯਾਦਾ ਦਾ ਪਾਲਣ ਜਰੂਰੀ ਹੈ।

2.2 ਗੁਰਬਾਣੀ ਉਚਾਰਨ ਦੇ ਹਵਾਲੇ ਨਾਲ ਅਗਲਾ ਧਰਮ ਸਿਧਾਂਤੀ ਪਹਿਲੂ ਇਹ ਹੈ ਕਿ ਗੁਰਬਾਣੀ ਕੇਵਲ ਗੁਰਮੁਖੀ ਅਖਰਾਂ ਨੂੰ ਵੇਖ ਕੇ ਪੜ੍ਹਨਾ ਮਾਤਰ ਨਹੀਂ। ਇਸ ਵਿਚ ਬਹੁਤ ਕੁਝ ਸ਼ਾਮਿਲ ਹੈ। ਧਰਮ-ਵਿਗਿਆਨਕ ਪਹੁੰਚ ਪਖੋਂ ਗੁਰਬਾਣੀ ਭਾਸ਼ਾ ਦਾ ਇਕ ਵਖਰਾ ਸੰਦਰਭ ਹੈ, ਕਿਉਂਕਿ ਧਰਮ ਦੀ ਭਾਸ਼ਾ, ਆਮ ਭਾਸ਼ਾ ਨਹੀਂ ਹੁੰਦੀ, ਉਸ ਦਾ ਗਹਿਰਾ ਪਿਛੋਕੜ ਤੇ ਅਰਥ ਹੁੰਦਾ ਹੈ। ਸ਼ਰਧਾ, ਭਾਵਨਾ ਤੇ ਪਵਿਤਰਤਾ ਇਸ ਦਾ ਪਰਿਭਾਸ਼ਕ ਲਛਣ ਹੈ। ਧਾਰਮਿਕ ਭਾਵਨਾ ਹੇਠ ਹੀ ਉਸ ਵਿਚ ਸੁਧਤਾ ਤੇ ਸਤਿਕਾਰ ਬਰਾਬਰ ਜੁੜੇ ਰਹਿੰਦੇ ਹਨ (ਪੰਜਾਬ ਵਿਚ ਅੱਜ ਵੀ ਪੁਰਾਣੇ ਬਜ਼ੁਰਗ ਗੁਰਮੁਖੀ ਲਿਖਤ ਨੂੰ

ਪੈਰਾਂ ਹੇਠ ਰੁਲਣ ਨਹੀਂ ਦਿੰਦੇ, ਕਿਉਂਕਿ ਉਨ੍ਹਾਂ ਦੀ ਆਸਥਾ ਹੈ ਕਿ ਇਨ੍ਹਾਂ ਵਿਚ ਬਾਣੀ ਲਿਖੀ ਹੋਈ ਹੈ, ਇਹ ਪਵਿਤਰ ਹਨ)। ਧਰਮ-ਭਾਸ਼ਾ ਦੀ ਲਾਜ਼ਮੀ ਸ਼ਰਤ, ਉਸ ਨੂੰ ਮੰਨਣ ਵਾਲਿਆਂ ਦਾ ਉਸ ਵਿਚ ਪੂਰਨ ਵਿਸ਼ਵਾਸ਼ ਹੁੰਦਾ ਹੈ। ਧਾਰਮਿਕ ਭੈ-ਭਾਵਨਾ ਤਹਿਤ ਧਰਮ ਸੰਰਚਨਾ ਦੇ ਵਿਸ਼ੇਸ਼ ਅਰਥ ਹੋਣ ਕਾਰਨ ਉਸ ਵਿਚ ਆਪਣੇ ਹੀ ਨੇਮ ਵਰਤੀਣ ਲਗਦੇ ਹਨ। ਇਸ ਤਰ੍ਹਾਂ ਗੁਰਬਾਣੀ (ਧਰਮ ਗ੍ਰੰਥ) ਦੀ ਭਾਸ਼ਾ ਆਪਣੇ ਆਪ ਹੀ ਸੰਪੂਰਨ ਤੇ ਵਿਸ਼ੇਸ਼ ਹੋਣ ਦਾ ਪ੍ਰਸੰਗ ਗ੍ਰਹਿਣ ਕਰ ਲੈਂਦੀ ਹੈ। ਇਸ ਹਵਾਲੇ ਨਾਲ ਗੁਰਬਾਣੀ ਮੂਲ ਪਾਠ ਵਜੋਂ 'ਸ਼ੁਧ' ਹੈ, ਇਸ ਦਾ ਉਚਾਰਨ ਵੀ ਮੂਲ ਵਾਲਾ ਹੀ 'ਸ਼ੁਧ' ਹੈ। ਗੁਰਬਾਣੀ ਦੇ ਸ਼ਬਦਾਂ ਉਤੇ ਉਚੇਚ ਭਾਵਾਂ ਦੀ ਪਾਣ ਚੜ੍ਹੀ ਹੋਈ ਹੈ। ਇਸ ਦੀ ਕਾਇਮੀ ਕੇਵਲ ਉਚਾਰਨ ਪਖੋਂ ਹੀ ਨਹੀਂ, ਬਲਕਿ ਹਰ ਪਧਰ ਉਤੇ ਜਰੂਰੀ ਹੈ। ਸਾਡੇ ਵਲੋਂ ਆਇਦ ਕੀਤੀ ਪਾਠ ਦੀ 'ਸ਼ੁਧਤਾ' ਦਾ ਅਧਾਰ, ਮੂਲ ਪਾਠ ਦੀ ਧੁਨੀ ਨੂੰ ਹੂ-ਬ-ਹੂ ਉਚਾਰ ਸਕਣਾ ਹੈ।

2.3 ਗੁਰਬਾਣੀ ਵਿਚ ਸ਼ਬਦਾਂ, ਵਾਕਾਂ ਜਾਂ ਮੁਹਾਵਰਿਆਂ ਦੀ ਵਰਤੋਂ ਭਾਵੇਂ ਉਹੀ ਹੈ, ਜੋ ਨਿਤਾਪ੍ਰਤੀ ਵਰਤੇ ਜਾਂਦੇ ਹਨ, ਪਰ ਇਥੇ ਉਹ ਵਿਸ਼ੇਸ਼ ਰੂਪ ਵਿਚ ਸੰਸਕਾਰੇ ਗਏ ਹਨ। ਉਹ ਪਹਿਲਾਂ ਵਾਲੇ ਨਹੀਂ, ਜੋ ਆਮ ਵਰਤੋਂ ਵੇਲੇ ਸਨ, ਉਦਾਹਰਨ ਲਈ ਨਿਤਾ-ਪ੍ਰਤੀ ਪੀਤਾ ਜਾਣ ਵਾਲਾ 'ਪਾਣੀ' ਗੁਰਦੁਆਰਾ ਸਾਹਿਬ ਦੀ ਹਦੂਦ ਵਿਚ 'ਜਲ' ਬਣ ਜਾਂਦਾ ਹੈ। ਆਮ ਖਾਧਾ ਜਾਣ ਵਾਲਾ 'ਭੋਜਨ', 'ਪ੍ਰਸਾਦਾ' ਬਣ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ 'ਪ੍ਰਕਾਸ਼/ ਸੁਖਾਸਨ/ ਅਸਵਾਰਾ' ਹੁੰਦਾ ਹੈ। ਇਉਂ ਗੁਰਬਾਣੀ ਦਾ ਹਰੇਕ ਸ਼ਬਦ ਪਵਿਤਰ ਹੈ ਅਤੇ ਉਚਾਰਨ ਸਮੇਂ ਉਸ ਦੀ ਮੂਲ ਪਵਿਤਰਤਾ ਕਾਇਮ ਰਖਣੀ ਜਰੂਰੀ ਹੈ। ਗੁਰਬਾਣੀ ਉਚਾਰਨ ਹਵਾਲੇ ਵਿਚ, ਧਰਮ ਵਸਤੂ ਬਣੇ (ਉਦਾਹਰਨ ਵਜੋਂ) 'ਸਬਦ' ਨੂੰ 'ਸ਼ਬਦ' ਨਹੀਂ ਕਿਹਾ ਜਾ ਸਕਦਾ ਅਤੇ ਨਾ ਹੀਂ ਕੋਈ ਹੋਰ ਬਿੰਦੀ, ਟਿਪੀ. ਅਧਕ (ਂ, ੰ, ੱ) ਆਦਿ ਨੂੰ ਕਿਸੇ ਵੀ ਪਧਰ ਉਤੇ ਸ਼ਾਮਿਲ ਕੀਤਾ ਜਾ ਸਕਦਾ ਹੈ। ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ ਗੁਰਬਾਣੀ ਦੇ ਸ਼ਬਦ ਆਪਣੀ ਪਿਛਲੀ (ਅਰਬੀ, ਫਾਰਸੀ, ਸੰਸਕ੍ਰਿਤ...) ਜਾਤ-ਪਾਤ ਤਿਆਗ ਆਏ ਹਨ, ਇਨ੍ਹਾਂ ਨੇ ਗੁਰੂ ਨਾਨਕ ਬਾਬੇ ਦਾ ਅੰਮ੍ਰਿਤ ਛਕ ਲਿਆ ਹੈ, ਭਾਵ ਇਹ ਪਵਿਤਰ ਹੋ ਗਏ ਹਨ। ਹੁਣ ਇਨ੍ਹਾਂ ਦੇ ਉਚਾਰਨ ਵੀ ਉਹੀ ਹੋਣਗੇ ਜਿਵੇਂ ਇਹ ਬਾਣੀ ਵਿਚ ਸਜੇ ਹੋਏ ਹਨ।

2.4 ਗੁਰਬਾਣੀ ਵਿਚ ਅਰਥ ਨਾਲੋਂ ਉਦੇਸ਼/ਉਪਦੇਸ਼ (meaning ਨਾਲੋਂ message) ਮਹਤਾਪੂਰਨ ਹੈ। ਸ਼ਬਦ ਦੇ ਕੀ ਅਰਥ ਹਨ; ਉਹ ਕਿਸ ਧਾਤੂ ਤੋਂ ਵਿਕਸਿਤ ਹੋਇਆ ਹੈ; ਉਸ ਦਾ ਇਤਿਹਾਸਕ ਵਿਕਾਸ-ਕ੍ਰਮ ਕੀ ਹੈ, ਉਹ ਮੂਲਕ ਜਾਂ ਸਾਧਿਤ, ਉਹ ਕਿਸ ਭਾਸ਼ਾਈ ਰੂਪ ਵਿਚ ਹੈ ?...ਆਦਿ ਸਵਾਲ, ਧਰਮ ਵਿਚ ਮਾਇਨੇ ਨਹੀਂ ਰਖਦੇ, ਮਾਇਨੇ-ਖੇਜ਼ ਇਹ ਹੈ ਕਿ ਸਬਦ-ਵਿਸ਼ੇਸ਼ ਖੁਦ ਕੀ ਹੈ ਅਤੇ ਕਹਿੰਦਾ ਕੀ ਹੈ। ਗੁਰਬਾਣੀ-ਪਾਠ ਜੋ ਸੁਣਾਉਂਦਾ ਹੈ, ਉਸ ਦਾ ਮੁਖ ਲਛਣ ਪਵਿਤਰਤਾ (sacredness) ਹੈ। ਪਵਿਤਰਤਾ ਹੀ ਉਸ ਨੂੰ ਬਾਕੀ ਪਾਠਾਂ ਤੋਂ ਵਖਰਿਆਉਂਦੀ ਹੈ। ਗੁਰਬਾਣੀ ਦੀ ਉਚਾਰਨ ਪਵਿਤਰਤਾ ਅਥਵਾ ਸ਼ੁਧਤਾ ਉਹ ਨਹੀਂ, ਜੋ ਅਸੀਂ ਤਰ੍ਹਾਂ-ਤਰ੍ਹਾਂ ਦੀਆਂ ਉਚਾਰਨ 'ਸੋਧਾਂ' ਰਾਹੀਂ ਸਮਝਦੇ ਹਾਂ, ਬਲਕਿ ਉਹ ਹੈ ਜੋ ਗੁਰਬਾਣੀ ਪਾਠ ਸੁਣਾਉਂਦਾ ਹੈ, ਭਾਵ ਜੋ/ਜਿਵੇਂ ਮੂਲ ਲਿਖਿਆ ਗਿਆ ਹੈ।

2.5 ਗੁਰਬਾਣੀ ਵਧੇਰੇ ਸੁਣਨ ; ਮਾਣਨ; 'ਚਖਣ' ਦਾ ਵਿਸ਼ਾ ਹੈ (*ਹਰਿ ਅੰਮ੍ਰਿਤ ਕਥਾ ਸਰੇਸਟ ਊਤਮ ਗੁਰ ਬਚਨੀ ਸਹਜੇ ਚਾਖੀ ॥੮੭*), ਕਹਿਣ; ਬੋਲਣ ਦਾ ਨਹੀਂ। ਗੁਰਬਾਣੀ ਵਿਚ ਸੁਣਾਈ ਦੇ ਰਹੀ 'ਧੁਨੀ' ਕੋਈ ਆਮ 'ਧੁਨੀ' (phone) ਨਹੀਂ,

ਇਹ 'ਅਨਹਦ' ਹੈ, ਇਹ 'ਝੁਣਕਾਰ' ਹੈ; ਪੰਚ ਸਬਦ ਦੀ ਅਨਹਦੁ ਝੁਣਕਾਰੁ ਹੈ (*ਪੰਚ ਸਬਦੁ ਝੁਣਕਾਰੁ ਨਿਰਾਲਮ ਪ੍ਰਭਿ ਆਪੇ ਵਾਇ ਸੁਣਾਇਆ॥* ੧੦੪੦; *ਪੰਚ ਸਬਦ ਧੁਨਿ ਅਨਹਦ ਵਾਜੇ...*੭੬੪)। ਇਥੇ ਸੁਣਾਈ ਦੇ ਰਹੀ ਭਾਸ਼ਾ meta-language ਹੈ, ਇਹ ਦਿਬ-ਰਚਨਾ (Divine-created) ਹੈ। ਜਦੋਂ ਅਸੀਂ ਕਹਿੰਦੇ ਹਾਂ ਕਿ ਰੱਬ ਦੀ ਇਕੋ ਭਾਸ਼ਾ ਹੈ, ਤਾਂ ਬਾਣੀ ਹਵਾਲੇ ਵਿਚ ਸੁਚੇਤ/ਅਚੇਤ ਇਸ਼ਾਰਾ ਇਸੇ ਵਲ ਹੀ ਹੁੰਦਾ ਹੈ। ਇਉਂ ਇਹ ਭਾਸ਼ਾ ਸੰਗੀਤਾਤਮਕ ਤੇ ਪ੍ਰੇਮਮਈ (ਪ੍ਰੇਮ ਸਰੂਪ) God's Will ਹੈ। ਸ਼ਾਂਤੀ, ਚੁਪ, ਸਹਜ, ਮੂਲ ਆਦਿ ਇਸ ਭਾਸ਼ਾ ਦੇ ਕੁਝ ਉਭਰਵੇਂ (ਧਰਮ ਸ਼ਾਸਤਰੀ ਪਰਿਭਾਸ਼ਕ) ਲਛਣ ਹਨ। ਸਮਾਜੀ ਭਾਸ਼ਾਵਾਂ ਕਿਸੇ ਅਰਥ (meaning) ਦੀਆਂ ਮੁਥਾਜ ਹਨ, ਇਹ ਅਰਥ-ਮੁਥਾਜਗੀ ਤੋਂ ਰਹਿਤ ਹੈ। ਇਹ ਖੁਦ ਹੀ ਅਰਥ ਹੈ। ਭੌਤਿਕ ਭਾਸ਼ਾਵਾਂ ਦੇ ਸਿਖਣ, ਸਮਝਣ, ਜਾਂ ਉਚਾਰਨ ਦੇ 'ਨੇਮ' ਹਨ। ਇਸ ਭਾਸ਼ਾ ਨੂੰ ਸਿਖਣ ਲਈ ਕਿਸੇ ਕਾਇਦੇ, ਕੋਸ਼ ਜਾਂ ਕੋਰਸ ਦੀ ਲੋੜ ਨਹੀਂ ਪੈਂਦੀ। ਇਹ 'ਮੰਗਲ' ਗਾਉਣ ਦੀ ਰਸਦਾਇਕ ਅਨਾਹਦ ਕਿਰਿਆ ਹੈ (*ਕਹੁ ਨਾਨਕ ਰਸਿ ਮੰਗਲ ਗਾਏ ਸਬਦੁ ਅਨਾਹਦੁ ਬਾਜਿਓ॥* ੧੨੦੪)। ਪਰਾ-ਭਾਸ਼ਾ ਵਿਚ ਕਿਰਿਆ (act) ਤਾਂ ਹੈ, ਬੋਲ (speech) ਨਹੀਂ। ਇਉਂ ਇਹ 'ਹੋ ਜਾਣ' ਦੀ ਕਿਰਿਆ ਹੈ, ਇਸ ਦੀ 'ਸੋਇ' ਨਾਲ ਤਨ-ਮਨ ਮਉਲ ਜਾਂਦਾ ਹੈ (*ਨੀਕੀ ਰਾਮ ਕੀ ਧੁਨਿ ਸੋਇ ॥ ਚਰਨ ਕਮਲ ਅਨੂਪ ਸੁਆਮੀ ਜਪਤ ਸਾਧੂ ਹੋਇ॥* ੧੨੨੮; *ਸੋਇ ਸੁਣੰਦੜੀ ਮੇਰਾ ਤਨੁ ਮਨੁ ਮਉਲਾ...॥* ੯੬੪)। ਇਸ ਹਵਾਲੇ ਨਾਲ ਗੁਰਬਾਣੀ ਧਾਰਮਿਕ ਭਾਸ਼ਾ ਰਾਹੀਂ ਜੋ ਵੀ ਨਿਰਦੇਸ਼ ਮਿਲਦੇ ਹਨ, ਜਿਨ੍ਹਾਂ ਨੂੰ ਆਤਮਿਕ-ਭਾਵੀ ਉਪਦੇਸ਼ ਵੀ ਕਿਹਾ ਜਾ ਸਕਦਾ ਹੈ, ਮੂਲ ਰੂਪ ਵਿਚ ਹੀ ਸੁਣਨੇ ਜਰੂਰੀ ਹਨ, ਆਪਣਾ ਆਪਾ ਵਿਚ ਨਹੀਂ ਰਲਾਉਣਾ ਹੈ।

2.6 ਗੁਰਬਾਣੀ ਭਾਸ਼ਾ ਦਾ ਇਕ ਲਛਣ ਅਨੁਰੂਪਾਤਮਕ (analogical) ਹੈ। ਇਸ ਸ਼ਬਦ ਦਾ ਭਾਵ ਹੈ ਕਿ ਕੋਈ ਵੀ ਪਦ, ਜੋ ਗੁਰਬਾਣੀ ਵਿਚ ਵਰਤਿਆ ਗਿਆ ਹੈ, ਉਸ ਦੇ ਅਰਥ ਦਾ ਸੰਬੰਧ ਇਸ ਗਲ ਉਤੇ ਨਿਰਭਰ ਹੈ ਕਿ ਉਹ ਵਰਤਿਆ ਕਿਸ ਲਈ ਗਿਆ ਹੈ। ਇਸ ਸਿਧਾਂਤਾਨੁਸਾਰ ਗੁਰਬਾਣੀ ਵਿਚ ਵਰਣਾਤਮਕ ਸ਼ਬਦ-ਰੂਪ ਜਾਂ ਪਦ/ਵਾਕ ਜਦੋਂ ਪਰਮਾਤਮਾ ਜਾਂ ਗੁਰੂ ਸਾਹਿਬਾਨ ਪ੍ਰਥਾਇ ਵਰਤੇ ਜਾਂਦੇ ਹਨ ਤਾਂ ਉਹ ਉਸ ਭਾਵ ਵਿਚ ਨਹੀਂ ਹੁੰਦੇ, ਜਿਸ ਭਾਵ ਵਿਚ ਉਹ ਆਮ ਭਾਸ਼ਾ ਵਿਚ ਹੁੰਦੇ ਹਨ। ਗੁਰੂ, ਪਰਮਾਤਮਾ 'ਪ੍ਰੇਮ' ਕਰਦਾ ਹੈ, ਪਰਮਾਤਮਾ/ਆਤਮਾ 'ਅਮਰ' ਹੈ; ਵਾਹਿਗੁਰੂ 'ਸਚਾ' ਹੈ...ਆਦਿ ਕਥਨਾਂ ਵਿਚ 'ਪ੍ਰੇਮ, ਅਮਰ ਜਾਂ ਸਚੁ' ਭੌਤਿਕ ਭਾਸ਼ਾਈ ਅਰਥਾਂ ਦੇ ਧਾਰਨੀ ਨਹੀਂ, ਜਿਵੇਂ ਬਾਣੀ ਵਿਚ 'ਸਬਦ, ਨਾਮ, ਬਾਣੀ' ਸ਼ਾਇਦ ਕਿਤੇ ਵੀ 'word, name, language' ਨਹੀਂ, ਕਰਤਾਰੀ ਚੇਤਨਾ ਜਾਂ ਹੋਰ ਕੋਈ ਵਡੇਰੀ ਸੂਝ ਹੈ (*ਜਨੁ ਨਾਨਕੁ ਬੋਲੈ ਅੰਮ੍ਰਿਤ ਬਾਣੀ॥* ੯੬; *ਨਾਮੁ ਰਸਾਇਣੁ ਮਨੁ ਤ੍ਰਿਪਤਾਇਣੁ ਗੁਰਮੁਖਿ ਅੰਮ੍ਰਿਤੁ ਪੀਵਾਂ ਜੀਉ॥* ੯੮); ਧਰਮ-ਸ਼ਾਸਤਰੀ ਸੂਝ ਦੇ ਪਧਰ ਉਤੇ 'ਨਾਮੁ' ਕੋਈ ਵਿਆਕਰਨਕ ਪ੍ਰਵਰਗ/ਸ਼ਬਦ-ਸ਼੍ਰੇਣੀ ਨਹੀਂ, ਕਰਤਾਪੁਰਖ ਵਿਚਲੀ ਸਜੀਵ ਚੇਤਨਾ ਹੈ (*ਆਦਿ ਜੁਗਾਦੀ ਰਖਦਾ ਸਚੁ ਨਾਮੁ ਕਰਤਾਰੁ॥* ੧੩੭)। ਇਉਂ ਧਾਰਮਿਕ ਕਥਨ (theological/religious statements) ਵਿਸ਼ੇਸ਼ ਸੁਭਾਅ ਤੇ ਅਰਥਾਂ ਦੇ ਧਾਰਨੀ ਹੁੰਦੇ ਹਨ। ਇਹ ਸ਼ਬਦ ਦੀ ਥਾਂ ਚਿੰਨ੍ਹ, ਸੰਕਲਪ ਅਤੇ ਅਨੁਭਵ ਵਜੋਂ ਕਾਰਜਸ਼ੀਲ ਹੁੰਦੇ ਹਨ। ਇਨ੍ਹਾਂ ਨੂੰ ਕਿਸੇ ਵੀ (ਰੂਪ, ਜੋੜ, ਲਿਪੀ, ਉਚਾਰਨ...) ਪਧਰ ਉਤੇ ਬਦਲਿਆ ਨਹੀਂ ਜਾ ਸਕਦਾ। ਜਦੋਂ ਸਵੈ-ਸੂਝ ਨਾਲ ਗੈਰ-ਕੁਦਰਤੀ ਘੜੀਆਂ ਉਚਾਰਨ 'ਸੇਧਾਂ' ਰਾਹੀਂ ਕਿਸੇ ਸ਼ਬਦ-ਰੂਪ 'ਚਿੰਨ੍ਹ' ਦਾ ਵਿਸ਼ੇਸ਼- ਉਚਾਰਨ ਕਰਨ ਲਈ ਕਿਹਾ ਜਾਂਦਾ ਹੈ ਤਾਂ ਸੰਬੰਧਿਤ ਵਿਚਾਰਾਧੀਨ ਚਿੰਨ੍ਹ ਦੀ ਕਿਹੋ ਜਿਹੀ ਸਥਿਤੀ ਬਣ ਜਾਵੇਗੀ? ਇਸ ਦਾ ਅਨੁਮਾਨ ਲਗਾਉਣਾ ਔਖਾ ਨਹੀਂ। ਉਹ ਭੌਤਿਕ ਪਧਰ ਦੀ ਆਮ ਵਸਤੂ ਬਣ ਜਾਵੇਗਾ।

2.7 ਗੁਰਬਾਣੀ ਵਿਚ 'ਨਾਮ' ਤੇ 'ਨਾਮੀ' ਵਿਚ ਵਖਰੇਵਾਂ ਕਾਇਮ ਨਹੀਂ। ਧਾਰਮਿਕ ਕਥਨਾਂ/ਸ਼ਬਦਾਂ ਦੀ 'ਰੂਪ, ਗੁਣ ਜਾਂ ਕਿਰਿਆ' (form, value, action) ਦੇ ਅਧਾਰ ਉਤੇ ਤੁਲਨਾ ਨਹੀਂ ਹੁੰਦੀ। ਇਥੇ 'ਭਾਸ਼ਾ' ਕਿਸੇ ਵਸਤੂ-ਜਗਤ ਦੀ ਕੇਵਲ ਵਿਚੋਲਗੀ ਨਹੀਂ ਕਰਦੀ, 'ਅਹਿਸਾਸ' ਕਰਾਉਂਦੀ ਹੈ। ਆਮ/ਸਾਹਿਤ/ਵਿਗਿਆਨ ਜਗਤ ਵਿਚ ਮਨੁਖ ਵਸਤੂ-ਜਗਤ ਨਾਲ ਸਿਧਾ ਨਹੀਂ, 'ਭਾਸ਼ਾ' ਰਾਹੀਂ ਸੂਝ ਗ੍ਰਹਿਣ ਕਰਦਾ ਹੈ, ਪਰ ਗੁਰਬਾਣੀ ਵਿਚ 'ਸਬਦ' ਵਿਚੋਲਾ ਨਹੀਂ, ਖੁਦ 'ਖੁਦਾ' ਹੈ, 'ਬਾਣੀ' ਹੈ। ਇਸ ਦੇ ਪ੍ਰਤੀਕ, ਸਚੁ (real) ਨਾਲ ਅੰਦਰੂਨੀ ਤੌਰ ਉਤੇ ਸੰਬੰਧਿਤ ਹਨ; ਤਦਰੂਪ ਹਨ। 'ਬਾਣੀ ਗੁਰੂ ਗੁਰੂ ਹੈ ਬਾਣੀ..ਗੁਰੁ ਬਾਣੀ ਕਹੈ...॥' (੯੮੨) ਅਨੁਸਾਰ ਗੁਰੂ ਖੁਦ, ਬਾਣੀ ਹੈ (ਬਾਣੀ Being Himself ਹੈ), ਬਾਣੀ (ਹੀ) ਗੁਰੂ ਹੈ; ਗੁਰੂ (ਹੀ) ਬਾਣੀ ਹੈ।

2.8 ਗੁਰਬਾਣੀ ਦੇ ਕਥਨ ਧਰਮ ਨਾਲ ਜੁੜੇ ਹੋਏ ਹੋਣ ਕਾਰਨ, ਨੈਤਿਕ ਭਾਵੀ ਵੀ ਹਨ, ਇਹ ਕੁਝ ਕਰਨ (to do) ਦੀ ਤਾਕੀਦ ਅਥਵਾ ਨਿਸ਼ਚਾ ਭਰਦੇ ਹਨ। ਇਨ੍ਹਾਂ ਨਾਲ ਸਾਡੀ ਵਚਨ-ਬਧਤਾ ਹੈ। ਇਹ ਵਚਨ-ਬਧਤਾ ਇਕ ਵਿਸ਼ੇਸ਼ ਪ੍ਰਕਾਰ ਦੀ ਜੀਵਨ-ਜਾਚ ਦਰਸਾਉਂਦੀ ਹੈ। ਇਸ ਤਰ੍ਹਾਂ ਗੁਰਬਾਣੀ ਭਾਸ਼ਾ ਦਾ ਹਰੇਕ ਅੰਗ ਜੀਵਨ-ਜਾਚ ਦਾ ਕੋਈ ਇਕ (ਨੈਤਿਕ) ਢੰਗ ਹੈ। ਇਉਂ ਗੁਰਬਾਣੀ ਭਾਸ਼ਾ (ਜਾਂ ਉਸ ਦੇ ਕਿਸੇ ਸਬਦ) ਨੂੰ ਜਾਣਨ ਦਾ ਮਤਲਬ ਜੀਵਨ-ਜਾਚ ਦੇ ਕਿਸੇ ਢੰਗ ਨੂੰ ਜਾਣਨਾ ਹੈ। ਇਸ ਦਾ ਅੰਦਰਲਾ ਆਪਾ ਰੁਹਾਨੀਅਤ ਨਾਲ ਜੁੜਿਆ ਹੋਇਆ ਹੈ। ਇਸ ਤਰ੍ਹਾਂ ਗੁਰਬਾਣੀ ਉਚਾਰਨ ਸਮੇਂ ਜੀਵਨ-ਸ਼ੈਲੀ ਦਾ ਉਹੀ ਢੰਗ ਮੁਬਾਰਿਕ ਮੰਨਿਆ ਜਾਵੇਗਾ, ਜੋ ਮੂਲ ਗੁਰੂ ਸਾਹਿਬਾਨ ਨੇ ਦਿਤਾ ਹੈ, ਸਾਡੇ ਵਲੋਂ 'ਸ਼ੁਧ' ਕੀਤਾ ਨਹੀਂ।

2.9 ਗੁਰੂ ਸਾਹਿਬਾਨ ਨੇ ਲੋਕ ਭਾਸ਼ਾ ਦਾ ਅਧਿਆਤਮੀਕਰਨ /ਪਵਿਤਰੀਕਰਨ ਕੀਤਾ ਹੈ, ਇਸ ਲੋਕਭਾਸ਼ਾ ਰਾਹੀਂ ਆਪਣਾ ਧਾਰਮਿਕ ਅਨੁਭਵ ਪ੍ਰਗਟ ਕੀਤਾ ਹੈ । ਇਸ ਵਿਚ ਆਪਣੇ ਕੋਲੋਂ ਕੋਈ ਧੁਨੀ ਜੋੜ ਕੇ ਜਾਂ ਲਗੀ ਹੋਈ ਛਡ ਕੇ ਇਸ ਨੂੰ ਅਪਵਿਤਰ ਨਹੀਂ ਕੀਤਾ ਜਾ ਸਕਦਾ। ਇਕ ਉਦਾਹਰਨ ਵਜੋਂ "ਆਦਿ ਸਚੁ ਜੁਗਾਦਿ ਸਚੁ" (ਜਪੁ) ਤੁਕ ਵਿਚ 16 ਗੁਰਮੁਖੀ ਚਿੰਨ੍ਹਾਂ <ਅ • ਾ •ਦ• ਿ• ਸ • ਚ • ੁ • ਜ • ੁ • ਗ • ਾ • ਦ • ਿ• ਸ • ਚ • ੁ > ਰਾਹੀਂ 09 ਧੁਨੀਆਂ /ਆ • ਦਿ • ਸ • ਚੁ • ਜੁ • ਗਾ • ਦਿ • ਸ • ਚੁ/ ਨੂੰ ਪੇਸ਼ ਕੀਤਾ ਗਿਆ ਹੈ। ਇਹ 09 ਧੁਨੀਆਂ (ਧੁਨੀ ਵਿਗਿਆਨਕ ਨਜਰੀਏ ਤੋਂ 16/18 ਧੁਨੀਆਂ), 16 ਚਿੰਨ੍ਹਾਂ ਰਾਹੀਂ, ਸ੍ਰੀ ਸਤਿਗੁਰੂ, ਗੁਰੂ ਨਾਨਕ ਦੇਵ ਜੀ ਹਜੂਰ ਪਾਤਸ਼ਾਹ ਦੇ ਧਾਰਮਿਕ ਅਨੁਭਵ ਵਿਚੋਂ ਪੈਦਾ ਹੋਈਆਂ ਦੈਵੀ-ਧੁਨੀਆਂ (divine waves) ਹਨ। ਸਾਡੇ ਕੋਲ ਕੋਈ ਅਧਿਕਾਰ/ ਅਖਤਿਆਰ ਨਹੀਂ ਕਿ ਅਸੀਂ ਇਕ ਵੀ ਧੁਨੀ ਵਿਚ ਵਾਧਾ (ਜਿਵੇਂ ਸਚੁ ਨੂੰ 'ਸੱਚ/ਚੁ') ਜਾਂ ਘਾਟਾ (ਜਿਵੇਂ ਸਚੁ ਨੂੰ 'ਸਚ') ਕਰੀਏ। ਉਚਾਰਨ ਪਾਠ ਵਿਚ ਇਨ੍ਹਾਂ '16' ਚਿੰਨ੍ਹਾਂ ਦੁਆਰਾ ਨਿਰਮਤ '09' ਧੁਨੀਆਂ ਉਤੇ ਨਿਰਭਰ ਰਹਿਣਾ ਹੀ ਸਹੀ ਜਾਂ 'ਸ਼ੁਧ' ਪਾਠ ਹੈ; ਇਕ ਵੀ ਧੁਨੀ ਛਡਣੀ ਜਾਂ ਕੋਲੋਂ ਪਉਣੀ ਦਰੁਸਤ ਨਹੀਂ। ਧਰਮ ਸ਼ਾਸਤਰੀ ਪਹੁੰਚ-ਵਿਧੀ ਅਨੁਸਾਰ ਗੁਰੂ ਜੀ ਦੁਆਰਾ ਜਿਸ ਅਨੁਭਵ ਵਿਚ 'ਬੈਠ' ਕੇ ਇਹ 16 ਚਿੰਨ੍ਹਾਂ ਰਾਹੀਂ ਪ੍ਰਕਾਸ਼ਿਤ ਹੋ ਰਹੀਆਂ 09 ਧੁਨੀਆਂ ਪੇਸ਼ ਕੀਤੀਆਂ ਗਈਆਂ ਹਨ, ਉਨ੍ਹਾਂ ਦਾ ਪੂਰਾ (ਆਤਮਿਕ) ਲਾਭ ਤਾਂ ਹੀ ਸੰਭਵ ਹੈ, ਜੇ ਉਚਾਰਨ ਵਿਚ ਮੂਲ ਉਤੇ ਕਾਇਮ

ਰਿਹਾ ਜਾਵੇਗਾ। ਇਸ ਉਦਾਹਰਨ ਨੂੰ ਸਮੁਚੀ ਗੁਰਬਾਣੀ ਦੇ ਹਵਾਲੇ ਵਿਚ ਸਮਝਿਆ ਜਾ ਸਕਦਾ ਹੈ। ਧਰਮ ਸ਼ਾਸਤਰੀ ਦ੍ਰਿਸ਼ਟੀ ਤੋਂ ਧਾਰਮਿਕ ਪਾਠਾਂ ਨੂੰ ਲਿਖਤ, ਉਚਾਰਨ ਜਾਂ ਬੋਲਣ ਵਿਚ ਮੂਲ ਪਧਰ ਉਤੇ ਕਾਇਮ ਰਖਿਆ ਜਾਂਦਾ ਹੈ। ਦੁਨੀਆ ਦੇ ਧਰਮ ਗ੍ਰੰਥਾਂ ਦੀਆਂ ਪਾਠ ਪਰੰਪਰਾਵਾਂ ਵਿਚ ਉਚਾਰਨ, ਹਰ ਲਫ਼ਜ਼/ਲਗ-ਮਾਤ੍ਰ ਤਕ ਕੀਤੇ ਜਾਣ ਦੀ ਵਿਵਸਥਾ ਹੈ।

ਸੋ ਧਰਮ ਸ਼ਾਸਤਰੀ ਨੁਕਤਾ ਇਹ ਹੈ ਕਿ ਗੁਰੂ ਸਾਹਿਬਾਨ ਨੇ ਜੋ ਪਵਿਤਰ ਬਾਣੀ ਸਾਨੂੰ ਦਿਤੀ ਹੈ, ਉਹ ਹਰੇਕ ਦ੍ਰਿਸ਼ਟੀ ਤੋਂ ਸੰਪੂਰਨ, ਪਵਿਤਰ (sacred) ਤੇ 'ਸ਼ੁਧ' ਹੈ। ਇਸ ਦੇ ਉਚਾਰਨ ਵਿਚ ਕਿਸੇ ਤਥਾ-ਕਥਿਤ 'ਸੋਧ' ਦੀ ਥਾਂ ਮੂਲ ਲਿਖਤ ਰੂਪ ਮੁਤਾਬਿਕ ਉਚਾਰਨ ਕਰਨ/ ਕਰਾਉਣ ਦੇ ਅਭਿਆਸ ਦੀ ਜਰੂਰਤ ਹੈ। ਇਸ ਦ੍ਰਿਸ਼ਟੀ ਤੋਂ ਸੰਥਿਆ ਦਾ ਕਾਰਜ ਜਗਿਆਸੂ ਨੂੰ ਗੁਰਬਾਣੀ ਦੀਆਂ ਪ੍ਰਾਪਤ ਲਿਖਤੀ ਧੁਨੀਆਂ ਦੇ ਸਰੂਪ ਦਾ ਅਭਿਆਸ ਕਰਨਾ/ ਕਰਾਉਣਾ ਹੈ।

(3) ਕਾਵਿਕ ਪਰਿਪੇਖ

ਵਿਸ਼ਾ-ਪ੍ਰਵੇਸ਼: ਗੁਰਬਾਣੀ ਉਚਾਰਨ ਨੂੰ ਕਾਵਿ-ਵਿਗਿਆਨਕ/ਸ਼ਾਸਤਰੀ ਪਰਿਪੇਖ ਤੋਂ ਵੇਖਣ ਦੇ ਦੋ ਮੁਖ ਕਾਰਨ ਹਨ- ਪਹਿਲਾ ਸਾਰੀ ਗੁਰਬਾਣੀ ਕਾਵਿ ਵਿਚ ਹੈ; ਕਾਵਿ ਰੂਪ ਹੈ, ਦੂਜਾ ਕਾਵਿ ਵਿਚ ਆਮ ਬੋਲਚਾਲ ਜਾਂ ਵਾਰਤਕ ਨਾਲੋਂ ਉਚਾਰਨ ਅਤੇ ਅਰਥ ਦਾ ਸੰਦਰਭ ਵਖਰਾ ਹੁੰਦਾ ਹੈ। ਕਾਵਿ-ਸ਼ਾਸਤਰ ਦਾ ਦਾਰੋਮਦਾਰ ਭਾਵੇਂ ਕਾਵਿ ਦੇ ਸਾਰੇ ਭੇਦਕ ਲਛਣਾਂ (ਛੰਦ, ਪਿੰਗਲ, ਤੁਕ, ਲੈਅ, ਰਵਾਨੀ...) ਨੂੰ ਅਧਿਐਨ ਵਿਸ਼ਾ ਬਣਾਉਣਾ ਹੁੰਦਾ ਹੈ, ਪਰ ਸਹੀ ਅਰਥਾਂ ਵਿਚ 'ਭਾਸ਼ਾ' ਹੀ ਇਸ ਦਾ ਅਧਿਐਨ ਬਿੰਦੂ ਹੁੰਦੀ ਹੈ। ਸੋ ਕਾਵਿ-ਅਧਿਐਨ ਦਾ ਮਹਤਾਪੂਰਨ ਅਯਾਮ (dimension) ਕਾਵਿ-ਭਾਸ਼ਾ ਨੂੰ ਹੀ ਬਣਾਇਆ ਜਾਂਦਾ ਹੈ। ਕਾਵਿ ਬਾਰੇ ਇਥੇ ਕੀਤੀ ਜਾ ਰਹੀ ਵਿਚਾਰ ਸਮਾਨ-ਰੂਪ ਵਾਲੀ ਹੈ, ਵਿਸ਼ੇਸ਼ ਨਹੀਂ ਅਤੇ ਕਾਵਿ ਦੇ ਅਧਾਰਾਂ ਦੀ ਖੋਜ ਕਰਨੀ, ਬਾਣੀ-ਵਿਸ਼ੇਸ਼ ਦੇ ਹਵਾਲੇ ਵਿਚ ਇਕ ਵਖਰਾ ਅਧਿਆਇ ਅਖਤਿਆਰ ਕਰ ਜਾਂਦੀ ਹੈ। ਸਾਡਾ ਦਾਰੋਮਦਾਰ, ਫਿਲਹਾਲ ਕਵਿਤਾ ਦੀ ਰਚਨਾ-ਪ੍ਰਕਿਰਿਆ ਵਿਚ ਕਾਵਿ ਦੇ ਸਰੂਪ ਅਤੇ ਸੰਗਠਨ ਬਾਰੇ ਆਮ ਵਿਚਾਰ ਕਰਨਾ ਹੈ, ਅਤੇ ਉਹ ਵਿਚਾਰ ਵੀ ਗੁਰਬਾਣੀ ਉਚਾਰਨ ਪ੍ਰਸੰਗ ਨੂੰ ਮੁਖ ਰਖ ਕੇ ਹੈ। ਇਥੇ 'ਕਾਵਿ' ਪਦ ਦੀ ਜਿਥੇ ਵਰਤੋਂ ਕੀਤੀ ਹੈ, ਉਸ ਨੂੰ ਆਮ ਕਾਵਿਤਾ ਸਮਝਣ ਦੇ ਨਾਲ ਨਾਲ 'ਬਾਣੀ-ਕਾਵਿ' ਦੇ ਅਰਥਾਂ ਵਿਚ ਵੀ ਗ੍ਰਹਿਣ ਕਰਨਾ ਹੈ (ਭਾਵੇਂ ਇਸ ਬਾਰੇ ਇਹ ਸੁਚੇਤਨਾ ਬਰਾਬਰ ਕਾਇਮ ਹੈ ਕਿ ਗੁਰਬਾਣੀ ਨਾ ਨਿਰੋਲ 'ਕਾਵਿ' ਹੈ ਅਤੇ ਨਾ ਹੀ ਇਹ 'ਆਮ ਕਾਵਿ' ਹੈ; ਕਾਵਿ-ਸੰਦਰਭ ਸਿਰਫ ਅਪਰੋਚ/approach ਹੈ)। ਸੋ ਉਚਾਰਨ ਦੀ ਮੁਢਲੀ ਵਿਚਾਰ ਇਨ੍ਹਾਂ ਹਵਾਲਿਆਂ ਦੇ ਪ੍ਰਸੰਗ ਵਿਚ ਹੀ ਕੀਤੀ ਜਾ ਰਹੀ ਹੈ:

3.1 ਜਦੋਂ ਕਿਸੇ ਕਾਵਿ-ਪਾਠ (ਜਿਵੇਂ ਇਥੇ ਗੁਰਬਾਣੀ) ਦਾ ਕਾਵਿ ਦੀ ਦ੍ਰਿਸ਼ਟੀ ਤੋਂ ਅਧਿਐਨ ਕੀਤਾ ਜਾਂਦਾ ਹੈ ਤਾਂ ਇਹ ਉਸ ਪਾਠ ਦੀ ਵਿਆਕਰਨਕ ਪ੍ਰਵਿਰਤੀ ਨਾਲੋਂ ਉਸ ਦੀ ਸਿਰਜਨਾਤਮਕ ਪ੍ਰਕਿਰਤੀ ਦਾ ਅਧਿਐਨ ਵਧੇਰੇ ਹੁੰਦਾ ਹੈ। ਵਿਆਕਰਨਕ ਦ੍ਰਿਸ਼ਟੀ ਜਿਥੇ ਸਿਧਾਂਤਕ ਹੁੰਦੀ ਹੈ, ਉਥੇ ਸਿਰਜਨਾਤਮਕਤਾ ਦਾ ਸੰਬੰਧ ਸਾਧਨਾਤਮਕ ਹੁੰਦਾ ਹੈ। ਸੌਖੇ ਸ਼ਬਦਾਂ ਵਿਚ ਕਾਵਿਤਾ ਦੀ ਸਿਰਜਣਾ 'ਸਾਧਨਾ' ਦਾ ਪ੍ਰਤੀਫਲ ਹੁੰਦਾ ਹੈ, ਵਿਆਕਰਨਕ ਸੂਝ ਇਥੇ ਦੁਜੈਲੇ ਦਰਜੇ ਉਤੇ ਰਹਿੰਦੀ ਹੈ। ਇਉਂ ਵੀ ਕਹਿ ਸਕਦੇ ਹਾਂ ਕਿ ਕਵਿਤਾ ਲਿਖਣ/ਸਿਖਣ ਤੋਂ ਪਹਿਲਾਂ ਵਿਆਕਰਨ ਨਹੀਂ ਸਿਖੀ ਜਾਂਦੀ, ਜਾਂ ਸਿਖਣਾ ਜਰੂਰੀ ਨਹੀਂ ਹੁੰਦਾ, ਜਦਕਿ ਕਾਵਿ ਰਚਨਾ ਲਈ ਸਿਰਜਨਾਤਮਕਤਾ ਦਾ ਹੋਣਾ ਜਰੂਰੀ ਹੁੰਦਾ ਹੈ, ਬਿਨਾ

ਸਿਰਜਨਾ ਅਤੇ ਸਾਧਨਾ ਤੋਂ ਕਾਵਿ ਦਾ ਉਦਭਵ ਨਹੀਂ ਹੁੰਦਾ। ਇਸ ਹਵਾਲੇ ਵਿਚ ਕਾਵਿ ਨੂੰ ਉਸ ਦੇ ਮੂਲ ਸਰੂਪ ਵਿਚ ਸਾਧਨਾਤਮਕ ਧਰਾਤਲ ਉਤੇ ਅਧਿਐਨ ਅਤੇ ਉਚਾਰਨ ਹਿਸਾ ਬਣਾਇਆ ਜਾਂਦਾ ਹੈ। ਗੁਰਬਾਣੀ ਦਾ ਸਾਧਨਾਤਮਕ ਪਖ ਰੂਹਾਨੀ ਜਾਂ ਆਤਮਿਕ ਧਰਾਤਲ ਨਾਲ ਜੁੜਿਆ ਹੋਇਆ ਤਾਂ ਹੈ ਹੀ, ਕਾਵਿ-ਸੁਹਜ ਨਾਲ ਵੀ ਦੂਰ ਤਕ ਜੁੜਿਆ ਹੋਇਆ ਹੈ। ਇਸ ਤਰ੍ਹਾਂ ਬਾਣੀ-ਕਾਵਿ ਦਾ ਅਧਿਐਨ ਰੂਹਾਨੀ ਜਾਂ ਆਤਮਿਕ ਧਰਾਤਲ ਵਾਂਗ, ਕਾਵਿ-ਸੁਹਜ ਨੂੰ ਅਖੋਂ ਪਰੋਖੇ ਕਰਕੇ ਨਹੀਂ ਹੋ ਸਕਦਾ। ਇਉਂ ਹੀ ਗੁਰਬਾਣੀ ਉਚਾਰਨ ਵੀ, ਕਾਵਿ ਦੀ ਸੁਹਜ ਪ੍ਰਕਿਰਤੀ ਨੂੰ ਪਾਸੇ ਕਰਕੇ ਨਹੀਂ ਹੋ ਸਕਦਾ। ਇਸ ਸੁਹਜ ਦੀ ਕਾਇਮੀ ਇਸ ਦੇ ਮੂਲ ਰੂਪ ਉਤੇ ਧਿਆਨ ਰਖ ਕੇ ਹੀ ਸੰਭਵ ਹੈ। ਆਪਣੇ ਵਲੋਂ ਕਿਸੇ ਧੁਨੀ ਦੇ ਸ਼ਾਮਿਲ ਕਰਨ ਜਾਂ ਹਟਾਉਣ ਨਾਲ ਸੰਭਵ ਨਹੀਂ, ਜਿਹਾ ਕਿ ਅਕਸਰ ਗੁਰਬਾਣੀ 'ਉਚਾਰਨ ਸੇਧਾਂ' ਵਿਚ ਦਰਸਾਇਆ ਗਿਆ ਹੁੰਦਾ ਹੈ।

3.2 ਕਾਵਿ ਦੀ ਨਾਮਾਵਲੀ/ਸ਼ਬਦਾਵਲੀ (ਭਾਵਚਿਤਰ/ideogram) ਸਾਂਸਕ੍ਰਿਤਕ ਤੇ ਸਮਾਜਕ ਸੰਦਰਭਾਂ ਨਾਲ ਵਿਸ਼ਾਲ, ਵਿਆਪਕ ਅਤੇ ਤਹਿਦਾਰ ਧਰਾਤਲ ਉਤੇ ਜੁੜੀ ਹੋਈ ਹੁੰਦੀ ਹੈ। ਵਾਰਤਕ ਦੇ ਕਿਸੇ ਵੀ ਰੂਪ ਦੇ ਮੁਕਾਬਲੇ ਇਸ ਵਿਚ ਸਾਂਸਕ੍ਰਿਤਕ ਚੇਤਨਾ ਦਾ ਸਰੂਪ ਗਹਿਰਾ ਅਤੇ ਤਹਿਦਾਰ ਹੁੰਦਾ ਹੈ। ਕਾਵਿ ਵਿਚ ਵਿਦਵਾਨਾਂ ਨੇ ਜਿਹੜੇ 'ਜਾਦੂ-ਅੰਸ਼ਾਂ' ਨੂੰ ਲਭਿਆ ਹੈ, ਉਸ ਦਾ ਸਰੂਪ ਚੇਤਨਾ ਦੇ ਵਖ ਵਖ ਰੂਪਾਂ (ਜਜਬੇ, ਕਲਪਨਾ, ਭਾਵ, ਬੁਧੀ...) ਨਾਲ ਪਰੁਨਿਆ ਹੋਇਆ ਹੁੰਦਾ ਹੈ, ਜੋ ਇਕ ਅਖੰਡ ਇਕਾਈ ਵਿਚ ਬਝੇ ਹੋਏ ਹੁੰਦੇ ਹਨ। ਬਾਣੀ-ਕਾਵਿ ਵਿਚ ਇਹ ਚੇਤਨਾ, ਸਾਂਸਕ੍ਰਿਤਕ ਚੇਤਨਾ ਤੋਂ ਵੀ ਪਾਰ (ਪਾਰਬ੍ਰਹਮ ਤਕ) ਜਾਂਦੀ ਹੈ। ਇਸ ਚੇਤਨਾ ਦੇ ਸਰੂਪ ਤੇ ਅਰਥ-ਸਮਤਾ ਨੂੰ, ਆਮ ਹਾਲਤ ਵਿਚ ਅਸੀਂ ਵਿਆਖਿਆਵਾਂ/ਟੀਕਾਵਾਂ ਜਾਂ ਅਨੁਵਾਦਾਂ ਰਾਹੀਂ ਸਾਂਸਕ੍ਰਿਤਕ ਅਧਾਰਾਂ ਉਤੇ ਸੰਗਠਿਤ ਕਰਦੇ ਹਾਂ (ਸਾਡੇ ਕੋਲ ਹੋਰ ਰਾਹ ਵੀ ਕੋਈ ਨਹੀਂ ਹੁੰਦਾ), ਇਉਂ ਗੁਰਬਾਣੀ ਦਾ ਉਚਾਰਨ ਸਾਂਸਕ੍ਰਿਤਕ ਅਧਾਰਾਂ ਉਤੇ ਤਥਾ-ਕਥਿਤ ਕਲਪਿਤ ਕੀਤੀਆਂ ਉਚਾਰਨ 'ਸੇਧਾਂ' ਰਾਹੀਂ ਕਰਨਾ, ਗੁਰਬਾਣੀ ਦੇ ਆਪਣੇ ਕਾਵਿ-ਸੁਹਜ ਨੂੰ ਘਟਾਉਣਾ ਹੈ। ਗੁਰਬਾਣੀ ਕਾਵਿ-ਸੁਹਜ ਦਾ ਇਕ ਅਹਿਮ ਪਸਾਰ ਲੋਕ-ਚੇਤਨਾ ਵੀ ਹੈ, ਜੋ ਲੋਕ-ਬੋਲੀ ਉਤੇ ਅਧਾਰਿਤ ਹੈ। ਇਸ ਹਵਾਲੇ ਨਾਲ ਲੋਕ-ਚੇਤਨਾ ਦੀ ਬੋਲੀ ਨੂੰ ਉਸ ਦੇ ਸਥਾਨਕ ਰੰਗਣ ਵਿਚ ਹੀ ਗ੍ਰਹਿਣ ਕੀਤਾ ਜਾਂਦਾ ਹੈ। ਗੁਰਬਾਣੀ ਦੀ ਤਦਭਵੀ ਸ਼ਬਦਾਵਲੀ ਨੂੰ ਜਦੋਂ ਉਚਾਰਨ 'ਸੇਧਾਂ' ਰਾਹੀਂ ਤਤਸਮੀ ਉਚਾਰਨ ਕਰਨ ਦੀ (ਨਿਰ-ਅਰਥਕ) ਕੋਸ਼ਿਸ਼ ਕੀਤੀ ਜਾਂਦੀ ਹੈ, ਤਾਂ ਇਸ ਨਾਲ ਕੇਵਲ ਬਾਣੀ-ਕਾਵਿ ਦਾ ਮੌਲਿਕ ਭਾਸ਼ਾਈ ਸਰੂਪ ਹੀ ਨਹੀਂ ਵਿਗੜਦਾ; ਕਾਵਿਕ ਸੁਹਜ ਚੇਤਨਾ ਵਿਚ ਵੀ ਘਸਮਾਨ ਮਚਦਾ ਹੈ। ਗੁਰਬਾਣੀ ਕਾਵਿ ਦੀ ਮਹਾਨਤਾ ਦਾ ਇਕ ਅਧਾਰ ਭਾਵਚਿਤਰਾਂ ਦਾ ਲੋਕ ਮੁਹਾਵਰੇ ਵਿਚ ਪ੍ਰਯੋਗ ਹੈ, ਜਿਸ ਨੂੰ ਸਾਡੇ ਅਣਜਾਣ ਵੀਰ 'ਸ਼ੁਧ' ਕਰਨ ਲਗੇ ਹੋਏ ਹਨ। ਅਜਿਹੇ ਭਾਵਚਿਤਰਾਂ ਦਾ ਕੇਵਲ ਸ਼ਬਦ-ਰੂਪ ਹੀ ਨਹੀਂ, ਬਲਿਕ ਲਹਿਜਾ ਵੀ ਕਇਮ ਰਖਣਾ ਹੁੰਦਾ ਹੈ (ਜੋ ਅਸੀਂ ਲਗਪਗ ਗੁਆ ਚੁਕੇ ਹਾਂ)।

3.3 ਕਵਿਤਾ ਵਿਚ ਜੁਗਾਂ ਜੁਗਾਂ ਦੀ ਚੇਤਨਾ ਹੁੰਦੀ ਹੈ, ਉਦਾਹਰਨਾਰਥ ਜਦੋਂ ਭਟ ਸਾਹਿਬਾਨ (ਜਿਵੇਂ ਸ੍ਰੀ ਕਲ੍ਹ ਭਟ ਸਾਹਿਬ ਜੀ) 'ਸੁਖਾਂ ਦੇ ਸਾਗਰ ਪਰਮ ਗੁਰੂ ਨਾਨਕ ਜੀ' ਦਾ ਜਸ - ਜੋਗੀ, ਜੰਗਮ, ਇੰਦ੍ਰਾਦਿ, ਪ੍ਰਹਿਲਾਦਿਕ, ਜਨਕਾਦਿ, ਸਨਕਾਦਿ, ਸਿਧ, ਮੁਨਿ, ਧੋਮੁ, ਕਪਿਲਾਦਿ... ਦੁਆਰਾ ਗਾਏ ਜਾਣ ਦਾ ਭਾਵਚਿਤਰ ਸਿਰਜਦੇ ਹਨ, ਤਾਂ ਬਾਣੀ-ਕਾਵਿ ਦੀ ਉਕਤ ਜੁਗ ਚੇਤਨਾ ਦਾ ਪ੍ਰਮਾਣ ਪੁਸ਼ਟ ਹੁੰਦਾ ਹੈ (ਗਾਵਉ ਗੁਨ ਪਰਮਗੁਰੂ ਸੁਖ ਸਾਗਰ ਦੁਰਤ ਨਿਵਾਰਨ ਸਬਦ ਸਰੇ॥੧੩੮੯)। ਇਸੇ

ਕਰਕੇ ਹੀ ਕਾਵਿ ਦੀ ਸਮੀਖਿਆ ਅਨੁਭਵ ਪਧਰ ਉਤੇ ਕੀਤੀ ਜਾਂਦੀ ਹੈ, ਅਰਥ ਪਧਰ ਉਤੇ ਨਹੀਂ। ਇਥੇ 'ਅਨੁਭਵ' ਦਾ ਘੇਰਾ ਬਹੁਤ ਵਿਆਪਕ ਹੁੰਦਾ ਹੈ, ਜਿਵੇਂ ਉਕਤ ਹਵਾਲੇ ਵਿਚ ਭਟ ਕਲ੍ਹਸਹਾਰ ਜੀ ਦਾ ਅਨੁਭਵ ਗੁਰੂ ਜਸ ਨੂੰ ਕਿੰਨੇ ਵਡੇ ਕੈਨਵਸ ਤਕ ਮਹਿਸੂਸਦਾ ਹੈ; ਇਸ ਨੂੰ ਕਿਸੇ ਬਝਵੇਂ ਉਚਾਰਨ ਜਾਂ ਅਰਥ ਵਿਚ ਗ੍ਰਹਿਣ ਜਾਂ ਸਪਸ਼ਟ ਨਹੀਂ ਕੀਤਾ ਜਾ ਸਕਦਾ। ਇਥੇ ਜਗਿਆਸੂ, ਕਾਵਿ ਅਨੁਭਵ ਨੂੰ ਸਵੈ ਅਨੁਭਵ ਵਿਚ ਪਰਿਵਰਤਿਤ ਕਰਨ ਦੀ ਪ੍ਰਕਿਰਿਆ ਵਿਚ ਪੈਂਦਾ ਹੈ। ਇਸ ਤਰ੍ਹਾਂ 'ਅਰਥ ਸਪਸ਼ਟਤਾ' ਇਕ ਗੌਣ/ਦੁਜੈਲੇ ਦਰਜੇ ਦੀ ਚੇਤਨਾ ਰਹਿ ਜਾਂਦੀ ਹੈ। ਇਉਂ 'ਪਰਮਗੁਰੂ ਸੁਖ ਸਾਗਰ' ਇਕ ਦਿਵ ਸੁਨੇਹੇ ਵਾਂਗ ਹੈ। ਇਕ ਹੋਰ ਉਦਾਹਰਨ ਵਜੋਂ "ਪੁਤ੍ਰੀ ਕਉਲੁ ਨਾ ਪਾਲਿਓ..." ਵਿਚਲਾ ਸੁਨੇਹਾ ਗੁਰਿਆਈ ਦੀ ਮਾਣ-ਮਰਯਾਦਾ ਅਤੇ ਸ਼ਾਨ ਦੇ ਉਲਟ ਜੋ ਵੀ ਭੁਗਤੇ, ਉਨ੍ਹਾਂ ਨੂੰ ਗੁਰੂ ਘਰ ਵਲੋਂ ਅਪ੍ਰਵਾਨਗੀ ਦੀ ਦਸਤਕ ਹੈ। ਇਹ ਸੁਨੇਹਾ 'ਪੁਤ੍ਰੀ' ਨੂੰ /ਪੁਤ੍ਰੀਂ/ ਕਹਿਣ ਨਾਲ ਨਹੀਂ ਲਭਦਾ, ਉਸ ਜੁਗ ਚੇਤਨਾ ਨਾਲ ਜੁੜ ਕੇ ਲਭਦਾ ਹੈ, ਜਿਸ ਹਾਲਾਤ ਵਿਚ ਗੁਰਿਆਈ ਦੀ ਸੰਸਥਾ ਸਥਾਪਿਤ ਹੋ ਰਹੀ ਹੈ। ਇਉਂ ਗੁਰਬਾਣੀ-ਕਾਵਿ ਦੀ ਅਪੀਲ ਵਧੇਰੇ ਜਜਬਿਆਂ ਨੂੰ ਹੈ, ਜਿਸ ਵਿਚ ਸੰਦੇਸ਼ (ਵਿਸ਼ਾ-ਵਸਤੂ) ਨੂੰ ਚਿੰਨ੍ਹਾਂ ਰਾਹੀਂ ਸਾਕਾਰ ਕੀਤਾ ਗਿਆ ਹੈ (ਧਿਆਨ ਰਹੇ ਜਜਬਾ, ਵਿਚਾਰ-ਤਤ ਦਾ ਵਿਰੋਧੀ ਨਹੀਂ)। ਇਹ ਸ਼ੈਲੀ ਦੇ ਬਹੁਭਾਂਤੀ ਰੰਗ, ਬਿਰਤਾਂਤ (ਜਿਵੇਂ 'ਪੁਤ੍ਰੀ' ਹਵਾਲੇ ਨਾਲ ਗੁਰਿਆਈ ਸੰਸਥਾ ਦਾ), ਅਤਿਕਥਨੀਆਂ, ਦੁਹਰਾਅ, ਸੂਕਤੀਆਂ (epigram), ਰੀਝਾਂ, ਬੁਣਤਾਂ ਆਤਮਿਕ/ ਮਾਨਸਿਕ/ ਬੌਧਿਕ ਸੋਚਾਂ ਅਤੇ ਸੁਚੇਤਨਾ ਦੇ ਅਨਿਕ ਰੰਗ ਦੀਆਂ ਮੁਖਤਲਿਫ ਤੰਦਾਂ ਇਕ ਖਾਸ ਪ੍ਰਕਾਰੀ ਮਨੋਹਰ ਲੈਅ ਦੀ ਸ਼ਕਲ ਧਾਰਦੀਆਂ ਹਨ, ਜਿਸ ਲੈਅ (rhythm) ਨੂੰ ਨਾ ਅਨੁਵਾਦਿਆ ਜਾ ਸਕਦਾ ਹੈ; ਨਾ ਅਰਥਾਇਆ ਜਾ ਸਕਦਾ ਹੈ, ਸਿਰਫ ਵਿਆਖਿਆ-ਰਹਿਤ ਇਸ ਕਾਵਿ-ਕਦੰਤ ਨੂੰ ਮਹਿਸੂਸਿਆ ਜਾ ਸਕਦਾ ਹੈ। ਉਪਰ ਕੀਤੇ ਸੰਕੇਤ ਮੁਤਾਬਿਕ, ਵਿਆਖਿਆਵਾਂ/ਟੀਕਾਵਾਂ ਜਾਂ ਅਨੁਵਾਦਾਂ ਰਾਹੀਂ ਤਾਂ ਅਸੀਂ ਸਿਰਫ ਸਾਂਸਕ੍ਰਿਤਕ ਅਧਾਰਾਂ ਉਤੇ ਹੀ ਅਰਥਾਂ ਦਾ ਸੰਗਠਿਤ ਕਰਦੇ ਹਾਂ, ਅਹਿਸਾਸ ਅਧਾਰਾਂ/ਪਧਰਾਂ ਉਤੇ ਨਹੀਂ। ਅਹਿਸਾਸ ਦੇ ਅਧਾਰਾਂ ਨੂੰ ਵਿਆਖਿਆ ਵਿਚ ਤਾਂ ਸਾਂਸਕ੍ਰਿਤਕ ਅਧਾਰ ਦਿਤੇ ਜਾ ਸਕਦੇ ਹਨ; ਦਿਤੇ ਵੀ ਜਾਂਦੇ ਹਨ, ਉਚਾਰਨ ਵਿਚ ਨਹੀਂ; ਉਚਾਰਨ ਵਿਚ ਤਾਂ ਅਹਿਸਾਸਾਂ ਦੀ ਤੰਦ ਨੂੰ ਹੀ ਜਿੰਦਾ ਰਖਣਾ ਹੁੰਦਾ ਹੈ। ਇਨ੍ਹਾਂ ਅਹਿਸਾਸਾਂ ਵਿਚ ਬਹੁਤ ਕੁਝ ਅਣ-ਕਿਹਾ ਜਾਂ ਅਧ-ਕਿਹਾ ਹੁੰਦਾ ਹੈ, ਜੋ ਸੁਬੁਧ ਪਾਠਕ ਨੇ ਹੀ ਲਭਣਾ ਹੁੰਦਾ ਹੈ। 'ਸੁਣਿਐ/ਮੰਨਿਐ' ਦੀਆਂ ਜਪੁ-ਪਉੜੀਆਂ ਵਿਚ ਸੁਣਨਾ/ਮੰਨਣਾ ਕੀ ਹੈ? ਇਹ ਅਣਕਿਹਾ ਜਾਂ ਗੈਰ -ਹਾਜ਼ਰ ਅਹਿਸਾਸ ਹੈ, ਜਿਹੜਾ ਵਿਆਖਿਆਕਾਰ ਨੇ ਜਾਣਨਾ ਹੈ। ਇਹ 'ਉਚਾਰ' ਕੇ ਨਹੀਂ ਦਰਸਾਇਆ ਜਾ ਸਕਦਾ। ਕਦੇ ਕਦੇ ਇਨ੍ਹਾਂ ਅਹਿਸਾਸਾਂ ਨੂੰ ਕਲਪਨਾ ਉਡਾਰੀ ਵੀ ਕਹਿ ਦਿਤਾ ਜਾਂਦਾ ਹੈ, ਪਰ ਧਿਆਨ ਰਹੇ ਕਿ ਕਾਵਿ ਵਿਚ ਕਲਪਨਾ ਸਿਰਜਨਾਤਮਕ ਹੁੰਦੀ ਹੈ, ਬੌਧਿਕ ਖਿਆਲ-ਮਾਤਰ ਨਹੀਂ।

3.4 ਕਾਵਿ ਵਿਚ ਅਰਥ ਸਥਿਰ/ਨਿਸ਼ਚਿਤ ਪ੍ਰਕਿਰਤੀ ਦਾ ਧਾਰਨੀ ਨਹੀਂ ਹੁੰਦਾ, ਜਿਵੇਂ ਵਿਗਿਆਨਕ, ਸਮੀਖਿਆਤਮਕ ਜਾਂ ਖੋਜਾਤਮਕ ਕਾਰਜਾਂ (ਵਾਰਤਕ) ਵਿਚ ਹੁੰਦਾ ਹੈ। ਵਾਰਤਕ ਵਿਚ ਸ਼ਬਦ ਵਾਂਗ ਅਰਥ ਵੀ ਵਧੇਰੇ ਭੌਤਿਕ ਵਸਤੂ-ਜਗਤ ਵਿਚ ਵਿਚਰਦੇ ਹਨ, ਜਦਕਿ ਕਾਵਿ ਵਿਚ ਇਹ ਮਾਨਸਿਕ ਵਜੂਦ ਦਾ ਹਿਸਾ ਹੋ ਕੇ ਅਮੂਰਤਨ ਰੂਪ ਵਿਚ ਵਿਚਰਦੇ ਹਨ। ਇਉਂ ਵੀ ਕਿਹਾ ਜਾ ਸਕਦਾ ਹੈ ਕਿ ਸ਼ਬਦ-ਰੂਪ ਦੀ ਸਮੂਹਕ ਅਰਥ ਬਿਨਾਂ, ਤੇ ਸਮੂਹਕ ਅਰਥ ਬਿਨਾਂ ਸ਼ਬਦ-ਰੂਪ ਦੀ, ਹੋਂਦ ਨੂੰ ਕਲਪਨਾ ਜੇ ਅਸੰਭਵ ਨਹੀਂ ਤਾਂ ਕਾਫੀ ਔਖਾ ਜਰੂਰ ਹੈ। ਇਸ ਲਈ ਅਸੀਂ (ਭਰਤ੍ਰਹਰਿ ਦੀ

ਸ਼ਬਦਾਵਲੀ ਵਿਚ) 'ਯੋਗਿਤਾ' ਨੂੰ ਹੀ ਕਲਪ ਸਕਦੇ ਹਾਂ। ਯੋਗਿਤਾ ਵਿਚ ਇਕ ਵਸਤੂ/ ਉਦੇਸ਼/ ਸਾਰ (ਅਰਥ) ਹੁੰਦਾ ਹੈ ਤੇ ਇਕ ਮਾਧਿਅਮ/ ਪ੍ਰਗਟਾ/ ਚਿੰਨ੍ਹ (ਧੁਨੀ) ਹੁੰਦਾ ਹੈ। ਸਾਰ ਤਕ ਪਹੁੰਚਣ ਲਈ ਮਾਧਿਅਮ ਨੂੰ ਬਦਲਿਆ/ ਵਿਗਾੜਿਆ ਨਹੀਂ ਜਾ ਸਕਦਾ। 'ਸਾਰ' (ਤਤ) ਆਪਣੇ ਸੁਭਾਅ ਵਿਚ ਤਹਿਦਾਰ ਹੈ, ਉਸ ਦੀ ਤਹਿ-ਦਰ-ਤਹਿ ਤਕ ਜਾਣ ਲਈ ਮੁਢਲਾ ਮਾਧਿਅਮ 'ਧੁਨੀ', ਉਸੇ ਕਵੀ (ਬਾਣੀਕਾਰ) ਨੇ ਦਸਿਆ ਹੈ, ਜਿਹੜਾ 'ਸਾਰ' ਦੀ ਹਰੇਕ ਤਹਿ ਜਾਂ ਸੀਮਾ ਤਕ ਜਾਣ ਦੇ ਸਮਰਥ ਹੈ। ਅਸੀਂ ਸੰਬੰਧਿਤ ਬਾਣੀਕਾਰ ਦੇ 'ਸਾਰ' ਤਕ ਪਹੁੰਚਣ ਲਈ ਉਸੇ ਦੁਆਰਾ ਦਿਤੇ ਰਸਤੇ (ਉਚਾਰਨ) ਨੂੰ ਅਪਣਾਵਾਂਗੇ (follow ਕਰਾਂਗੇ), ਜਿਸ ਰਾਹੀਂ ਉਹ ਖੁਦ ਗਿਆ ਹੈ, ਦੂਜੇ ਸ਼ਬਦਾਂ ਵਿਚ ਉਹ ਰਾਹ, ਜਿਹੜਾ ਕਵੀ ਖੁਦ ਦਸਦਾ ਹੈ। ਕਵੀ, ਜਿਥੇ ਬਾਣੀਕਾਰ ਹੈ, ਉਥੇ ਤਾਂ ਕਿੰਤੂ ਦੀ ਸੰਭਾਵਨਾ ਹੀ ਕੋਈ ਨਹੀਂ।

3.5 ਸਧਾਰਨ ਬੋਲਚਾਲ ਵਿਚ ਅਰਥਾਂ ਦੀ ਰੂੜ੍ਹੀ (motif)) ਹੋ ਜਾਂਦੀ ਹੈ, ਭਾਵ ਜੋ ਸ਼ਬਦ ਅਸੀਂ ਵਰਤਦੇ ਹਾਂ, ਉਹ ਰੂੜ੍ਹੀ ਅਰਥ ਹੁੰਦੇ ਹਨ। ਕਵੀ ਰੂੜ੍ਹਾਰਥ ਤੋੜ ਦਿੰਦਾ ਹੈ, ਉਸ ਰਾਹੀਂ ਭਾਸ਼ਾ ਸੰਸਕਾਰੀ ਜਾਂਦੀ ਹੈ; ਉਸ ਦੁਆਰਾ ਸੰਸਕਾਰੇ ਗਏ ਸ਼ਬਦਾਂ ਦੇ ਅਰਥ ਰੂੜ੍ਹ ਨਹੀਂ ਹੁੰਦੇ। ਜਿਵੇਂ ਵਾਰਤਕ ਅਰਥਾਂ ਦੀ ਗ੍ਰਹਿਣਯੋਗਤਾ ਵਿਆਪਕ ਹੁੰਦੀ ਹੈ, ਤਿਵੇਂ ਕਾਵਿ ਅਰਥਾਂ ਦੀ ਗ੍ਰਹਿਣਯੋਗਤਾ ਸੰਕੁਚਤ ਹੁੰਦੀ ਹੈ; ਭਾਵ ਕਾਵਿ ਦੇ ਅਰਥ ਗ੍ਰਹਿਣ ਕਰਨ ਦੀ ਸਮਰਥਾ ਸਾਰੇ ਮਨੁਖਾਂ ਵਿਚ ਇਕੋ ਜਿਹੀ ਨਹੀਂ ਤੇ ਨਾ ਹੀ ਕਾਵਿ ਅਰਥਾਂ ਨੂੰ ਆਮ ਬੋਲਚਾਲ ਦੇ ਮੁਕਾਬਲਾਤਨ ਹਰੇਕ ਮਨੁਖ, ਇਕੋ ਪਧਰ ਉਤੇ ਗ੍ਰਹਿਣ ਕਰਦਾ ਹੈ। ਗੁਰਬਾਣੀ ਦੇ ਜਦੋਂ ਕਿਸੇ ਸ਼ਬਦ-ਵਿਸ਼ੇਸ਼ ਦੀ ਵਿਸ਼ੇਸ਼-ਧੁਨੀ ਨੂੰ ਇਹ ਕਹਿ ਕੇ (ਸ਼ੁਧ) ਉਚਾਰਨ ਕਰਨ ਦੀ 'ਸੋਧ' ਦਿਤੀ ਜਾਂਦੀ ਕਿ ਅਜਿਹਾ ਕਰਨ ਨਾਲ ਅਰਥ ਸਪਸ਼ਟ ਹੁੰਦਾ ਹੈ, ਤਾਂ ਇਸ ਦਾ ਭਾਵ ਇਹ ਨਿਕਲਦਾ ਹੈ ਕਿ ਸੰਬੰਧਿਤ 'ਸੋਧ' ਇਕ ਵਿਸ਼ੇਸ਼/ ਰੂੜ੍ਹੀ ਅਰਥ ਦ੍ਰਿੜ੍ਹ ਕਰਾਉਣ ਲਈ ਬਜਿਦ ਹੈ, ਜੋ ਕਾਵਿ ਸਰੂਪ ਦੇ ਪ੍ਰਤੀਕੂਲ ਹੈ। ਉਦਾਹਰਨ ਲਈ ਕੀਰਤਨ ਸਮੇਂ ਸੰਗੀਤ-ਕਾਵਿ ਦੇ ਸੁਮੇਲ/ਮਾਧਿਅਮ ਰਾਹੀਂ ਸੁਣਾਈ ਦਿੰਦੀ ਗੁਰਬਾਣੀ ਦੀ ਮਨੋਹਰ ਧੁਨੀ ਦਾ ਜੋ ਭਾਵ (ਅਤੇ ਪ੍ਰਭਾਵ) ਜਗਿਆਸੂ ਗ੍ਰਹਿਣ ਕਰਦਾ ਹੈ, ਉਹ ਸਟੀਕ/ਕਥਾ ਰਾਹੀਂ ਗ੍ਰਹਿਣ ਕੀਤੇ ਭਾਵ/ਪ੍ਰਭਾਵ ਨਾਲੋਂ ਸਿਫਤੀ ਅੰਤਰ ਵਾਲਾ ਹੁੰਦਾ ਹੈ। ਇਹੀ ਹਵਾਲਾ ਗੁਰਬਾਣੀ ਪਾਠ ਉਚਾਰਨ ਵਿਚ ਦਿਤਾ ਜਾ ਸਕਦਾ ਹੈ। ਸਾਡੀ ਪਰੰਪਰਾ ਵਿਚ ਅਨਿਕ ਸਾਖੀਆਂ/ਕਹਾਣੀਆਂ ਹਨ, ਜਿਥੇ ਪਾਠ ਦੀ ਲੋਅ (ਮਨੋਹਰ ਧੁਨੀ) ਨਾਲ ਤਪਦੇ ਹਿਰਦੇ ਠਰਦੇ ਹਨ। ਵਰਤਮਾਨ ਵੀ ਬਥੇਰੇ ਜਿਉੜੇ ਹਨ, ਜਿਹੜੇ ਇਸ ਲੋਅ ਵਿਚ ਲੈਅਬਧ ਹਨ।

3.6 ਸ਼ਬਦ, ਅਖਰ ਜਾਂ ਧੁਨੀ ਪਰਿਵਰਤਨ ਦੇ ਹਵਾਲੇ ਨਾਲ ਵੀ ਕਾਵਿ ਦੀ ਅਰਥ ਪ੍ਰਕਿਰਤੀ ਨੂੰ ਪਛਾਣਨਾ ਜਰੂਰੀ ਹੈ। ਸਮੀਖਿਆਤਮਕ ਜਾਂ ਖੋਜਾਤਮਕ ਵਾਰਤਾ ਵਿਚ ਸ਼ਬਦ, ਸ਼ਬਦ-ਜੋੜ ਤੋਂ ਲੈ ਕੇ ਅਰਥ ਤਕ, ਅਕਸਰ ਕੋਸ਼ਕ ਅਰਥਾਂ ਵਿਚ ਵਰਤਿਆ ਜਾਂਦਾ ਹੈ। ਉਸ ਵਿਚ ਵਾਧੂ ਭਰਤੀ ਨਹੀਂ ਕੀਤੀ ਜਾਂਦੀ, ਸ਼ਬਦਾਂ ਨੂੰ ਘਟਾਇਆ ਵਧਾਇਆ (ਤੋੜਿਆ-ਮਰੋੜਿਆ) ਨਹੀਂ ਜਾਂਦਾ। ਕਾਵਿ ਵਿਚ ਅਜਿਹੀ ਕੋਈ 'ਨਵਾਬੀ ਕੈਦ' ਨਹੀਂ ਹੁੰਦੀ। ਕਾਵਿ ਵਿਚ, ਪਹਿਲਾਂ ਦੁਹਰਾਏ ਵਿਚਾਰ ਮੁਤਾਬਿਕ, ਕੋਸ਼ਕ ਅਰਥਾਂ ਤੋਂ ਬਿਨਾਂ ਜਿਥੇ ਹੋਰ ਅਰਥ ਵੀ ਹੁੰਦੇ ਹਨ, ਉਥੇ ਕਵੀ ਸ਼ਬਦਾਂ ਨੂੰ ਛੁਟੇਰੇ ਤੇ ਲੰਮੇਰੇ ਵੀ ਕਰ ਲੈਂਦਾ ਹੈ। ਬਿਰਤਾਂਤਕ ਵਾਰਤਕ ਵਿਚ ਅਪ੍ਰਚਲਿਤ, ਉਪਭਾਖਾਈ ਸ਼ਬਦਾਵਲੀ ਦੀ ਵਰਤੋਂ ਜਿਥੇ ਦੋਸ਼ ਮੰਨੀ ਜਾਂਦੀ ਹੈ, ਉਥੇ ਕਾਵਿ ਵਿਚ ਇਹ 'ਪ੍ਰਤਿਭਾ' ਹੁੰਦੀ ਹੈ। ਕਾਵਿ ਵਿਚ ਚਰਨ, ਤੁਕ, ਬੰਦ ਜਾਂ ਪ੍ਰਬੰਧ, ਇਕਾਈ ਬਣਦੇ ਹਨ; ਵਾਰਤਕ

ਵਿਚ ਪੈਰ੍ਹਾ, ਸ਼ਬਦ, ਪਦ, ਵਾਕ ਜਾਂ ਪਾਠ ਇਕਾਈ ਬਣਦੇ ਹਨ। ਕਲਾ ਵਾਂਗ ਕਾਵਿ ਦਾ ਝੁਕਾਅ ਸਥੂਲ ਤੋਂ ਸੂਖਮ ਹੁੰਦਾ ਹੈ, ਵਾਰਤਕ ਵਿਚ ਵਧੇਰੇ ਸਥੂਲਤਾ ਹੁੰਦੀ ਹੈ। ਕਾਵਿ-ਕਲਾ ਦੀ ਭਾਸ਼ਾ, ਗਣਿਤ ਵਾਂਗ ਨਿਸ਼ਚਿਤ ਜਾਂ ਸਥਿਰ, ਸੀਮਾ-ਯੁਕਤ ਨਹੀਂ ਹੁੰਦੀ, ਇਸ ਦੀ ਭਾਸ਼ਾਈ ਵਰਤੋਂ ਵਿਹਾਰ ਦਾ ਘੇਰਾ ਅਤਿਅੰਤ ਲੰਮਾ-ਚੌੜਾ ਹੈ। ਇਸ ਨੂੰ ਕਿਸੇ ਸੀਮਿਤ ਜਿਹੇ ਤਤਕਾਲੀ 'ਅਰਥ' ਦੀ ਸ਼ਪਸਟਤਾ ਲਈ ਸੂਖਮ ਤੋਂ ਸਥੂਲ ਕਰ ਲੈਣਾ, ਕਾਵਿ ਦੀ ਆਪਣੀ ਅਰਥ ਪ੍ਰਕਿਰਤੀ ਵਿਚ ਵਾਧੂ ਦੀ ਦਖਲੰਦਾਜੀ ਤਾਂ ਹੈ ਹੀ; ਕਵੀ ਨਾਲ ਕੀਤਾ ਮਜਾਕ ਵੀ ਹੁੰਦਾ ਹੈ।

3.7 ਜਦੋਂ ਕਾਵਿ ਨੂੰ ਇਕ ਕਲਾ ਤਸਵਰ ਕਰ ਲਿਆ ਜਾਂਦਾ ਹੈ ਤਾਂ ਇਸ ਦੇ ਵਰਗੀਕਰਨ ਅਧਾਰ ਕਈ ਹੋ ਜਾਂਦੇ ਹਨ। ਇਸ ਹਵਾਲੇ ਨਾਲ ਚਿੰਤਕਾਂ ਦਾ ਇਕ ਵਰਗ ਅਜਿਹਾ ਹੈ, ਜਿਹੜਾ ਕਾਵਿ ਨੂੰ 'ਮੰਜਿਲ' ਦੀ ਥਾਂ 'ਸਾਧਨ' ਤਸਵਰ ਕਰਦਾ ਹੈ। ਇਹ ਵਰਗ ਕਾਵਿ ਦੀ ਥਾਂ ਕਾਵਿ-ਵਿਸ਼ੇ ਨੂੰ ਕੇਂਦਰ ਵਿਚ ਲੈ ਆਉਂਦਾ ਹੈ। ਫਿਰ ਇਹ ਵੇਖਿਆ ਜਾਂਦਾ ਹੈ ਕਿ ਸੰਬੰਧਿਤ ਕਾਵਿ ਦੀ ਸਿਖਿਆ, ਕਲਿਆਣ, ਜਾਂ ਵਿਸ਼ਾ ਕੀ ਹੈ। ਸਮਾਜਵਾਦ ਤੇ ਯਥਾਰਥ ਦੀਆਂ ਸਾਰੀਆਂ ਧਾਰਨਾਵਾਂ ਇਸੇ ਪਖ ਵਿਚ ਖੜ੍ਹੀਆਂ ਹਨ। ਇਹ ਧਾਰਨਾ ਮਹਤਵਸ਼ੀਲ ਅਤੇ ਸ਼ਕਤੀਸ਼ਾਲੀ ਹੋਣ ਦੇ ਬਾਵਜੂਦ ਸੀਮਾਵਾਂ ਤੋਂ ਮੁਕਤ ਨਹੀਂ। ਇਸੇ ਧਾਰਨਾ ਦੇ ਸੁਚੇਤ/ਅਚੇਤ 'ਪ੍ਰਭਾਵ' ਤਹਿਤ ਹੇਠ ਹੀ ਸਾਡੇ ਚਿੰਤਕਾਂ/ਜਗਿਆਸੂਆਂ ਦੇ ਕੁਝ ਹਿਸੇ ਨੇ 'ਗੁਰਬਾਣੀ' ਅਤੇ ਇਸ ਦੇ 'ਸੰਦੇਸ਼' ਨੂੰ ਦੋ ਵਖਰੀਆਂ ਇਕਾਈਆਂ ਮੰਨ ਲਿਆ ਹੈ; ਉਦਾਹਰਨਾਰਥ ਜਦੋਂ 'ਗੁਰਬਾਣੀ ਅਤੇ ਨਾਮ' ਨੂੰ ਦੋ ਵਖ ਹੋਂਦਾਂ ਮੰਨ ਲਿਆ ਜਾਂਦਾ ਹੈ/ ਜਾਂ ਅਜਿਹਾ ਪ੍ਰਚਾਰਿਆ ਜਾਂਦਾ ਹੈ ਤਾਂ ਵਰਗ- ਬੌਧਿਕਤਾ ਦੀ ਉਪਰੋਕਤ ਇਕਾਰਥੀ-ਧੁਨੀ ਸਾਫ ਸੁਣਾਈ ਦੇਣ ਲਗ ਜਾਂਦੀ ਹੈ। ਸੌਖੇ ਅਰਥਾਂ ਵਿਚ ਅਸੀਂ ਉਕਤ ਉਦਾਹਰਨ ਦੇ ਹਵਾਲੇ ਨਾਲ ਗੁਰਬਾਣੀ ਦੇ 'ਪਾਠ ਕਰਨ' ਅਤੇ 'ਨਾਮ ਜਪਣ' ਨੂੰ ਦੋ ਵਖਰੇ ਕਾਰਜ ਮੰਨ ਬੈਠਦੇ ਹਾਂ। ਇਹੋ (ਕਾਵਿ ਨੂੰ 'ਮੰਜਿਲ' ਦੀ ਥਾਂ 'ਸਾਧਨ' ਤਸਵਰ ਕਰਨ ਵਾਲੀ) ਧਾਰਨਾ ਕਾਵਿ ਨੂੰ ਹਾਲਾਤ ਦੀ ਪੈਦਾਵਾਰ ਸਮਝਦੀ ਹੈ। ਕਾਡਵੈਲ (C. Caudwell) ਜਦੋਂ ਕਹਿੰਦਾ ਹੈ ਕਿ ਕਲਾ ਉਹ 'ਸਾਧਨ' ਹੈ, ਜੋ ਮਨੁਖ ਨੂੰ ਸਚ (ਯਥਾਰਥ) ਨਾਲ ਜੂਝਣ ਦਾ ਚਾਓ ਭਰਦਾ ਹੈ, ਤਾਂ ਕਾਵਿ ਜਿੰਦਗੀ ਦੀ (ਅਜਿਹੀ) ਆਲੋਚਨਾ ਹੋ ਨਿਬੜਦਾ ਹੈ ਜੋ, ਹਡਸਨ (Hudson,W.H.) ਦੇ ਸ਼ਬਦਾਂ ਵਿਚ, ਕਲਪਨਾ ਤੇ ਭਾਵਨਾ ਦੀ ਓਟ ਵਿਚ ਕੀਤੀ ਜਾਂਦੀ ਹੈ ਅਤੇ ਵਿਲਸਨ (Wilson) ਅਨੁਸਾਰ ਜਜਬਿਆਂ ਨਾਲ ਰੰਗੀ ਅਤੇ ਕਾਰਲਾਈਲ (Carlyle) ਅਨੁਸਾਰ ਬੋਧ-ਗਾਇਕੀ ਹੁੰਦੀ ਹੈ। ਇਸੇ ਬੌਧਿਕ ਧਾਰਨਾ ਕਾਰਨ ਹੀ ਸ਼ਾਇਦ ਵਿਚਲਿਤ ਹੋਇਆ ਮਨ/ਬੋਧ, ਗੁਰਬਾਣੀ ਨੂੰ ਦੁਜੈਲੇ ਦਰਜੇ ਉਤੇ ਕਰਕੇ ਇਸ ਦੀ ਸਿਖਿਆ, ਸੰਦੇਸ਼, ਜਾਂ 'ਅਰਥ' ਨੂੰ ਕੇਂਦਰ ਜਾਂ ਪਹਿਲੇ ਦਰਜੇ ਵਿਚ ਲੈ ਆਉਂਦਾ ਹੈ । ਕਈ ਵਾਰ ਸਥਿਤੀ ਇਥੋਂ ਤਕ ਵੀ ਪਹੁੰਚ ਜਾਂਦੀ ਹੈ ਕਿ ਗੁਰਬਾਣੀ ਪਾਠ ਕਰਨ ਨੂੰ ਹੀ ਨਿਸ਼ੇਧ ਅਰਥਾਂ ਵਿਚ ਲੈ ਲਿਆ ਜਾਂਦਾ ਹੈ। ਸਮਝਣਯੋਗ ਤਥ ਇਹ ਹੈ ਕਿ ਜਿਸ 'ਹੋਂਦ' ਨੂੰ ਅਸੀਂ ਸਿਖਿਆ, ਸੰਦੇਸ਼, ਜਾਂ 'ਅਰਥ' ਕਹਿੰਦੇ/ਸਮਝਦੇ ਹਾਂ ਉਹ ਵਧੇਰੇ ਸਾਡੀ ਵਿਚਾਰਸ਼ੀਲ ਬੋਧ-ਵਸਤੂ ਹੁੰਦਾ ਹੈ, ਜੋ ਸਮੇਂ, ਉਮਰ, ਜਾਂ ਪ੍ਰਸਥਿਤੀ ਅਨੁਸਾਰ ਆਪਣੇ ਆਪ ਨੂੰ ਨਵਿਆਉਂਦਾ, ਵਿਸਤਾਰਦਾ, ਬਦਲਦਾ... ਰਹਿੰਦਾ ਹੈ। ਇਉਂ ਇਹ ਇਕ ਗਤੀਸ਼ੀਲ ਵਰਤਾਰਾ ਹੈ, ਜਦਕਿ ਗੁਰਬਾਣੀ ਕਾਵਿ ਆਪਣੇ ਆਪ ਵਿਚ ਇਕ ਜੀਵੰਤ ਹੋਂਦ ਹੈ, ਜਿਸ ਨੂੰ ਕਾਵਿ ਸ਼ਾਸਤਰ ਦੀ ਕਲਾਸਿਕ ਰਚਨਾ ਮੰਮਟ ਕ੍ਰਿਤ *ਕਾਵਿਯ ਪ੍ਰਕਾਸ਼* ਦੇ ਸ਼ਬਦਾਂ ਵਿਚ "ਹੋਣੀ ਦੇ ਅਸੂਲਾਂ ਤੋਂ ਅਜ਼ਾਦ, ਆਪਣੇ ਆਪ ਵਿਚ ਅਨੰਦਮਈ, ਰਸਮਈ ਤੇ ਸੁਤੰਤਰ ਕਾਵਿ" ਰੂਪ ਵਿਚ ਵੀ ਸਮਝਣਾ ਜਰੂਰੀ ਹੈ, ਜਿਸ ਹਵਾਲੇ ਨਾਲ ਉਕਤ ਧਾਰਨ ਦੀ ਸੀਮਾ ਸਪਸ਼ਟ ਹੋ ਜਾਂਦੀ ਹੈ। ਚਿੰਤਕਾਂ ਦੀ

ਇਕ ਹੋਰ ਸ਼੍ਰੇਣੀ, ਜੋ ਕਾਵਿ-ਭਾਵਨਾ (emotions) ਨੂੰ ਕਾਵਿ ਵਿਚ ਵਿਸ਼ੇਸ਼ ਸਥਾਨ ਦੇਣ ਦੇ ਹਕ ਵਿਚ ਹੈ, ਕਾਵਿ ਵਿਚ ਕਵੀ ਦੀ ਸ਼ਖਸੀਅਤ ਨੂੰ ਤਾਂ ਸ਼ਾਮਿਲ ਕਰਦੀ ਹੀ ਹੈ; ਕਾਵਿ-ਕਾਰਣਾਂ (ਸਿਰਜਣਾ) ਦੇ ਸਾਰੇ ਸਾਂਸਕ੍ਰਿਤਕ ਅਧਾਰਾਂ ਨੂੰ ਮਨਫੀ ਕਰਦੀ ਹੋਈ ਕਾਵਿ ਨੂੰ, ਵਰਡਜਵਰਥ (Wordsworth) ਦੇ ਸ਼ਬਦਾਂ ਰਾਹੀਂ 'ਉਤੇਜਿਤ ਜਜਬਿਆਂ ਦਾ ਸਹਿਜ ਪ੍ਰਗਟਾਵਾ; ਜੋ ਖਾਮੋਸ਼ ਪਲਾਂ ਵਿਚ ਆਉਂਦੇ ਹਨ', ਮੰਨਦੀ ਹੈ। ਤੀਜੀ ਸ਼੍ਰੇਣੀ ਉਕਤ ਦੋਹਾਂ ਧਾਰਨਾਵਾਂ ਨੂੰ ਜੋੜਦਿਆਂ ਕਾਵਿ ਨੂੰ "ਵਿਚਾਰਾਂ ਅਤੇ ਭਾਵਨਾਵਾਂ ਦੇ ਲੈਆਤਮਕ ਪ੍ਰਗਟਾਓ ਦੁਆਰਾ ਰਸ ਪੈਦਾ ਕਰਨ ਦਾ ਹੁਨਰ" ਜਾਣ ਕੇ 'ਸ਼ਾਂਤ ਖਿਣਾਂ ਦੀ ਖੁਦਪ੍ਰਸਤੀ' ਮੰਨਦੀ ਹੈ। ਗੁਰਬਾਣੀ ਕਾਵਿ, ਜੋ ਰੂਹਾਨੀਅਤ (ਜਿਸ ਦਾ ਅਧਿਐਨ ਖੇਤਰ ਧਰਮ-ਸਿਧਾਂਤੀ ਪਹੁੰਚ ਲਈ, ਘਟੋ ਘਟ ਹਥਲੇ ਕਾਰਜ ਵਿਚ ਰਾਖਵਾਂ ਹੈ) ਨਾਲ ਲਬਰੇਜ, ਇਕ ਉਦਾਤ (sublime) ਕਿਸਮ ਦੀ ਲੈਅ ਪੈਦਾ ਕਰਦਾ ਹੈ; ਜਿਸ ਵਿਚ 'ਅਰਥ', ਸਿਖਿਆ, ਸੰਦੇਸ਼..., ਮਹਤਵਸ਼ੀਲ ਅਤੇ ਸ਼ਕਤੀਸ਼ਾਲੀ ਹੋਣ ਦੇ ਬਾਵਜੂਦ, ਦੁਜੈਲੇ ਦਰਜੇ ਦੀ ਚੇਤਨਾ ਬਣਦੇ ਹਨ, ਖੁਦ ਗੁਰਬਾਣੀ/ ਗੁਰਬਾਣੀ-ਪਾਠ, ਧੁਨੀ-ਲੈਅ ਪ੍ਰਥਮ ਰਹਿੰਦੇ ਹਨ; ਨਾ ਕੇਵਲ ਉਚਾਰਨ ਵਿਚ ਹੀ, ਬਲਕਿ ਜੀਵਨ/ਅਧਿਐਨ ਦੀਆਂ ਸਾਰੀਆਂ ਵੰਨਗੀਆਂ ਵਿਚ ਵੀ। ਪਹਿਲਾ ਕਦਮ (ਧਿਆਨ) 'ਧੁਨੀ' ਹੈ; 'ਜਾਣਨਾ' ਤਾਂ ਦੂਜੀ ਥਾਂ ਹੈ (ਧੁਨਿ ਮਹਿ ਧਿਆਨੁ ਧਿਆਨ ਮਹਿ ਜਾਣਿਆ...), ਲੈਅ/ਧੁਨੀ ਦਾ ਕੇਵਲ ਦਰਜਾ ਹੀ ਪ੍ਰਥਮ ਨਹੀਂ, ਕ੍ਰਮ ਵੀ ਪ੍ਰਥਮ ਹੈ। ਇਸ ਹਵਾਲੇ ਨਾਲ ਗਤੀਸ਼ੀਲ ਤੇ ਵਿਚਾਰਸ਼ੀਲ, ਕਿਸੇ ਸੀਮਾਯੁਕਤ 'ਅਰਥ' ਖਾਤਰ ਗੁਰਬਾਣੀ ਲੈਅ ਦੀ ਮੂਲ ਮਨੋਹਰ ਧੁਨੀ ਨੂੰ ਰੰਚਕ ਮਾਤਰ ਵੀ ਬਦਲਿਆ (ਤਥਾ-ਕਥਿਤ ਉਚਾਰਨ ਸੇਧਾਂ ਰਾਹੀਂ 'ਸ਼ੁਧ') ਨਹੀਂ ਕੀਤਾ ਜਾ ਸਕਦਾ। ਸਾਡੀਆਂ ਸ਼ਾਨਦਾਰ ਪਰੰਪਰਾਵਾਂ ਦੀਆਂ ਸਾਰੀਆਂ ਗਵਾਹੀਆਂ ਇਸੇ ਹਕ ਵਿਚ ਭੁਗਤਦੀਆਂ ਹਨ, ਜਿਥੇ 'ਪਾਠ' ਆਪਣੇ ਆਪ ਵਿਚ 'ਨਾਮ' ਹੈ (....ਗੁਰਬਾਣੀ ਹਰਿਨਾਮਿ ਸਮਾਇਆ ॥ ੪੯੫); ਗੁਰਬਾਣੀ ਪਾਠ, ਖੁਦ ਸਰਬ ਰੋਗ ਕਾ ਅਉਖਧ' ਹੈ; ਇਸ ਦੇ 'ਕਰਤਿਆਂ' ਦੀ ਸ਼ਖਸੀਅਤ ਇਸ ਦਾ ਜਰੂਰੀ ਭਾਗ ਹੈ। ਜੇ ਗੁਰਬਾਣੀ 'ਧੁਰ ਕੀ ਬਾਣੀ' ਹੈ ਤਾਂ ਉਚਾਰਨਹਾਰ ਉਸ 'ਧੁਰ' ਨਾਲ ਤਦਰੂਪ ਹੈ; ਪੈਗੰਬਰ ਵਾਂਗ ਵਖਰਾ ਨਹੀਂ; ਕੇਵਲ ਪੈਗਾਮ ਦੇ ਕੇ ਵਖ ਨਹੀਂ ਹੋ ਗਿਆ, ਗੁਰਬਾਣੀ ਦਾ ਹਰ ਬੰਦ " ਕਹੈ ਨਾਨਕ; ਨਾਨਕ ਆਖੈ; ਕਹਿ ਕਬੀਰ; ..." ਦੀ ਗਵਾਹੀ ਭਰਦਾ ਹੈ। ਇਤਿਹਾਸ ਵਿਚ ਜਦੋਂ ਵੀ ਕੋਈ ਵਡੇਰੀ (ਖੁਸ਼ੀ ਜਾਂ ਗਮੀ ਵਾਲੀ) ਪ੍ਰਸਥਿਤੀ ਬਣੀ ਹੈ, ਸ੍ਰੀ ਗੁਰੂ ਗ੍ਰੰਥ ਸਾਹਿਬ ਦਾ 'ਅਵਾਜਾ' ਲਿਆ ਗਿਆ ਹੈ; ਗੁਰਬਾਣੀ 'ਵਾਕ ਵਿਸ਼ਵਾਸ਼' ਉਤੇ ਸਿਖ ਪਰੰਪਰਾ ਦੀ ਹਰੇਕ ਸ਼ਾਨਦਾਰ ਨੀਂਹ ਦੀ ਉਸਾਰੀ ਹੋਈ ਹੈ। ਹੁਣ ਵੀ ਜਦੋਂ ਖੁਸ਼ੀ/ਗਮੀ ਵਾਲੇ ਹਾਲਾਤ ਬਣਦੇ ਹਨ, ਸਿਖ/ਜਗਿਆਸੂ ਗੁਰਬਾਣੀ 'ਪਾਠ' ਦੀ ਸ਼ਰਨ ਲੈਂਦਾ ਹੈ; 'ਅਰਥ/ਟੀਕੇ/ਵਿਆਖਿਆ' ਦੀ ਨਹੀਂ। ਰੋਜਾਨਾ ਨਿਤਨੇਮ ਵੀ ਅਸੀਂ ਗੁਰਬਾਣੀ ਦਾ ਹੀ ਕਰਦੇ ਹਾਂ ਆਪੇ ਸਿਰਜੀ 'ਸਿਖਿਆ' ਦਾ ਨਹੀਂ, ਕਿਉਂਕਿ ਮਸਲਾ ਮੂਲ/ਮੌਲਿਕ ਅਨੁਭਵ ਦਾ ਹੈ। ਸਪਸ਼ਟ ਹੈ ਕਿ ਜੀਵਨ ਦੀਆਂ ਸਾਰੀਆਂ ਵੰਨਗੀਆਂ ਵਿਚ ਪਾਠ ਪ੍ਰਧਾਨ/ਪ੍ਰਥਮ ਹੈ। ਇਸ ਪ੍ਰਥਮ ਧੁਨੀ ਰੂਪ ਪਾਠ ਨੂੰ, ਉਸ ਦੇ ਉਸੇ ਪ੍ਰਥਮ ਰੂਪ ਵਿਚ ਰਖਣਾ ਹੈ, ਜਿਵੇਂ ਉਹ ਧੁਨੀ ਪ੍ਰਾਪਤ ਹੁੰਦੀ ਹੈ। ਇਥੇ ਇਕ ਤਥ ਵਲ ਵਿਸ਼ੇਸ ਧਿਆਨ ਦੇਣ ਦੀ ਜਰੂਰਤ ਹੈ ਕਿ ਜਦੋਂ ਅਸੀਂ ਅਰਥ ਜਾਂ ਸਿਖਿਆ ਨਾਲੋਂ ਧੁਨੀ ਨੂੰ ਮਹਤਾ ਦੇ ਰਹੇ ਹਾਂ, ਤਾਂ ਇਸ ਦਾ ਇਹ 'ਅਰਥ' ਕਦਾਚਿਤ ਨਹੀਂ ਕਿ ਸਿਖਿਆ ਜਾਂ ਅਰਥ ਮਹਤਾਯੋਗ

ਨਹੀਂ, ਅਰਥ/ਸਿਖਿਆ ਦੀ ਆਪਣੀ ਥਾਂ ਹੈ ਤੇ ਬੇਹਦ ਮਹਤਾਯੋਗ ਹੈ; ਇਥੇ ਸਿਰਫ ਕਾਵਿ ਦੇ ਸੰਦਰਭ ਵਿਚ ਕ੍ਰਮ ਜਾਂ ਸ਼ਥਾਨ ਦੀ ਵਿਚਾਰ ਕੀਤੀ ਗਈ ਹੈ।

3.8 ਪਹਿਲਾਂ ਕੀਤੇ ਸੰਕੇਤ ਮੁਤਾਬਿਕ, ਕਾਵਿ ਦੇ ਅਰਥ ਵਿਉਤਪਤੀ ਉਤੇ ਘਟ, ਮਾਨਸਿਕ ਬਣਤਰ ਉਪਰ ਵਧੇਰੇ ਆਸ਼ਰਿਤ ਹੁੰਦੇ ਹਨ, ਇਹ 'ਪ੍ਰਭਾਵ' ਰੂਪ ਵਿਚ ਪਛਾਣੇ ਜਾਂਦੇ ਹਨ। ਸਾਡੇ ਉਤੇ ਹੋਰ ਵਿਧਾਵਾਂ ਨਾਲੋਂ (ਸੰਗੀਤ ਅਤੇ) ਕਾਵਿ ਦਾ 'ਪ੍ਰਭਾਵ' ਵਧੇਰੇ ਪੈਂਦਾ ਹੈ। ਇਸ ਵਿਚ ਵਰਤੇ ਗਏ ਸ਼ਬਦਾਂ ਦਾ ਇਕ ਪਰਿਪੇਖ ਹੁੰਦਾ ਹੈ (ਇਹ ਸਿਧਾਂਤਕ, ਇਤਿਹਾਸਕ, ਅਧਿਆਤਮਕ... ਹੋ ਸਕਦਾ ਹੈ), ਇਉਂ ਬਾਣੀ-ਕਾਵਿ ਸ਼ਬਦ 'ਕੀਮਤਾਂ' ਨਾਲ ਸੰਬੰਧਿਤ ਹਨ, ਜਿਨ੍ਹਾਂ ਦਾ ਪ੍ਰਭਾਵ ਟਿਕਾਊ, ਅਮੀਰ, ਠੋਸ ਤੇ ਚਿਰਸਥਾਈ ਹੈ। ਕਾਵਿ 'ਧੁਨੀ' ਅਤੇ ਸਰੋਤੇ ਉਤੇ ਪੈ ਰਿਹਾ 'ਪ੍ਰਭਾਵ' ਇਕ ਵੀ ਹਨ, ਅਲਗ ਵੀ (ਏਕ ਹੈ, ਅਨੇਕ ਹੈ... ਫਿਰਿ ਏਕ ਹੈ)। ਇਸ ਦਾ ਕਾਰਨ ਇਹ ਹੈ ਕਿ ਬਾਣੀ ਕਾਵਿ-ਭਾਸ਼ਾ ਵਿਚਲੇ ਸ਼ਬਦ, ਸ਼ਬਦੀ ਅਰਥ ਨਾ ਦੇ ਕੇ ਵਿਅੰਜਿਤ ਅਰਥ ਦਿੰਦੇ ਹਨ, ਕਿਉਂਕਿ (ਪਹਿਲਾਂ ਕਹੇ ਅਨੁਸਾਰ) ਕਾਵਿ ਦੇ ਕੋਸ਼ਗਤ ਅਰਥ ਨਾਂਵਾਂ/ਥਾਵਾਂ/ਬਿਰਤਾਂਤਾਂ ਤੇ ਪ੍ਰਸੰਗਾਂ ਉਪਰ ਅਧਾਰਿਤ ਹੁੰਦੇ ਹਨ, ਵਿਉਤਪਤੀ ਉਪਰ ਨਹੀਂ। ਇਹ ਮੂਲ ਸੂਚਕ ਹਨ। ਇਨ੍ਹਾਂ ਦਾ ਸੰਬੰਧ ਕਵੀ ਦੇ ਮਨੋ-ਜਗਤ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਦੀ ਪ੍ਰਕਿਰਤੀ ਬਹੁ-ਪਰਤੀ ਹੈ ਕਿਉਂਕਿ ਕਾਵਿ-ਭਾਸ਼ਾ, ਆਮ ਭਾਸ਼ਾ ਦੇ ਮੁਕਾਬਲੇ, ਬਹੁ-ਪਰਤੀ ਹੁੰਦੀ ਹੈ ਜਦੋਂ ਕਿ ਵਿਗਿਆਨ ਦੀ ਭਾਸ਼ਾ, ਇਕ-ਅਰਥੀ ਤੇ ਇਕ-ਪਰਤੀ ਹੁੰਦੀ ਹੈ। ਇਸੇ ਬਹੁ-ਪਰਤੀ ਪ੍ਰਕਿਰਤੀ ਵਿਚ ਹੀ ਕਲਾਤਮਕਤਾ ਤੇ ਸੁਹਜਾਤਮਕਤਾ ਸ਼ਾਮਿਲ ਹੁੰਦੀ ਹੈ, ਜਿਸ ਦਾ ਪ੍ਰਭਾਵ ਪੈਂਦਾ ਹੈ। ਬਹੁ-ਅਰਥੀ ਦਾ ਭਾਵ ਉਸ ਦੀਆਂ ਤੈਹਾਂ, ਇਕ ਤੋਂ ਵਧੇਰੇ ਹੁੰਦੀਆਂ ਹਨ। ਇਨ੍ਹਾਂ ਤੈਹਾਂ ਤਕ ਪਹੁੰਚਣ ਲਈ ਧਰਮ, ਸਭਿਆਚਾਰ, ਸੁਹਜ, ਮਿਥ, ਅਭਿਆਸ ਆਦਿ ਵਧੇਰੇ ਸਾਥ ਦਿੰਦੇ ਹਨ, ਕੋਸ਼ੀ ਜਾਂ 'ਸ਼ੁਧ' ਉਚਾਰਨ ਰਾਹੀਂ ਸਪਸ਼ਟ ਕੀਤੇ 'ਅਰਥ' ਨਹੀਂ। ਇਸੇ ਕਰਕੇ ਕਵਿ-ਭਾਸ਼ਾ ਕੇਵਲ ਸੰਚਾਰ ਹੀ ਨਹੀਂ ਕਰਦੀ, ਪ੍ਰਭਾਵਿਤ ਤੇ ਪ੍ਰੇਰਿਤ ਵੀ ਕਰਦੀ ਹੈ। ਇਹ ਪ੍ਰਭਾਵ ਤੇ ਪ੍ਰੇਰਨਾ ਬਣਾਈ ਰਖਣ ਲਈ ਜਰੂਰੀ ਹੈ ਕਿ ਬਾਣੀ-ਕਾਵਿ ਦੀ ਹਰ ਤੰਦ ਨੂੰ ਉਚਾਰਨ ਸਮੇਤ, ਉਸ ਦੇ ਮੂਲ ਸਰੂਪ ਵਿਚ ਸੁਰਖਿਅਤ ਰਖਿਆ ਜਾਵੇ।

3.9 ਕਾਵਿ ਨੂੰ ਪਰਿਭਾਸ਼ਤ ਕਰਨ ਦੇ ਸਾਰੇ ਜਤਨ, ਕਾਵਿ ਭਾਸ਼ਾ ਨੂੰ ਇਕ ਜੁਜ ਵਜੋਂ ਸ਼ਾਮਿਲ ਕਰਦੇ ਹਨ ਤੇ ਕਰੀਬਨ ਹਰੇਕ ਪਰਿਭਾਸ਼ਾ/ਵਿਦਵਾਨ ਨੇ ਕਾਵਿ ਭਾਸ਼ਾ ਨੂੰ ਆਮ ਭਾਸ਼ਾ ਤੋਂ ਵਿਲਖਣ, ਸ੍ਰੇਸ਼ਟ ਜਾਂ ਵਖਰੀ ਮੰਨਿਆ ਹੈ। ਕਾਵਿ ਭਾਵਾਤਮਕ ਹੁੰਦੀ ਹੈ, ਦੂਜੇ ਸ਼ਬਦਾਂ ਵਿਚ ਕਵਿਤਾ ਵਿਚ ਭਾਸ਼ਾ ਦੀ ਵਰਤੋਂ ਭਾਵਾਤਮਕ ਹੁੰਦੀ ਹੈ। ਆਮ ਭਾਸ਼ਾ ਸੰਕੇਤਕ ਜਾਂ ਪ੍ਰਸੰਗਕ ਹੁੰਦੀ ਹੈ, ਪਰ ਕਾਵਿ ਭਾਸ਼ਾ ਭਾਵਮੂਲਕ/ਸੰਵੇਗਾਤਮਕ ਹੁੰਦੀ ਹੈ। ਸੌਂਦਰਯ ਅਨੁਭੂਤੀ ਪਾਠਕਾਂ/ਸ੍ਰੋਤਿਆਂ ਵਿਚ ਪੈਦਾ ਕਰਨਾ ਕਾਵਿ-ਭਾਸ਼ਾ ਦਾ (ਪੂਰਬੀ/ਪਛਮੀ) ਪਰੰਪਰਾ ਦੁਆਰਾ ਮੰਨਿਆ ਪ੍ਰਮੰਨਿਆ ਲਛਣ ਹੈ, ਪਰ ਨਾਲ ਹੀ ਧਿਆਨਯੋਗ ਹੈ ਕਿ ਭਾਸ਼ਾ, ਕਾਵਿ ਦਾ ਜਮਾਂਦਰੂ 'ਤਤ' ਨਹੀਂ, ਕਾਵਿ ਦੇ ਹੋਰ ਸਾਰੇ ਤਤ (ਬਿੰਬ, ਪ੍ਰਤੀਕ, ਅਲੰਕਾਰ, ਕਲਪਨਾ...) ਇਸ (ਭਾਸ਼ਾ) ਉਤੇ ਅਧਾਰਿਤ ਹਨ। ਖੁਦ ਕਾਵਿ ਇਕ ਵਿਸ਼ਿਸ਼ਟ ਪ੍ਰਕਾਰ ਦੀ ਭਾਸ਼ਾਈ-ਸਿਰਜਣਾ ਹੈ। ਭਾਸ਼ਾ ਤੇ ਕਾਵਿ ਅਟੁਟ ਸੰਬੰਧਾਂ ਵਿਚ ਬਝੇ ਹੋਏ ਹਨ। ਕਾਵਿ, ਆਖਰ ਇਕ ਖਾਸ ਤਰ੍ਹਾਂ ਦੀ ਭਾਸ਼ਾ ਹੀ ਤਾਂ ਹੈ। ਕਾਵਿ-ਭਾਸ਼ਾ ਦੀ ਲੈਆਤਮਕਤਾ ਤੇ ਕਲਪਨਾਤਮਕਤਾ ਇਸ (ਕਾਵਿ) ਨੂੰ ਹੋਰਾਂ ਸਾਹਿਤ ਰੂਪਾਂ ਤੋਂ ਭਿੰਨਤਾ ਪ੍ਰਦਾਨ ਕਰਦੀ ਹੈ। ਕਾਵਿ ਦੇ ਮੰਨੇ ਜਾਂਦੇ ਗੁਣ -ਲੈਅ, ਸੰਗੀਤ, ਚਿਤ੍ਰਾਤਮਕਤਾ- ਸਭ ਭਾਸ਼ਾਈ ਗੁਣ ਹਨ। ਜਦੋਂ ਕਿਸੇ ਕਵੀ/ਬਾਣੀਕਾਰ ਦੀ

ਮੌਲਿਕ ਕਾਵਿ 'ਪ੍ਰਤਿਭਾ' ਅਥਵਾ ਅਨਭੂਤੀ ਦੇ ਮੁਹਾਂਦਰੇ ਦੀ ਪਛਾਣ ਕੀਤੀ ਜਾਂਦੀ ਹੈ ਤਾਂ ਮੂਲ ਕਾਵਿ-ਭਾਸ਼ਾ ਵਿਚੋਂ ਹੀ ਹੁੰਦੀ ਹੈ; ਉਚਾਰਨ ਸੇਧਾਂ ਰਾਹੀਂ 'ਨਵਿਆਈ' (ਅਸਲ ਵਿਚ ਭ੍ਰਸ਼ਟਿਆਈ) ਭਾਸ਼ਾ ਰਾਹੀਂ ਨਹੀਂ। ਭਾਸ਼ਾਈ ਤਾਜ਼ਗੀ ਤੇ ਮੌਲਿਕਤਾ ਇਸ ਭਾਸ਼ਾ ਦੇ ਵਿਸ਼ੇਸ਼ ਲਛਣ ਹੁੰਦੇ ਹਨ। ਕੇਵਲ ਉਚਾਰਨ ਵਿਚ ਹੀ ਨਹੀਂ, ਹਰ ਪ੍ਰਸੰਗ ਵਿਚ ਹੀ ਬਾਣੀ ਕਾਵਿ ਦੀ ਤਾਜ਼ਗੀ ਤੇ ਮੌਲਿਕਤਾ ਕਾਇਮ ਰਖਣੀ ਹੁੰਦੀ ਹੈ।

3.10 ਜੋ ਤਰਕ/ਜੁਗਤਾਂ ਆਮ/ਵਿਗਿਆਨ ਭਾਸ਼ਾ ਲਈ ਫਾਲਤੂ ਹਨ (ਜਿਵੇਂ ਅਲੰਕਾਰ, ਰੂਪਕ, ਛੰਦ, ਪ੍ਰਤੀਕ...), ਉਹ ਕਾਵਿ-ਭਾਸ਼ਾ ਦਾ ਸ਼ਿੰਗਾਰ ਹਨ। 'ਫਾਲਤੂ' ਤੇ 'ਲਾਜ਼ਮ' ਦਾ ਬੁਨਿਆਦੀ ਫਰਕ ਕਾਵਿ-ਭਾਸ਼ਾ ਨੂੰ ਆਮ ਭਾਸ਼ਾ ਤੋਂ ਨਿਖੇੜ ਦਿੰਦਾ ਹੈ, ਕਿਉਂਕਿ ਕਾਵਿ-ਭਾਸ਼ਾ ਸਿਰਜਨਾਤਮਕ; ਰਚਨਾਤਮਕ ਹੁੰਦੀ ਹੈ, ਪਰ ਆਮ ਭਾਸ਼ਾ ਬਿਰਤਾਂਤਕ ਜਾਂ ਸੂਚਨਾਤਮਕ ਹੁੰਦੀ ਹੈ। ਸਿਰਜਨਾਤਮਕਤਾ ਵਿਚ ਸਭ ਤੋਂ ਜਿਕਰਯੋਗ ਪਖ ਸੁਹਜਾਤਮਕਤਾ ਦਾ ਹੁੰਦਾ ਹੈ। ਇਸ ਵਿਚ, ਪਹਿਲਾਂ ਕੀਤੇ ਇਸ਼ਾਰੇ ਅਨੁਸਾਰ ਸ਼ੈਲੀ, ਵਿਆਕਰਨ, ਸ਼ਾਸਤਰੀਅਤਾ ਆਦਿ ਦੁਜੈਲੇ ਦਰਜੇ ਦੀ ਚੇਤਨਾ ਹੁੰਦੀ ਹੈ, ਇਸ ਦੇ ਉਲਟ ਆਮ ਭਾਸ਼ਾ ਵਿਚ ਸ਼ੈਲੀ ਤੇ ਵਿਆਕਰਨਕ ਸ਼ੁਧਤਾ ਦੀ ਚੇਤਨਾ ਪਹਿਲਾ ਸਥਾਨ ਗ੍ਰਹਿਣ ਕਰਦੀ ਹੈ। ਦੂਜੇ ਸ਼ਬਦਾਂ ਵਿਚ ਕਾਵਿ-ਭਾਸ਼ਾ ਅੰਤਰਬੋਧ ਸੌਂਦਰਯਪਰਕ (aesthetic oriented) ਹੁੰਦੀ ਹੈ, ਜਦਕਿ ਆਮ ਭਾਸ਼ਾ ਬੁਧੀਪਰਕ (intellect oriented) ਹੁੰਦੀ ਹੈ। ਕਾਵਿ ਵਿਚ 'ਭਾਸ਼ਾ' ਦੀ ਥਾਂ 'ਭਾਵਾਂ' ਦੀ ਵਧੇਰੇ ਥਾਂ ਹੈ, ਇਸੇ ਕਰਕੇ ਇਸ ਨੂੰ ਪਰਾ ਭਾਸ਼ਾ (heightened language) ਵੀ ਕਿਹਾ ਜਾਂਦਾ ਹੈ। ਇਉਂ ਹੀ ਆਮ ਭਾਸ਼ਾ ਵਿਚ ਵਿਰੋਧਾਭਾਸ਼ੀ ਕਥਨ (paradoxical statement) ਸਮਸਿਆ ਖੜ੍ਹੀ ਕਰਦੇ ਹਨ, ਜਦਕਿ ਕਾਵਿ-ਭਾਸ਼ਾ ਵਿਚ ਵਿਰੋਧਾਭਾਸ਼, ਸੁਹਜ ਦੇ ਨਾਲ ਬਹੁ-ਪਰਤੀ ਚੇਤਨਾ ਬਖਸ਼ਦੇ ਹਨ। ਆਮ ਜਾਂ ਮਿਆਰੀ ਭਾਸ਼ਾ ਵਿਚ ਭਾਸ਼ਾ ਦੇ ਪ੍ਰਤਿਮਾਨਾਂ ਨੂੰ ਤੋੜਿਆ ਨਹੀਂ ਜਾਂਦਾ, ਜਦਕਿ ਕਾਵਿ-ਭਾਸ਼ਾ ਇਨ੍ਹਾਂ ਦੀ ਬਹੁਤੀ ਪ੍ਰਵਾਹ ਨਹੀਂ ਕਰਦੀ।

3.11 ਇਹ ਸਹੀ ਹੈ ਕਿ ਜਿਹੜਾ ਅਨੁਭਵ ਕਵਿਤਾ ਨੂੰ ਜਨਮ ਦਿੰਦਾ ਹੈ, ਉਹ ਵਾਰਤਕ ਨਾਲੋਂ ਨਿਸ਼ਚੇ ਹੀ ਫਰਕ ਵਾਲਾ ਹੈ। ਇਉਂ ਕਾਵਿ ਤੇ ਵਾਰਤਕ ਵਿਚ ਫਰਕ ਕਰਨ ਵਾਲੇ ਕਈ 'ਅਨੁਭਵੀ ਤਤ' ਹਨ। ਪਹਿਲਾ ਪਛਾਣਯੋਗ ਤਤ 'ਛੰਦ' ਹੈ। ਪਰੰਪਰਾ ਅਨੁਸਾਰ 'ਛੰਦ' ਵਾਰਤਕ ਤੇ ਕਾਵਿ ਵਿਚ ਭੇਦ ਕਰਨ ਵਾਲਾ ਤਤ ਹੈ, ਭਾਵੇਂ ਵੇਗ ਜਾਂ ਚਾਲ ਵਧੇਰੇ ਭੇਦਕ 'ਤਤ' ਹਨ। ਕਾਵਿ ਵਿਚ ਉਪਮਾਵਾਂ, ਰੂਪਕ-ਲੜੀਆਂ, ਦੁਹਰਾਉ ਆਦਿ ਜਿਥੇ ਸ਼ੋਭਾ ਦਾ ਸ਼ਿੰਗਾਰ ਹਨ, ਉਥੇ ਵਾਰਤਕ ਵਿਚ ਇਨ੍ਹਾਂ ਦੀ ਇਕ ਸੀਮਾ ਤੋਂ ਵਧੇਰੇ ਗਿਣਤੀ ਦੋਸ਼ ਪੂਰਨ ਹੋ ਜਾਂਦੀ ਹੈ। ਇਉਂ ਹੀ ਕਾਵਿ ਵਿਚ ਭਾਵਨਾ, ਕਲਪਨਾ, ਸੁਹਜ ਆਦਿ ਦਾ ਭਾਵੇਂ ਬਰਾਬਰ ਮਿਕਦਾਰ ਵਿਚ ਹਿਸਾ ਹੈ, ਪਰ 'ਬਿੰਬ' ਦਾ ਵਿਸ਼ੇਸ ਸਥਾਨ ਹੈ। ਫਲਸਫੇ ਵਿਚ ਜੋ ਸਥਾਨ 'ਸੰਕਲਪ' ਦਾ ਹੈ, ਉਹੀ ਕਾਵਿ ਵਿਚ 'ਬਿੰਬ' ਦਾ ਹੈ। ਕਾਵਿ ਦੀ ਕਲਪਨਾ ਸ਼ਕਤੀ (ਧਰਮ ਵਿਚ ਅਨੁਭਵ ਸ਼ਕਤੀ) ਜਿਸ ਨੂੰ ਬਿੰਬ ਬਣਾਉਂਦੀ ਹੈ, ਫਲਸਫੇ ਵਿਚ ਵਿਚਾਰ ਸ਼ਕਤੀ ਉਸੇ ਨੂੰ ਸੰਕਲਪ ਬਣਾ ਦਿੰਦੀ ਹੈ, ਪਰ ਕਲਾ-ਮਾਧਿਅਮ ਰਾਹੀਂ ਜੋ ਕੁਝ ਗ੍ਰਹਿਣ ਜਾਂ ਪ੍ਰਗਟ ਹੁੰਦਾ ਹੈ, ਉਸ ਨੂੰ ਸੰਕਲਪ ਮਾਧਿਅਮ ਵਿਚ ਅਨੁਵਾਦਿਆ ਨਹੀਂ ਜਾ ਸਕਦਾ। ਇਕ ਸੀਮਾ ਵਿਸ਼ੇਸ਼ ਤਕ ਉਸ ਦੀ ਵਿਆਖਿਆ ਕੀਤੀ ਜਾ ਸਕਦੀ ਹੈ, ਵਿਆਖਿਆ ਮੂਲ (ਕਾਵਿ-ਪਾਠ) ਦਾ (ਸਾਡਾ) ਸਮਕਾਲੀ ਸਰਲੀਕਰਨ ਹੀ ਹੁੰਦਾ ਹੈ, ਸਮਝ ਨਹੀਂ। ਵਿਆਖਿਆ ਤੇ ਸਮਝ ਵਿਚ ਨਿਖੇੜਾ ਹੈ, ਵਿਰੋਧ ਨਹੀਂ; ਨਿਖੇੜਾ, ਵਿਰੋਧ ਦਾ

ਪਰਿਆਏ ਨਹੀਂ। ਇਸੇ ਕਰਕੇ ਕਾਵਿਤਾ 'ਬਿੰਬ' ਦੀ ਬੋਲੀ ਰਾਹੀਂ ਬੋਲਦੀ ਹੈ ਅਤੇ ਉਸ (ਕਵੀ) ਨੂੰ 'ਅਰਥ' ਸਮਝਾਉਣ ਦੀ ਸਮਸਿਆ ਨਹੀਂ ਹੁੰਦੀ, ਉਸ ਦਾ ਕਰਤਬ ਤਾਂ ਬਿੰਬ ਸਿਰਜਣਾ ਹੁੰਦਾ ਹੈ। ਬਿੰਬ ਰਾਹੀਂ ਸਿਆਣਪ (wisdom, ਜਿਸ ਨੂੰ ਉਪਰ 'ਸਮਝ' ਕਿਹਾ ਹੈ) ਨੂੰ ਦਰਸਾਇਆ ਜਾਂਦਾ ਹੈ ਅਤੇ ਇਹ (ਬਿੰਬ/ ਸਿਆਣਪ) 'ਮਾਣਨ' ਲਈ ਹੁੰਦਾ ਹੈ, ਜਦਕਿ ਵਿਚਾਰ 'ਜਾਣਨ' ਲਈ ਹੁੰਦਾ ਹੈ। ਚਿੰਤਕ ਤਾਂ ਇਥੋਂ ਤਕ ਵੀ ਚਲੇ ਗਏ ਹਨ ਕਿ ਜਿੰਦਗੀ ਭਰ ਵਿਚ ਸਿਰਫ ਇਕ ਬਿੰਬ ਪੇਸ਼ ਕਰਨਾ ਹੀ ਭਾਰੀ-ਭਰਕਮ ਪੁਸਤਕਾਂ ਲਿਖਣ ਨਾਲੋਂ ਬਿਹਤਰ ਹੈ (Ezra Pound)। ਵਿਆਕਰਨ ਦੀ ਬੋਲੀ ਵਿਚ ਸ਼ਬਦ-ਰੂਪ ਵਿਚ ਪ੍ਰਾਪਤ ਹੋ ਰਹੇ ਗੁਰਬਾਣੀ 'ਵਾਕ' (ਬਿੰਬ ਦੀ ਉਸਾਰੀ ਵਾਕ ਦੇ ਸਾਰੇ ਸ਼ਬਦ-ਰੂਪ ਮਿਲ ਕੇ ਕਰਦੇ ਹਨ) ਤਾਂ ਹੀ 'ਬਿੰਬ' ਰਹਿਣਗੇ, ਜੇਕਰ ਗੁਰਬਾਣੀ ਮੂਲ ਦੀ ਖੁਸ਼ਬੂ ਅਤੇ ਬਾਣੀਕਾਰ-ਸ਼ਖਸੀਅਤ ਦੀ ਰੰਗੀਨੀ ਵਿਚ ਰੰਗੇ ਹੋਣਗੇ; ਤਨਕ-ਮਾਤਰ ਵੀ 'ਸਾਡਾ ਰੰਗ' ਬਾਣੀਕਾਰ ਦੇ 'ਬਿੰਬ' ਨੂੰ ਸਾਡੇ ਸਮਕਾਲ ਦਾ ਵਿਚਾਰ-ਰੰਗ ਚਾੜ੍ਹ ਦੇਵੇਗਾ। ਧਿਆਨਯੋਗ ਹੈ ਕਿ ਸਮਕਾਲ ਦਾ ਵਿਚਾਰ-ਰੰਗ ਚਾੜ੍ਹਨ ਲਈ ਅਦਬ-ਦੁਨੀਆ ਨੇ 'ਵਿਆਖਿਆ' (ਟੀਕੇ, ਕੋਸ਼, ਭਾਸ਼, ਅਨੁਵਾਦ, ਕਥਾ...) ਲਈ ਰਾਖਵਾਂ ਕੀਤਾ ਹੋਇਆ ਹੈ।

3.12 ਕਾਵਿ ਨੂੰ ਕਿਸੇ ਭਾਸ਼ਾ ਦੇ ਦਸਤਾਵੇਜ ਦੀ ਹੈਸੀਅਤ ਵਿਚ ਵੀ ਵੇਖਿਆ ਜਾ ਸਕਦਾ ਹੈ (ਬਲਕਿ ਵੇਖਿਆ ਵੀ ਗਿਆ ਹੈ)। ਇਸ ਤੋਂ ਕਾਵਿ-ਸਮਕਾਲ ਦਾ ਜੁਗ-ਬੋਧ ਸਮਝਿਆ ਜਾਂਦਾ ਹੈ। ਇਸੇ ਤਰ੍ਹਾਂ ਸੁਹਜ ਅਤੇ ਉਸ ਦੇ ਪ੍ਰਭਾਵ ਨੂੰ ਜਾਣਨ ਦਾ ਅਧਾਰ ਕਵੀ ਦੀ ਕਾਵਿ-ਭਾਸ਼ਾ ਬਣਦੀ ਹੈ; ਸ਼ੈਲੀ ਅਧਿਐਨ ਤਾਂ ਹੈ ਹੀ ਕਾਵਿ ਦੇ ਸੁਹਜ ਤੇ ਪ੍ਰਭਾਵਾਂ ਦਾ ਅਧਿਐਨ। ਕਾਵਿ-ਸ਼ਬਦ ਕਵੀ ਦੀ ਮਨੋਸਥਿਤੀ (ਬਾਣੀਕਾਰ ਦੀ ਆਤਮਸਥਿਤੀ) ਦਾ ਪ੍ਰਮਾਣ ਹੁੰਦੇ ਹਨ; ਇਹ ਕਾਵਿ-ਸ਼ਬਦ ਉਸ ਊਰਜਾ ਭਰਪੂਰ ਉਤੇਜਨ ਅਵਸਥਾ ਦੇ ਸਮਾਨੰਤਰ ਹੁੰਦੇ ਹਨ, ਜਿਥੇ ਕਵਿਤਾ ਪੁੰਗਰਦੀ ਅਤੇ ਮੌਲਦੀ ਹੈ। ਇਹ ਕਵੀ ਦੇ ਗੁਣ-ਸੁਭਾ-ਅਵਸਥਾ ਪਧਰ ਉਤੇ ਸਮਰੂਪਤਾ ਵਾਲੇ ਹੁੰਦੇ ਹਨ। ਜੇਕਰ ਪਾਠੀ (ਪਾਠਕ) ਉਸ ਉਤੇ ਆਪਣੀ ਸ਼ੈਲੀ ਦਾ ਰੰਗ ਚਾੜ੍ਹਦਾ ਹੈ ਤਾਂ ਕਵੀ-ਕਾਵਿ ਦੀ ਮੌਲਿਕਤਾ ਕਿਥੇ ਬਚਦੀ ਹੈ? ਕਵਿਤਾ ਦਾ ਸਹੀ ਇਤਿਹਾਸ, ਜਿਵੇਂ ਬੈਟਸਨ (Bateson) ਨੇ ਕਿਹਾ ਹੈ, ਭਾਸ਼ਾ ਪਰਿਵਰਤਨਾਂ ਦਾ ਹੀ ਇਤਿਹਾਸ ਹੈ । ਪੁਰਾਣੀ (ਗਿਆਰਵੀਂ-ਸਤਾਰਵੀਂ ਸਦੀ ਵਾਲੀ) ਕਾਵਿ-ਭਾਸ਼ਾ ਨੂੰ ਨਵੀਂ/ਸਮਕਾਲੀ (ਵੀਹਵੀਂ-ਇਕਵੀਂ ਸਦੀ ਵਾਲੀ) ਭਾਸ਼ਾ ਦਾ ਰੰਗ ਲਾਉਣਾ, ਕਾਵਿ-ਇਤਿਹਾਸ ਦੇ ਮੌਲਿਕ ਮੁਹਾਂਦਰੇ ਨੂੰ ਧੁੰਦਲਾ ਕਰਨ ਦੇ ਬਰਾਬਰ ਹੈ। ਮੂਲ ਕਾਵਿ-ਅਹਿਸਾਸਾਂ ਨੂੰ ਸਰਲਤਾ ਦੇ ਨਾਂ ਹੇਠ ਕੁਰਖਤ ਕਰਨਾ ਹੈ। ਮੂਲ ਦੇ ਨਿਜੀ ਰੰਗ ਵਿਚ 'ਭੰਗ' ਪਾਉਣੀ ਹੈ। ਸਮਝਣ ਦੀ ਜਰੂਰਤ ਹੈ ਕਿ ਵਿਆਕਰਨਕ ਸ਼ਬਦਾਵਲੀ ਦੇ ਕਾਵਿ ਵਿਚਲੇ ਨਿਵੇਕਲੇ ਰੂਪ (ਗੁਰਬਾਣੀ ਭਾਸ਼ਾ ਦੇ ਪੁਰਾਣੇ ਰੂਪ, ਜਿਨ੍ਹਾਂ ਨੂੰ ਉਚਾਰਨ ਸੇਧਾਂ ਵਿਚ ਅਕਸਰ 'ਸ਼ੁਧ' ਕਰਨ ਦੀ ਤਾਕੀਦ ਕੀਤੀ ਜਾਂਦੀ ਹੈ) ਬਾਣੀਕਾਰ ਦੀ ਕਾਵਿ/ਮਾਂ-ਬੋਲੀ ਦੇ ਸ਼ੋਖ, ਗੂੜ੍ਹੇ ਜਜਬੇ ਤੇ ਤਜਰਬੇ ਹਨ।

3.13 ਉਚਾਰਨ ਦੇ ਹਵਾਲੇ ਵਿਚ ਵਿਸ਼ੇਸ਼ ਧਿਆਨਯੋਗ ਹੈ ਕਿ ਕਾਵਿ-ਭਾਸ਼ਾ ਕੋਲ ਆਪਣੀ ਭਾਸ਼ਾ ਦੇ ਸਾਰੇ ਰੂਪ ਹੁੰਦੇ ਹਨ, ਜਿਸ ਵਿਚ ਮਿਆਰੀ ਭਾਸ਼ਾ ਅਤੇ ਉਸ ਦੀਆਂ ਸਾਰੀਆਂ ਉਪ-ਭਾਖਾਈ ਵੰਨਗੀਆਂ, ਰਜਿਸਟਰਾਂ ਤਕ ਸ਼ਾਮਿਲ ਹਨ। ਬਹੁਤੀ ਸ਼ਬਦਾਵਲੀ ਅਜਿਹੀ ਹੁੰਦੀ ਹੈ, ਜੋ ਮਿਆਰੀ ਭਾਸ਼ਾ ਦੀ ਨਜਰ ਵਿਚ 'ਵਿਕ੍ਰਿਤ' ਹੁੰਦੀ ਹੈ। ਪਰਾਗ ਸਕੂਲ ਦੀ ਧਾਰਨਾ ਅਨੁਸਾਰ ਤਾਂ ਕਵੀ ਜਾਣ-ਬੁਝ ਕੇ ਸ਼ਬਦਾਂ ਨਾਲ 'ਖੇਡਦਾ' ਹੈ, ਕਿਉਂਕਿ ਇਕ ਤਾਂ 'ਵਿਕ੍ਰਿਤੀ' ਤਨਜ ਪੈਦਾ ਕਰਦੀ ਹੈ; ਦੂਜਾ ਤੁਕਾਂਤ, ਛੰਦ, ਸੰਗੀਤ ਆਦਿ ਦੀ ਲੋੜ ਵੀ ਅਜਿਹਾ ਮੰਗ ਕਰਦੀ ਹੈ। ਗੁਰਬਾਣੀ ਵਿਚ ਇਸ ਕਿਸਮ ਦੀਆਂ ਉਦਾਹਰਨਾਂ

ਦੀ ਕਮੀ ਨਹੀਂ: ਜਾਮ (ਜਮ), ਦਰਵਾਜ (ਦਰਵਾਜਾ), ਹੀਰ (ਹੀਰਾ), ਸਮਰਾਥਾ (ਸਮਰਥਾ), ਸੰਗਾਤ (ਸੰਗਤ), ਤਿਸਾ (ਤ੍ਰਿਸਨਾ), ਜੁਰੈ (ਜੁੜਨਾ), ਨੀਰਾ (ਨੇੜੇ) ਆਦਿ। ਇਉਂ ਗੁਰਬਾਣੀ ਕਾਵਿ ਦੇ ਪ੍ਰਤੀਮਾਨ ਕਿਸੇ ਸੌਖੇ ਜਿਹੇ ਆਮ ਪਛਾਣਨ ਯੋਗ ਸਿਸਟਮ ਵਿਚ ਬਝੇ ਹੋਏ ਨਹੀਂ। ਇਨ੍ਹਾਂ ਦੀ ਖੂਬਸੂਰਤੀ ਅਤੇ ਮੂਲ ਉਦੇਸ਼ ਇਨ੍ਹਾਂ ਨੂੰ ਮੂਲ ਰੂਪ ਵਿਚ ਕਾਇਮ ਰਖ ਕੇ ਹੀ ਹਾਸਿਲ ਹੋ ਸਕਦੀ ਹੈ, ਇਨ੍ਹਾਂ ਨੂੰ ਤਥਾ-ਕਥਿਤ 'ਸ਼ੁਧ' ਨਹੀਂ ਕੀਤਾ ਜਾ ਸਕਦਾ।

ਉਪਰੋਕਤ ਤੋਂ ਹੋਰ ਵੀ ਅਨੇਕ ਪਖ ਇਸ ਵਿਚ ਸ਼ਾਮਿਲ ਹਨ, ਜਿਸ ਵਿਚ ਕਾਵਿ ਦੇ ਸਾਰੇ 'ਤਤਾਂ' ਦੇ ਹਵਾਲੇ ਨਾਲ ਗੁਰਬਾਣੀ ਉਚਾਰਨ ਨੂੰ ਵੇਖਿਆ ਜਾਣਾ ਚਾਹੀਦਾ ਹੈ (ਇਸ ਲਈ ਲੰਮਾ ਸਮਾਂ, ਚੋਖਾ ਅਨੁਭਵ ਅਤੇ ਸਖਤ ਅਭਿਆਸ ਦਰਕਾਰ ਹੈ), ਪਰ ਜਿਵੇਂ ਪਹਿਲਾਂ ਇਸ਼ਾਰਾ ਕੀਤਾ ਹੈ, ਮੂਲ ਫਰਕ 'ਅਨੁਭਵਾਂ' ਦਾ ਹੈ। ਬਾਣੀ ਉਚਾਰਨ ਵਿਚ ਸੁਹਜ ਦਾ ਪ੍ਰਗਟਾਵਾ ਕਾਵਿ-ਭਾਸ਼ਾ ਦੇ ਸੂਖਮ ਤੇ ਰਚਨਾਤਮਕ ਪਖਾਂ ਨਾਲ ਜੋੜ ਕੇ ਹੀ ਹੋ ਸਕਦਾ ਹੈ। ਇਸ ਅਧਾਰ ਉਤੇ ਫਿਰ ਇਹ ਦੁਹਰਾਅ ਕੇ ਕਿਹਾ ਜਾਂਦਾ ਹੈ ਕਿ ਕਾਵਿ-ਸ਼ਾਸਤਰੀ ਦ੍ਰਿਸ਼ਟੀ ਤੋਂ ਉਚਾਰਨ ਸੋਧਾਂ ਰਾਹੀਂ ਜਿਹੜੇ 'ਅਰਥ ਸਪਸ਼ਟ' ਕਰਨ ਦੀ ਜ਼ੋਰ ਅਜਮਾਈ ਕੀਤੀ ਜਾਂਦੀ ਹੈ, ਉਹ ਨਾ ਕੇਵਲ ਨਿਰ-ਅਰਥਕ ਹੈ, ਬਲਕਿ ਬਾਣੀ (ਕਾਵਿ) ਰੂਪ ਦੇ ਪ੍ਰਤੀਕੂਲ ਵੀ ਹੈ। ਗੁਰਬਾਣੀ ਕਾਵਿ ਨੂੰ ਉਸ ਦੇ ਮੌਲਿਕ ਮੁਹਾਂਦਰੇ ਵਿਚ ਹੀ ਪੜ੍ਹਨਾ; ਉਚਾਰਨਾ ਅਤੇ ਸਮਝਣਾ ਦਰੁਸਤ ਹੈ। ਕੇਵਲ ਦਰੁਸਤ ਹੀ ਨਹੀਂ ਜਰੂਰੀ ਵੀ ਹੈ।

(੫) <u>ਧੁਨੀ-ਵਿਉਂਤਕ ਪਰਿਪੇਖ</u>

ਵਿਸ਼ਾ-ਪ੍ਰਵੇਸ਼: ਧੁਨੀ ਵਿਗਿਆਨ (phonetics), ਭਾਸ਼ਾ ਵਿਗਿਆਨ ਦੀ ਇਕ ਸ਼ਾਖ-ਵਿਦਿਆ ਹੈ, ਜਿਹੜੀ ਭਾਸ਼ਾ ਦੀ ਮੂਲ ਇਕਾਈ ਮਨੁਖੀ ਸਾਰਥਕ 'ਧੁਨੀ' ਦਾ ਅਧਿਐਨ ਕਰਦੀ ਹੈ। ਇਸ ਤੋਂ ਅਗਾਂਹ ਜੇਕਰ ਥੋੜਾ ਤਕਨੀਕੀ ਅਰਥਾਂ ਵਿਚ ਜਾਈਏ ਤਾਂ ਧੁਨੀ ਵਿਗਿਆਨ, ਜਦੋਂ ਇਕ ਭਾਸ਼ਾ (ਜਿਵੇਂ ਇਥੇ ਗੁਰਬਾਣੀ) ਵਿਸ਼ੇਸ਼ ਉਤੇ ਕੇਂਦਰਤ ਹੁੰਦਾ ਹੈ ਤਾਂ ਉਸ ਦਾ ਵਿਹਾਰਕ ਰੂਪ, ਧੁਨੀ-ਵਿਉਂਤ ਵਿਗਿਆਨ (phonology) ਹੋ ਜਾਂਦਾ ਹੈ। ਧੁਨੀ-ਵਿਉਂਤ ਵਿਗਿਆਨ ਅਧੀਨ ਉਚਾਰਨ ਦੇ ਤਿੰਨ ਪਖ: ਉਚਾਰਨ- ਸੰਚਾਰਨ- ਗ੍ਰਹਿਣ (articulatory- acoustic- auditory) ਸ਼ਾਮਿਲ ਹੁੰਦੇ ਹਨ। ਇਸ ਤਰ੍ਹਾਂ ਇਸ ਪਹੁੰਚ ਅਧੀਨ ਗੁਰਬਾਣੀ ਲਿਖਤ ਦੇ ਉਚਰਿਤ ਰੂਪ ਦਾ ਅਧਿਐਨ ਇਸ ਤਰੀਕੇ ਨਾਲ ਕੀਤਾ ਜਾਂਦਾ ਹੈ ਕਿ ਗੁਰਬਾਣੀ ਵਿਚ ਵਰਤੀਆਂ ਗਈਆਂ ਸਾਰੀਆਂ ਧੁਨੀਆਂ (ਜਿਨ੍ਹਾਂ ਨੂੰ 'ਅਖਰ' ਕਿਹਾ ਜਾਂਦਾ ਹੈ) ਨੂੰ ਅਸੀਂ ਸਹਿਜ ਸੁਭਾਅ ਉਚਾਰ ਸਕੀਏ ਅਤੇ ਇਹ ਵੀ ਜਾਣ ਸਕੀਏ ਕਿ ਅਜਿਹਾ ਕਿਉਂ ਜਰੂਰੀ ਹੈ, ਕਿਉਂਕਿ ਪਹਿਲਾਂ ਤਾਂ ਅਸੀਂ ਸਮਝਦੇ ਹਾਂ ਕਿ ਗੁਰਮੁਖੀ ਵਿਚ ਲਿਖੀ ਬਾਣੀ ਸਾਨੂੰ ਆਉਂਦੀ ਹੀ ਹੈ ਅਤੇ ਦੂਜਾ ਪੰਥ ਵਿਚ ਗੁਰਬਾਣੀ ਸੰਥਿਆ ਦੀ ਪਰੰਪਰਾ ਮਧਮ ਪੈ ਜਾਣ ਅਤੇ ਸਮਕਾਲੀ ਕਈ ਕਿਸਮ ਦੇ ਪ੍ਰਭਾਵਾਂ ਕਾਰਨ ਬਹੁਤ ਸਾਰੀਆਂ ਧੁਨੀਆਂ ਅਸੀਂ ਭੁਲ ਗਏ ਜਾਂ ਉਚਾਰ ਪਧਰ ਉਤੇ ਬਦਲ ਚੁਕੇ ਹਾਂ। ਇਸ ਪਰਿਪੇਖ ਵਿਚ ਸੰਥਿਆ ਦੇ ਬੁਨਿਆਦੀ ਕਾਰਜ- ਗੁਰਬਾਣੀ ਉਚਾਰਨ ਬਾਰੇ ਧੁਨੀ ਪਖ ਤੋਂ ਵਿਚਾਰ ਕਰਦਿਆਂ ਸਾਨੂੰ ਗੁਰਬਾਣੀ ਦੀ ਭਾਸ਼ਾਈ ਬਣਤਰ ਦਾ ਬੁਨਿਆਦੀ ਸਰੂਪ ਵੇਖਣਾ ਜਰੂਰੀ ਹੈ। ਗੁਰਬਾਣੀ ਦੀ ਭਾਸ਼ਾਈ ਬਣਤਰ ਅਤੇ ਲਿਖਤ ਵਰਤਮਾਨ ਪੰਜਾਬੀ ਭਾਸ਼ਾ ਅਤੇ ਲਿਖਤ ਨਾਲੋਂ ਕੁਝ ਫਰਕ ਵਾਲੀ ਹੈ, ਕਿਉਂਕਿ ਵਰਤਮਾਨ ਗੁਰਬਾਣੀ ਉਚਾਰਨ ਪੰਜਾਬੀ ਉਚਾਰਨ ਪ੍ਰਭਾਵੀ ਹੈ ਅਤੇ ਪੰਜਾਬੀ ਉਚਾਰਨ ਅਤੇ (ਗੁਰਮੁਖੀ) ਲਿਖਤ ਨੇ ਹੋਰ ਅਨੇਕ

ਬੋਲੀਆਂ ਦਾ ਪ੍ਰਭਾਵ ਸੁ/ਅਚੇਤ (ਕੁਦਰਤੀ/ ਗੈਰ-ਕੁਦਰਤੀ) ਗ੍ਰਹਿਣ ਕਰ ਲਿਆ ਹੈ। ਇਥੇ ਕੁਝ ਸੁਝਾ ਪਖ ਹੀ ਧਿਆਨ ਵਿਚ ਰਖੇ ਜਾਂ ਪੇਸ਼ ਕੀਤੇ ਗਏ ਹਨ।

4.1 ਗੁਰਬਾਣੀ ਭਾਸ਼ਾ ਦਾ ਸਰੂਪ 11-12ਵੀਂ ਸਦੀ ਤੋਂ ਲੈ ਕੇ 17ਵੀਂ ਸਦੀ ਤਕ ਵਾਲਾ ਹੈ। ਇਨ੍ਹਾਂ ਸਦੀਆਂ ਦੇ ਉਤਰ ਵਰਤੀ ਵਡੇਰੇ ਭੂ-ਖੰਡ ਦਾ ਉਚਰਿਤ ਤੇ ਸਾਹਿਤਕ ਰੂਪ ਗੁਰਬਾਣੀ ਦੇ ਲਿਖਤੀ ਰੂਪ ਵਿਚ ਸੁਰਖਿਅਤ ਹੈ। ਇਉਂ ਸੰਥਿਆਕਾਰ ਦਾ ਪਹਿਲਾ ਕੰਮ, ਉਚਾਰਨ ਜਾਂ ਪਾਠ ਸਿਖਾਉਣ ਸਮੇਂ ਇਹ ਹੋਵੇਗਾ ਕਿ ਉਸ ਨੇ ਸਿਖਿਆਰਥੀਆਂ/ ਜਗਿਆਸੂਆਂ ਨੂੰ ਇਸ ਅੰਤਰਾਲ ਦੇ (ਪੁਰਾਤਨ ਪੰਜਾਬੀ, ਭਾਵ ਗੁਰਬਾਣੀ) ਉਚਾਰਨ/ ਲਿਖਤੀ ਰੂਪ ਉਤੇ ਕੇਂਦਰਤ ਰਖਣਾ ਹੈ, ਵਰਤਮਾਨ (ਪੰਜਾਬੀ) ਉਤੇ ਨਹੀਂ। ਇਸ ਦਾ ਸਿਧਾ ਭਾਵ ਇਹ ਹੈ ਕਿ ਗੁਰਬਾਣੀ ਜਿਸ ਤਰ੍ਹਾਂ ਲਿਖੀ ਹੋਈ ਹੈ; ਇਸ ਦਾ ਜੋ ਲਿਖਤੀ ਸਰੂਪ ਹੈ, ਪਾਠ ਕਰਨ/ ਕਰਾਉਣ ਸਮੇਂ ਉਸੇ ਨੂੰ ਧਿਆਨ ਵਿਚ ਰਖਣਾ ਜਰੂਰੀ ਹੈ। ਗੁਰਬਾਣੀ ਜਿਸ ਤਰ੍ਹਾਂ ਲਿਖਤੀ ਸਰੂਪ ਵਿਚ ਪ੍ਰਾਪਤ ਹੈ, ਉਹ ਗੁਰੂ-ਕਾਲ ਦਾ ਭਾਸ਼ਾਈ/ਲਿਖਤੀ ਸਰੂਪ ਹੈ; ਸੰਥਿਆਕਾਰ ਓਸੇ ਤਰ੍ਹਾਂ ਉਚਾਰਨ ਕਰਨਾ ਸਿਖਾਵੇਗਾ। ਜੇਕਰ ਸਾਡੇ ਉਚਾਰਨ ਵਿਚ ਵਰਤਮਾਨ/ ਸਮਕਾਲ ਦੀਆਂ ਨਿਜੀ ਰੁਚੀਆਂ, ਸੰਪ੍ਰਦਾਈ ਜਾਂ ਵਿਦਿਅਕ ਪਿਛੋਕੜ ਆਦਿ ਧਾਰਨਾਵਾਂ ਸ਼ਾਮਿਲ ਹੁੰਦੀਆਂ ਤਾਂ ਇਸ ਨੂੰ ਗੁਰਬਾਣੀ ਦੇ ਉਚਾਰਨ/ ਲਿਖਤ ਪ੍ਰਤੀ ਸਾਡੀ ਅਲਪ ਸੋਝੀ ਅਤੇ ਸਿਧਾਂਤਕ ਸੀਮਾ ਮੰਨਣਾ ਚਾਹੀਦਾ ਹੈ।

4.2 ਭਾਸ਼ਾ ਵਿਗਿਆਨ ਦੀ ਦ੍ਰਿਸ਼ਟੀ ਤੋਂ ਭਾਸ਼ਾ ਇਕ ਚਿੰਨ੍ਹ ਪ੍ਰਬੰਧ ਹੈ ਤੇ ਇਸ ਦਾ ਸਮਾਜਿਕ ਸੰਦਰਭ ਵੀ ਹੈ। ਸਮਾਜਿਕ ਸੰਦਰਭ ਵਿਚ ਸਮੇਂ, ਸਥਾਨ ਤੇ ਵਿਅਕਤੀਗਤ ਰੁਚੀਆਂ ਅਨੁਸਾਰ ਇਹ ਰੂਪ, ਧੁਨੀ, ਵਾਕ, ਅਰਥ ਆਦਿ ਪਧਰਾਂ ਉਤੇ ਲਗਾਤਾਰ ਬਦਲਾਓ ਵਿਚ ਰਹਿੰਦੀ ਹੈ। ਧੁਨੀ, ਸ਼ਬਦ ਤੇ ਵਾਕ, ਭਾਸ਼ਾ ਦੇ ਬੁਨਿਆਦੀ ਅੰਗ ਹਨ। ਇਸ ਦਾ ਭਾਵ ਇਹ ਬਣਦਾ ਹੈ ਕਿ ਜਿਵੇਂ ਜਿਵੇਂ ਭਾਸ਼ਾ ਧੁਨੀ, ਰੂਪ, ਵਾਕ, (ਅਰਥ) ਆਦਿ ਪਧਰਾਂ ਉਤੇ ਕੁਦਰਤਨ ਬਦਲਦੀ ਹੈ, ਤਿਵੇਂ ਤਿਵੇਂ ਉਚਾਰਨ ਵੀ ਬਦਲਦਾ ਜਾਂਦਾ ਹੈ, ਜਿਸ ਦਾ ਸੌਖਾ ਤੇ ਪ੍ਰਤਖ ਸਬੂਤ ਹੁਣਵੀਂ ਪੰਜਾਬੀ ਵਿਚ ਆਈਆਂ /ਸ਼, ਗ਼, ਜ਼.../ ਧੁਨੀਆਂ ਹਨ। ਅਗਾਂਹ ਨੂੰ ਹੋਰ ਧੁਨੀਆਂ ਵੀ ਸ਼ਾਮਿਲ ਹੋਣਗੀਆਂ; ਇਉਂ /ਙ, ਞ/ ਖਤਮ ਹੋਣ ਕਿਨਾਰੇ ਹਨ; /ਹ/ ਧੁਨੀ ਹੁਣ ਸ਼ਬਦ ਦੀ ਮਧ/ਅੰਤਿਮ ਸਥਿਤੀ ਵਿਚ 'ਸੁਰ' ਹੀ ਬਣ ਗਈ ਹੈ। ਇਸੇ ਤਰ੍ਹਾਂ:

4.2.1 ਭਾਸ਼ਾ ਵਿਗਿਆਨਕ ਤੇ ਤੁਲਨਾਤਮਕ ਨਜ਼ਰੀਏ ਤੋਂ ਗੁਰਬਾਣੀ ਭਾਸ਼ਾ ਦਾ ਸਰੂਪ ਸੰਜੋਗਾਤਮਕ ਹੈ; ਸੰਜੋਗਾਤਮਕਤਾ ਦੀ ਇਕ ਉਘੀ ਉਦਾਹਰਨ ਪੜਨਾਵੀਂ ਪਿਛੇਤਰੀ ਕਿਰਿਆਵਾਂ ਵਿਚੋਂ ਤਲਾਸ਼ੀ ਜਾ ਸਕਦੀ ਹੈ: ਜਿਵੇਂ ਸਾਜੀਅਨੁ- ਉਸ ਨੇ ਸਾਜੀ, ਉਪਾਈਅਨੁ- ਉਸ ਨੇ ਉਪਾਈ, ਸੁਧੋਸੁ-ਉਸ ਨੇ ਸੋਧਿਆ, ਅਖਿਆਸੁ-ਉਸ ਨੇ ਆਖਿਆ ਆਦਿ। ਸਹਾਇਕ ਕਿਰਿਆ ਨਾ-ਮਾਤਰ ਹੀ ਹੈ; ਮੁਖ ਕਿਰਿਆ ਨੂੰ ਹੀ ਪਿਛੇਤਰ ਲਾ ਕੇ ਸਹਾਇਕ ਕਿਰਿਆ ਵਾਲੇ ਅਰਥ ਲੈ ਲਏ ਗਏ ਹਨ (ਜਿਵੇਂ ਕਰਹਿ-ਕਰਦੇ ਹਨ)। ਇਸੇ ਤਰ੍ਹਾਂ 'ਿ', 'ੁ', 'ੈ' ਆਦਿ ਸੰਬੰਧਕਾਂ ਦਾ ਕੰਮ ਵੀ ਦਿੰਦੇ ਹਨ: ਜਿਵੇਂ ਸਚਿ- ਸਚ 'ਵਿਚ'; ਘਰਿ- ਘਰ 'ਵਿਚ', ਦੂਜੈ- ਦੂਜੇ 'ਨਾਲ' ਆਦਿ।

4.2.2 ਧੁਨੀਆਂ ਦੀ ਵਰਤੋਂ-ਮਾਤਰਾ ਤੇ ਵਿਉਂਤ ਪਖੋਂ ਗੁਰਬਾਣੀ ਵਿਚ ਵਰਤਮਾਨ ਪੰਜਾਬੀ (ਅਤੇ ਹੋਰ ਕਈ ਉਤਰ-ਵਰਤੀ ਭਾਸ਼ਾਵਾਂ) ਨਾਲੋਂ ਕਾਫੀ ਫਰਕ ਪੈ ਗਿਆ ਹੈ: ਜਿਵੇਂ /ਸ਼, ਜ਼/ ਧੁਨੀਆਂ ਦੀ ਉਕਾ ਹੀ ਅਣਹੋਂਦ ਹੈ। /ਔ/ ਦੋਸੰਧੀ ਸ੍ਵਰ,

ਦੋਹਰੇ ਸ੍ਵਰ /ਅਉ/ ਕਰਕੇ ਹੀ ਵਧੇਰੇ ਪ੍ਰਾਪਤ ਹੈ; ਇਵੇਂ 'ਨੌ' ਦੀ ਥਾਂ 'ਨਉ', 'ਕੌਣ' ਦੀ ਥਾਂ 'ਕਉਣ', ਗੌੜੀ/ ਗਉੜੀ; ਚੌਥਾ/ ਚਉਥਾ ਆਦਿ ਹਨ। ਕਿਰਿਆਵਾਂ ਆਮ ਕਰਕੇ /ੈ/ ਅੰਤਿਕ ਹਨ (ਵੇਖੈ, ਰਖੈ, ਮਿਲੈ, ਜਾਵੈ...)।

4.2.3 ਗੁਰਬਾਣੀ ਭਾਸ਼ਾ ਦੀ ਸਭ ਤੋਂ ਉਘੜਵੀਂ ਵਿਸ਼ੇਸ਼ਤਾ ਅਤੇ ਵਰਤਮਾਨ ਨਾਲੋਂ ਫਰਕ ਹ੍ਰਸਵ ਚਿੰਨ੍ਹਾਂ ਦੀ ਸ਼ਬਦਾਂਤਿਕ ਵਰਤੋਂ ਹੈ (ਇਕੁ, ਅੰਤਰੁ, ਵਿਚਿ, ਜਾਗਤਿ...)। ਇਸ ਵਰਤੋਂ ਦਾ ਸੰਬੰਧ ਵਿਆਕਰਨਕ ਤੇ ਅਰਥ-ਮੂਲਕ ਹੈ, ਇਹ ਉਚਾਰਨ ਦਾ ਹਿਸਾ ਵੀ ਹਨ। ਸ਼ਬਦਾਂ ਦੇ ਵਿਚਾਲੇ ਸ਼ਬਦਾਂਤਿਕ ਲਗਾਂ ਦੀ ਵਰਤੋਂ ਵੀ ਵਰਤਮਾਨ ਨਾਲੋਂ ਵਧੇਰੇ ਹੈ (ਜਿਵੇਂ : ਠਾਕੁਰ, ਪਛੁਤਾਇ, ਮੰਦਿਰ, ਪੰਡਿਤ)। ਗੁਰਬਾਣੀ ਤੋਂ ਪੂਰਵਵਰਤੀ ਅਤੇ ਸਮਕਾਲੀ ਅਪਭ੍ਰੰਸ਼ਾਂ (ਅਵਹਠ) ਆਦਿ ਨੂੰ 'ਉ/ਇਕਾਰ' ਬਹੁਲਾ ਬੋਲੀਆਂ ਕਿਹਾ ਜਾਂਦਾ ਹੈ, ਜਿਸ ਦਾ ਸਿਧਾ ਭਾਵ ਹੈ ਕਿ ਅੰਤਿਮ ਔਂਕੜ/ਸਿਹਾਰੀ ਉਚਾਰਨ ਵਿਚ ਸ਼ਾਮਿਲ ਹਨ। ਇਸੇ ਤਰ੍ਹਾਂ ਗੁਰਬਾਣੀ ਦੇ ਸਾਰੇ ਸ਼ਬਦ ਸ੍ਵਰੰਤ ਹਨ।

4.2.4 ਗੁਰਬਾਣੀ ਭਾਸ਼ਾ ਦੀ ਇਕ ਵਿਸ਼ੇਸ਼ਤਾ ਨਾਸਿਕਤਾ ਦੇ ਹਵਾਲੇ ਵਿਚ ਵੀ ਤਲਾਸ਼ੀ ਜਾ ਸਕਦੀ ਹੈ। ਅੰਤਿਮ ਨਾਸਕੀ ਸ੍ਵਰ ਗੁਰਬਾਣੀ ਵਿਚ ਨਹੀਂ ਦੇ ਬਰਾਬਰ ਹਨ, ਜਿਵੇਂ ਮੁੰਦਾ, ਵਡਿਆਈਆ, ਪਾਪਾ, ਪਰੀਆ...ਆਦਿ ਹਨ, ਜਦਕਿ ਵਰਤਮਾਨ ਇਹ ਨਾਸਕੀ ਹਨ, ਜਿਵੇਂ: ਮੁੰਦਾਂ, ਪਾਪਾਂ, ਪਰੀਆਂ...। ਗੁਰਬਾਣੀ ਵਿਚ ਬਿੰਦੀ ਦੀ ਵਰਤੋਂ ਮਾਤਰ 2000-ਕ ਵਾਰ ਹੈ। ਭਾਸ਼ਾਈ ਇਤਿਹਾਸਾਂ ਵਿਚ ਗੁਰਬਾਣੀ ਸਮਾਂ ਅਪਭ੍ਰੰਸ਼ਾਂ ਦੇ ਆਧੁਨਿਕ ਰੂਪ ਗ੍ਰਹਿਣ ਕਰਨ ਦਾ ਸਮਾਂ ਹੈ, ਅਪਭ੍ਰੰਸ਼ਾਂ ਵਿਚ ਨਾਸਕੀ ਉਚਾਰਨ ਨਹੀਂ ਦੇ ਬਰਾਬਰ ਹੈ। ਇਸ ਹਵਾਲੇ ਨਾਲ ਗੁਰਬਾਣੀ ਵਿਚ ਨਾਸਕੀ ਬਿੰਦੀ/ਟਿਪੀ ਦਾ ਉਚਾਰਨ ਉਥੇ ਹੀ ਹੋਵੇਗਾ, ਜਿਥੇ ਬਿੰਦੀ ਲਗੀ ਹੋਈ ਹੈ, ਜਿਹੜੇ ਸ਼ਬਦਾਂ ਨੂੰ ਹੁਣ (ਪੰਜਾਬੀ ਵਿਚ) ਨਾਸਕੀ ਉਚਾਰਿਆ ਜਾਂਦਾ ਹੈ, ਗੁਰਬਾਣੀ ਵਿਚ ਉਹ ਲਗਪਗ ਨਾਸਕੀ-ਰਹਿਤ ਹਨ, ਕਿਉਂਕਿ ਉਸ ਸਮੇਂ ਨਾਸਕਿਤਾ ਨਹੀਂ ਦੇ ਬਰਾਬਰ ਹੈ। ਭਾਸ਼ਾ ਅਤੇ ਗੁਰਬਾਣੀ ਦੇ ਸੰਪਾਦਕੀ-ਵਿਧਾਨ ਦੀ ਅਲਪ-ਸੂਝ ਕਾਰਨ ਅਸੀਂ ਕਈ ਵਾਰ ਕਿਤੇ ਕਿਤੇ ਆਈ ਬਿੰਦੀ ਨੂੰ ਉਚਾਰਨ 'ਸੋਧ' ਮੰਨ ਬੈਠਦੇ ਹਾਂ, ਪਰ ਉਕਤ ਦਰਸਾਏ ਅਨੁਸਾਰ ਅਜਿਹਾ ਨਹੀਂ ਹੈ, ਇਹ ਭਾਸ਼ਾਈ ਪਰਿਵਰਤਨਾਂ ਕਾਰਨ ਹੈ।

4.2.5 ਅਸੀਂ, ਤੁਸੀਂ, ਅਸਾਡਾ, ਤੁਸਾਡਾ, ਤੁਹਾਡਾ ਆਦਿ ਜਿਹੇ ਪੜਨਾਂਵ ਗੁਰਬਾਣੀ ਵਿਚ ਗਿਣਤੀ-ਮਾਤਰ ਹਨ, ਜਦਕਿ ਹੁਣ ਇਨ੍ਹਾਂ ਦੀ ਬਹੁਲਤਾ ਹੈ। ਇਸ ਦੇ ਉਲਟ 'ਅਸਾੜਾ, ਅਸਾਡੜਾ, ਅਸਾਡੜੇ, ਤੁਸਾੜੀਆ' ਜਿਹੇ ਪੜਨਾਂਵ ਤਾਂ ਹੁਣ ਉਕਾ ਹੀ ਵਰਤੋਂ ਵਿਚ ਨਹੀਂ ਰਹੇ, ਪਰ ਬਾਣੀ ਵਿਚ ਹਨ। 'ਹਮ, ਤੁਮ, ਹਮਰਾ, ਹਮਾਰਾ, ਤੁਮਰਾ' ਆਦਿ ਪੜਨਾਵਾਂ ਦੀ ਵਰਤੋਂ ਹੁਣ ਪੰਜਾਬੀ ਵਿਚ ਨਹੀਂ, ਬਾਣੀ ਵਿਚ ਬਹੁਤ ਜ਼ਿਆਦਾ ਹੈ। ਕੁਝ ਪੜਨਾਵਾਂ ਵਿਚ ਲਿੰਗ ਭੇਦ ਵੀ ਹੈ, ਭਾਵੇਂ ਮੈ-ਤੂ-ਅਸੀ, ਤੁਸੀ, ਏਹ, ਓਹ ਆਦਿ ਦੇ ਲਿੰਗ ਭੇਦ ਨਹੀਂ, ਪਰ ਸੰਬੰਧਬੋਧਕ ਪੜਨਾਂਵ ਦੇ ਲਿੰਗ ਤੇ ਵਚਨ ਭੇਦ ਹਨ, ਜਿਵੇਂ ਸੋ (ਪੁਲਿੰਗ : ਸੋ ਸਾਧੂ..., ਸੋ ਜਨੁ), ਸਾ (ਇਲਿੰਗ... ਸਾ ਸਭਰਾਈ ਸੁੰਦਰੀ..., ਸਾ ਜਿਹਵਾ ਜਲਿ ਜਾਉ॥), ਸੇ (ਬਹੁਵਚਨ : ਸਚਿ ਮਿਲੇ ਸੇ ਨ ਵਿਛੁੜਹਿ..., ਸਬਦਿ ਸਚੇ ਸੇ ਨਿਰਮਲੇ), ਸੋਈ (ਇਕਵਚਨ, ਪੁਲਿੰਗ), ਸਾਈ (ਇਕਵਚਨ, ਇਲਿੰਗ), ਸੇਈ (ਬਹੁਵਚਨ : ਸੇਈ ਜਨ ਨਿਸਤਰੇ), ਕੋਈ (ਪੁਲਿੰਗ), ਕਾਈ (ਇਲਿੰਗ), ਕੇਈ (ਬਹੁਵਚਨ, ਮੈ ਹੋਰੁ ਨ ਕੋਈ ਤੁਧੈ ਜੇਹਾ, ਸੁਧਿ ਨ ਕਾਈ॥... ਗੁਰਮੁਖਿ ਵਣਜਹਿ ਕੇਈ ਕੇਇ)। ਇਸੇ ਤਰ੍ਹਾਂ ਹੀ ਪੜਨਾਵੀਂ

ਵਿਸ਼ੇਸ਼ਣਾਂ: ਇਸ- ਜਿਸ- ਕਿਸ- ਤਿਸ; ਇਤ- ਜਿਤ- ਕਿਤ- ਤਿਤ; ਇਨ- ਜਿਨ- ਕਿਨ- ਤਿਨ ਆਦਿ ਵਿਚੋਂ ਹੁਣ ਕਿੰਨਿਆਂ ਦਾ ਲੋਪ ਹੋ ਗਿਆ ਹੈ, ਪਰ ਬਾਣੀ ਭਾਸ਼ਾ ਵਿਚ ਇਹ ਆਮ ਵਰਤੇ ਗਏ ਹਨ। ਪੜਨਾਵੀਂ ਵਿਸ਼ੇਸ਼ਣਾਂ ਵਾਂਗ ਕਿਰਿਆ ਵਿਸ਼ੇਸ਼ਣਾਂ : ਇਵ-ਜਿਵ-ਕਿਵ-ਤਿਵ; ਇਉ-ਜਿਉ-ਕਿਉ-ਤਿਉ; ਐਥੈ-ਓਥੈ-ਜਿਥੈ-ਤਿਥੈ ਆਦਿ ਵਿਚੋਂ ਹੁਣ ਕਈਆਂ ਦਾ ਲੋਪ ਹੋ ਗਿਆ, ਕਈਆਂ ਦਾ ਰੂਪ ਪਰਵਰਤਿਤ ਹੋ ਗਿਆ ('ਐ' ਅੰਤਿਕ 'ਏ' ਹੋ ਗਏ, ਉਥੈ-ਉਥੇ)। ਕਈ ਕਿਰਿਆ ਵਿਸ਼ੇਸ਼ਣ, ਜਿਵੇਂ: ਨਿਮਖ, ਫੁਨਿ, ਕਹਿ, ਭੀਤਰਿ, ਹਜੂਰਿ/ਹਦੂਰਿ, ਸਮਸਰਿ' ਆਦਿ ਜੋ ਬਾਣੀ ਵਿਚ ਹਨ, ਹੁਣ ਅਜੋਕੀ ਪੰਜਾਬੀ ਵਿਚ ਉਕਾ ਹੀ ਵਰਤੋਂ ਵਿਚ ਨਹੀਂ ਰਹੇ। ਬਹੁਵਚਨ ਬਣਾਉਣ ਲਈ ਬਾਣੀ ਵਿਚ ਨਾਂਵ ਨੂੰ /ਈ/ ਕਰਣਕਾਰਕ ਪਿਛੇਤਰ ਵਜੋਂ ਲਾਇਆ ਗਿਆ ਹੈ (ਜਿਵੇਂ ਪੁਰਖੀ- ਪੁਰਖਾਂ ਦੁਆਰਾ; ਪੁਤ੍ਰੀ- ਪੁਤਰਾਂ ਦੁਆਰਾ), ਕਿਤੇ-ਕਿਤੇ ਕਰਨਕਾਰਨ ਪਿਛੇਤਰ ਦੇ 'ਹ' ਵੀ ਪਿਛੇ ਲਾਇਆ ਹੈ (ਭਗਤ-ਭਗਤਹ, ਲੋਗ-ਲੋਗਹ ਆਦਿ), ਅਜਕਲ ਪੰਜਾਬੀ ਵਿਚ ਅਜਿਹਾ ਨਹੀਂ ਹੁੰਦਾ।

4.**2.6** ਕਿਰਿਆ ਪਖੋਂ ਵੀ ਗੁਰਬਾਣੀ ਭਾਸ਼ਾ ਦੇ ਅਨੇਕ ਲਛਣ, ਅਜ ਦੀ ਪੰਜਾਬੀ ਭਾਸ਼ਾ ਦੇ ਮੁਕਾਬਲੇ ਪਛਾਣੇ ਜਾ ਸਕਦੇ ਹਨ। ਪਹਿਲਾਂ ਕਹੇ ਅਨੁਸਾਰ ਸਹਾਇਕ ਕਿਰਿਆ ਨਹੀਂ ਵਰਤੀ ਗਈ। ਅਜ ਪੰਜਾਬੀ ਦੇ ਵਡੀ ਗਿਣਤੀ ਕਿਰਿਆ ਰੂਪ ਵਰਤਮਾਨ ਅਤੇ ਭੂਤ ਕ੍ਰਿਦੰਤ ਦੀ ਸਹਾਇਤਾ ਨਾਲ ਬਣਦੇ ਹਨ (ਕਰਦਾ ਹੈ-ਕਰਦਾ ਰਹੂ, ਕਰਦਾ ਰਹਿੰਦਾ ਸੀ ਵਿਚ ਵਰਤਮਾਨ-ਕ੍ਰਿਦੰਤ ਕਾਇਮ ਹੈ)। ਬਾਣੀ ਵਿਚ ਵਰਤਮਾਨ-ਕ੍ਰਿਦੰਤ ਦੀ ਵਰਤੋਂ ਵਿਰਲੀ ਹੈ ('ਦੇਦਾ' ਤੇ 'ਆਵਦਾ' ਵਰਤਮਾਨ ਕ੍ਰਿਦੰਤ ਹਨ)। ਇਸੇ ਤਰ੍ਹਾਂ ਦੇ ਫਰਕ ਕਾਲ-ਜੋਜਨਾ ਵਿਚ ਵੀ ਵੇਖੇ ਜਾ ਸਕਦੇ ਹਨ।

4.**2.7** ਗੁਰਬਾਣੀ ਵਿਚ ਹੁਣ ਵਾਲੀ ਪੰਜਾਬੀ ਮੁਕਾਬਲੇ ਸਮਾਸੀ-ਕਿਰਿਆਵਾਂ ਵੀ ਘਟ ਮਾਤਰਾ ਵਿਚ ਹਨ (ਬਹਿ ਜਾ, ਦੇ ਆ, ਲਿਖ ਲਿਆ ਆਦਿ)। ਗੁਰਬਾਣੀ ਵਿਚ 'ਮਰਿ ਜਾਹਿ' (ਜਿਨੀ ਨਾਮੁ ਵਿਸਾਰਿਆ ਸੇ ਮੁਏ ਮਰਿ ਜਾਹਿ ॥ ÂÀÇ), 'ਦਿਖਾਇ ਦੀਆ' (...ਸਤਿਗੁਰਿ ਦੀਆ ਦਿਖਾਇ ॥ ¿ÀÅÅ) ਆਦਿ ਵਾਂਗ ਹਨ। ਭਵਿਖਤ ਕਿਰਿਆ ਵੀ ਘਟ ਹੀ ਮਿਲਦੀ ਹੈ। ਗੁਰਬਾਣੀ ਵਿਚ ਵਿਸ਼ੇਸ਼ਣ ਵੀ ਨਾਂਵ ਦੇ ਵਚਨ/ਲਿੰਗ ਪ੍ਰਭਾਵੀ ਹਨ। 'ਮਨੁ ਚੰਚਲੁ' ਵਿਚ 'ਮਨੁ' ਪੁਲਿੰਗ ਦਾ ਵਿਸ਼ੇਸ਼ਣ 'ਚੰਚਲੁ' ਵੀ ਔਂਕੁੜ ਸਹਿਤ ਹੈ। 'ਹੋਰ ਰੁਤਿ ਨ ਕਾਈ' ਵਿਚ 'ਰੁਤਿ' ਇਸਤਰੀ ਲਿੰਗ, ਇਕਵਚਨ ਹੋਣ ਕਾਰਨ 'ਹੋਰ' ਵਿਸ਼ੇਸ਼ਣ ਦਾ 'ਰ' ਔਂਕੁੜ ਮੁਕਤਾ ਹੈ।

4.**2.8** ਗੁਰਬਾਣੀ ਵਿਚ ਕਾਰਕੀ ਪਿਛੇਤਰ ਤੇ ਸੰਬੰਧਕ ਦੋਵੇਂ ਵਰਤੇ ਮਿਲਦੇ ਹਨ, ਪਰ ਕਾਰਕੀ ਪਿਛੇਤਰ ਵਧੇਰੇ ਹਨ। ਹੁਣ ਇਹ ਨਹੀਂ ਦੇ ਬਰਾਬਰ ਹਨ । /ਨੇ/ ਸੰਬੰਧਕ ਦੀ ਬਾਣੀ ਵਿਚ ਉਕਾ ਵਰਤੋਂ ਨਹੀਂ, ਹੁਣ ਹੈ। ਕਿੰਨਾ, ਕਦੇ, ਕਿਵ, ਕੌਣ, ਕਵਣ, ਕਹਉ, ਕੁਛ, ਕਛੁ, ਕਛੁਅਕ, ਕਿਛੁ, ਕਿਨਾਹ ਆਦਿ ਯੋਜਕਾਂ ਵਿਚੋਂ ਕਿੰਨਿਆਂ ਦਾ ਹੁਣ ਲੋਪ ਹੋ ਗਿਆ ਹੈ, ਕਿੰਨਿਆਂ ਦੇ ਰੂਪ ਪਰਿਵਰਤਿਤ ਹੋ ਗਏ ਹਨ।

4.**2.9** ਸ਼ਬਦਾਵਲੀ ਅਤੇ ਉਸ ਦੇ ਸਰੋਤਾਂ ਦੀ ਦ੍ਰਿਸ਼ਟੀ ਤੋਂ ਵੀ ਗੁਰਬਾਣੀ ਭਾਸ਼ਾ ਅਤੇ ਇਸ ਦੀਆਂ ਧੁਨੀਆਂ ਦੀ ਮੌਲਿਕਤਾ ਤਥਾ ਵਿਲਖਣਤਾ ਨੂੰ ਤਲਾਸ਼ਿਆ ਜਾ ਸਕਦਾ ਹੈ। ਗੁਰਬਾਣੀ ਵਿਚ ਵਧੇਰੇ ਸ਼ਬਦਾਵਲੀ ਤਦਭਵੀ ਹੈ (ਜੇਕਰ ਗਹਿਨ ਅਧਿਐਨ ਪੇਸ਼ ਕੀਤਾ ਜਾਵੇ ਤਾਂ ਗੁਰਬਾਣੀ ਦੀ ਸਾਰੀ ਸ਼ਬਦਾਵਲੀ ਤਦਭਵੀ ਹੀ ਹੈ, ਸਭ ਦਾ ਗੁਰਮੁਖੀਕਰਨ/ ਗੁਰਬਾਣੀਕਰਨ ਕੀਤਾ ਗਿਆ ਹੈ), ਹੁਣ ਤਤਸਮੀ ਵਰਤਣ ਦਾ ਰੁਝਾਨ ਹੈ। ਗੁਰਬਾਣੀ ਭਾਸ਼ਾ ਦੇ ਸੋਮੇ ਅਪਭ੍ਰੰਸ਼ਾਂ, ਪ੍ਰਾਕ੍ਰਿਤਾਂ, ਫਾਰਸੀ, ਅਰਬੀ, ਆਦਿ ਹਨ, ਜਦਕਿ ਹੁਣ ਸੰਸਕ੍ਰਿਤ ਤੇ ਅੰਗਰੇਜੀ ਵਧੇਰੇ ਹੈ। ਗੁਰਬਾਣੀ ਭਾਸ਼ਾ ਦਾ ਮੁਹਾਨ

ਅਧਿਆਤਮਕ ਸ਼ਬਦਾਵਲੀ ਵਲ ਵਧੇਰੇ ਹੈ, ਇਸ ਵਿਚ ਧਾਰਮਿਕ ਸੰਪ੍ਰਦਾਵਾਂ ਨਾਲ ਸੰਬੰਧਿਤ ਸ਼ਬਦ ਵਧੇਰੇ ਹਨ, ਨਾਲ ਹੀ ਨੈਤਿਕ, ਸਭਿਆਚਾਰਕ, ਲੋਕਧਾਰਾਈ, ਖੇਤੀ, ਵਣਜ ਵਪਾਰ, ਸ਼ਾਸਨ ਆਦਿ ਨਾਲ ਸੰਬੰਧਿਤ ਸ਼ਬਦ ਵੀ ਮਿਲਦੇ ਹਨ। ਵਰਤਮਾਨ ਸਮੇਂ ਵਿਗਿਆਨ ਮੂਲਕ ਅਤੇ ਸਭਿਆਚਾਰਕ ਸ਼ਬਦਾਂ ਦਾ ਵਧੇਰੇ ਪ੍ਰਭਾਵ ਤੇ ਵਾਧਾ ਹੈ। ਅਨੇਕ ਸ਼ਬਦ- ਅਨਦਿਨੁ, ਫੁਨ, ਭਤਾਰ, ਸਾਧਨ, ਉਰ, ਸੁਆਲਿਉ, ਆਵਨਾ, ਸੇਵਣਾ, ਵਿਗੁਤਾ, ਵਖਾਵੈ ਆਦਿ ਅਜਿਹੇ ਹਨ, ਜਿਹੜੇ ਹੁਣ ਦੀ ਪੰਜਾਬੀ ਵਿਚ ਵਰਤੇ ਨਹੀਂ ਜਾਂਦੇ। ਅਜਿਹੀ ਗਿਣਤੀ ਸੈਂਕੜਿਆਂ ਵਿਚ ਹੈ।

4.**3** ਗੁਰਬਾਣੀ ਭਾਸ਼ਾ ਦਾ ਚਰਿਤਰ ਬਹੁਭਾਸ਼ਾਈ ਸ਼ਬਦਾਵਲੀ ਵਾਲਾ ਹੈ। ਧਿਆਨ ਰਹੇ ਗੁਰਬਾਣੀ ਵਿਚ 'ਬਹੁਤੀਆਂ ਭਾਸ਼ਾਵਾਂ' ਨਹੀਂ; ਬਹੁਭਾਸ਼ਾਈ ਸ਼ਬਦਾਵਲੀ ਹੈ। ਭਾਸ਼ਾ ਵਿਚਲੀ ਵੰਨ-ਸੁਵੰਨਤਾ ਦਾ ਸੋਮਾ ਬਾਣੀਕਾਰਾਂ ਦਾ ਖੇਤਰੀ ਵਖਰੇਵਾਂ; ਕਾਲ ਅੰਤਰਾਲ; ਸੰਬੋਧਨ ਵਰਗ ਆਦਿ ਹੈ। ਗੁਰੂ ਸਾਹਿਬਾਨ ਦੀ ਸਰਬਸਾਂਝੀ ਦ੍ਰਿਸ਼ਟੀ ਦਾ ਇਕ ਸਬੂਤ ਸ਼ਬਦਾਵਲੀ ਵਿਭਿੰਨਤਾ ਵੀ ਹੈ। ਇਹ ਭਾਸ਼ਾਈ ਸਰੂਪ ਭਾਸ਼ਾ-ਸ਼ੈਲੀ ਵਾਲਾ ਹੈ (ਜਿਸ ਨੂੰ ਆਮ ਹਾਲਤ ਵਿਚ ਕਾਵਿ-ਸ਼ੈਲੀ ਅਧੀਨ ਸਮਝਿਆ/ ਵਾਚਿਆ ਜਾਂਦਾ ਹੈ), ਭਾਵ ਇਸ ਦਾ ਆਪਣਾ ਇਕ ਮਿਆਰੀ ਰੂਪ ਹੈ, ਜਿਸ ਦਾ ਸੁਹਜਮਈ ਪ੍ਰਭਾਵ ਹੈ। ਕਾਵਿ ਤੇ ਸੰਗੀਤ ਕਾਰਨ ਇਹ ਹੋਰ ਵੀ ਮਿਆਰੀ ਰੂਪ ਗ੍ਰਹਿਣ ਕਰ ਜਾਂਦਾ ਹੈ। ਸਥਾਨਕ ਵਖਰੇਵਿਆਂ ਦੇ ਬਾਵਜੂਦ ਭਾਸ਼ਾ-ਸ਼ੈਲੀ ਇਕਰਸ ਅਤੇ ਇਕਸੁਰ ਹੈ, ਜਿਸ ਵਿਚ ਵਿਸ਼ਾ, ਸ਼ੈਲੀ ਤੇ ਭਾਸ਼ਾ ਇਕਸੁਰ ਹਨ। ਇਸ ਇਕਸੁਰ ਬਹੁਭਾਸ਼ਾਈ ਸ਼ਬਦਾਵਲੀ ਦੇ ਚਰਿਤਰ ਨੂੰ ਸੰਥਿਆਕਾਰ ਨੇ ਸੁਰਖਿਅਤ ਰੂਪ ਵਿਚ ਜਗਿਆਸੂਆਂ ਤਕ ਉਚਾਰਨ ਰਾਹੀਂ ਪਹੁੰਚਾਉਣਾ ਹੈ। ਸੌਖੇ ਅਰਥਾਂ ਵਿਚ ਕਿਸੇ ਇਕ ਸ਼ਬਦ/ਅਖਰ ਨੂੰ ਵੀ ਬਿੰਦੀ/ਅਧਕ ਨਾਲ 'ਸ਼ੁਧ' ਨਹੀਂ ਕਰਨਾ, ਉਹ ਮੂਲ ਰੂਪ ਵਿਚ ਹੀ (ਧੁਨੀ ਵਿਗਿਆਨ ਦੀ ਨਜਰ ਵਿਚ) 'ਸ਼ੁਧ' ਹੈ।

4.**4** ਦੁਨੀਆ ਦੀ ਹਰੇਕ ਭਾਸ਼ਾ ਨੇ ਸ਼ਬਦਾਵਲੀ ਜਾਂ ਸ਼ਬਦਾਂ ਦੀ ਚੋਣ ਅਨੇਕ ਭਾਸ਼ਾਈ ਸੋਮਿਆਂ ਤੋਂ ਕੀਤੀ ਹੁੰਦੀ ਹੈ ਤੇ ਉਸ ਨੂੰ ਆਪਣੇ ਲਹਿਜੇ, ਸੁਰ, ਪਰੰਪਰਾ, ਵਿਆਕਰਨ ਅਨੁਸਾਰ ਢਾਲਿਆ ਹੁੰਦਾ ਹੈ। ਗੁਰਬਾਣੀ ਵਿਚ ਦੂਜੀਆਂ 'ਬੋਲੀਆਂ' ਤੋਂ ਵਧੇਰੇ ਨਾਂਵ ਸ਼ਬਦ ਲਏ ਹਨ, ਭਾਵ (ਅਰਥ) ਧੁਨੀਆਂ ਅਤੇ ਉਚਾਰਨ ਨਹੀਂ ਲਏ। ਇਕ ਉਦਾਹਰਨ ਵਜੋਂ *ਸਸੈ ਸੋਇ ਸ੍ਰਿਸਟਿ ਜਿਨਿ ਸਾਜੀ ਸਭਨਾ ਸਾਹਿਬ ਏਕ ਭਇਆ॥* ਤੁਕ ਵਿਚਲੇ ਸ਼ਬਦ: ਸੋਇ (ਬ੍ਰਜ), ਸ੍ਰਿਸਟਿ (ਪ੍ਰਾਕ੍ਰਿਤ ਮੂਲ ਤੋਂ ਸੰਸਕ੍ਰਿਤ ਰਾਹੀਂ), ਸਾਜੀ (ਉਰਦੂ/ਫਾਰਸੀ), ਸਭਨਾ (ਪੰਜਾਬੀ), ਸਾਹਿਬ (ਅਰਬੀ) ਆਦਿ ਵਿਚ ਵਰਤੀਆਂ ਜਾਂਦੀਆਂ 'ਸਸੈ' ਦੀਆਂ ਸਾਰੀਆਂ ਧੁਨੀਆਂ (ਸ/ਸ਼ ਆਦਿ) ਨੂੰ ਗੁਰਬਾਣੀ ਧੁਨੀ /ਸ/ ਰਾਹੀਂ ਹੀ ਸਮੇਟਿਆ ਗਿਆ ਹੈ। ਪਹਿਲਾਂ ਕਹੇ ਅਨੁਸਾਰ ਗੁਰਬਾਣੀ ਨੇ ਇਨ੍ਹਾਂ ਨੂੰ ਆਪਣੇ ਉਚਾਰਨ, ਲਹਿਜੇ, ਸੁਰ, ਪਰੰਪਰਾ, ਵਿਆਕਰਨ ਅਨੁਸਾਰ ਢਾਲ ਲਿਆ ਹੈ। ਇਨ੍ਹਾਂ ਦੇ ਮੂਲ ਭਾਸ਼ਾਈ ਉਚਾਰਨ ਨਾ ਸੰਭਵ ਹਨ ਅਤੇ ਨਾਹੀਂ ਲੋੜ । ਧਿਆਨ ਰਹੇ ਕਿ ਗੁਰਬਾਣੀ ਵਿਚ ਤਕਰੀਬਨ 15-ਕ ਭਾਸ਼ਾਵਾਂ ਦੇ ਨਮੂਨੇ; ਪ੍ਰਭਾਵ; ਸ਼ਬਦਾਵਲੀ ਆਦਿ ਮਿਲ ਜਾਂਦੀ ਹੈ, ਪਰ ਸਭ ਦਾ ਮੁਹਾਵਰਾ, ਬਣਤਰ, ਲਹਿਜਾ ਆਦਿ ਪੁਰਾਤਨ/ ਗੁਰੂ-ਕਾਲੀ ਪੰਜਾਬੀ ਵਾਲਾ ਹੈ, ਜਿਸ ਵਿਚ ਸਥਾਨਕ ਰੰਗਣ ਦਾ ਮਿਸ਼ਰਨ ਵੀ ਹੈ, ਜਿਵੇਂ ਭਗਤ ਕਬੀਰ ਸਾਹਿਬ ਦੀ ਬਾਣੀ ਵਿਚ ਮਾਗਧੀ ਤੇ ਭਗਤ ਨਾਮਦੇਵ ਜੀ ਦੀ ਬਾਣੀ ਵਿਚ ਮਰਾਠੀ ਪ੍ਰਭਾਵ ਤੇ ਸ਼ਬਦਾਵਲੀ ਮਿਲ ਜਾਂਦੀ ਹੈ। ਇਸੇ ਤਰ੍ਹਾਂ ਗੁਰੂ ਅਰਜਨ ਦੇਵ ਜੀ ਦੀ ਬਾਣੀ ਵਿਚ ਲਹਿੰਦੀ ਦਾ ਪ੍ਰਭਾਵ ਵਧੇਰੇ ਹੈ। ਉਚਾਰਨ ਕਰਨ

ਲਗਿਆਂ ਨਾ ਤਾਂ ਸਾਰੇ ਸ਼ਬਦਾਂ ਦੇ ਸੋਮੇ ਫੋਲਣ ਦੀ ਲੋੜ ਹੈ; ਨਾਹੀਂ ਅਜਿਹਾ ਸੰਭਵ ਹੈ। ਇਥੇ ਇਸ ਵਿਸ਼ੇ ਬਾਰੇ ਇਹ ਜਾਣਨਾ ਵੀ ਲਾਹੇਵੰਦ ਹੈ ਕਿ ਸ਼ਬਦ-ਸੋਮਾ ਜਾਂ ਧਾਤੂ ਦਾ ਸੰਕਲਪ ਵੀ ਬਹੁਤਾ ਪਾਇਦਾਰ ਨਹੀਂ, ਕਿਉਂਕਿ ਜੇ ਇਕ-ਸ਼ਬਦ ਵਿਸ਼ੇਸ਼ ਕਿਸੇ ਹੋਰ ਭਾਸ਼ਾ (ਸੋਮੇ) ਤੋਂ ਆਇਆ ਹੈ ਤਾਂ ਇਹ ਵੀ ਮੰਨਣਾ ਪਵੇਗਾ ਕਿ ਉਸ ਭਾਸ਼ਾ ਦਾ ਸੋਮਾ ਕੋਈ ਹੋਰ ਹੈ ਅਤੇ ਉਸ ਦਾ ਕੋਈ ਹੋਰ; ਇਉਂ ਇਹ ਲੜੀ ਅਨੰਤ ਹੈ। ਸਹੀ ਵਸਤੂ-ਸਥਿਤੀ ਇਹ ਹੈ ਕਿ ਹਰੇਕ ਭਾਸ਼ਾ ਦਾ ਵਖਰਾ ਵਜੂਦ ਹੈ, ਉਹ ਕਿਸੇ ਤੋਂ ਮਨੁਖ ਵਾਂਗ ਜਨਮ ਨਹੀਂ ਲੈਂਦੀ, ਉਹ ਕਿਸੇ ਪਰਿਵਾਰ ਵਿਚੋਂ 'ਪੈਦਾ' ਨਹੀਂ ਹੁੰਦੀ। ਹਰੇਕ ਭਾਸ਼ਾ ਆਪਣੇ ਸੁਭਾਅ, ਸੰਜਮ ਤੇ ਬਣਤਰ ਕਰਕੇ ਸੁਤੰਤਰ ਹੁੰਦੀ ਹੈ; ਭੂਗੋਲ, ਪ੍ਰਭਾਵ ਤੇ ਸ਼ਬਦਾਵਲੀ ਕਰਕੇ ਕਿਸੇ ਹੋਰ ਸਰੋਤ ਨਾਲ ਜੁੜੀ ਵੀ ਹੁੰਦੀ ਹੈ। ਉਸ ਦੇ ਹੋਰ ਭਾਸ਼ਾਵਾਂ ਨਾਲ ਸੰਪਰਕ ਵੀ ਕਾਇਮ ਰਹਿੰਦੇ ਹਨ। ਇਸ ਤਰ੍ਹਾਂ ਗੁਰਬਾਣੀ ਉਚਾਰਨ ਕਿਸੇ ਹੋਰ ਭਾਸ਼ਾ ਜਾਂ ਭਾਸ਼ਾਈ ਧੁਨੀਆਂ ਦੇ ਪ੍ਰਭਾਵ ਹੇਠ ਕਰਨ ਦੀ ਥਾਂ ਗੁਰਬਾਣੀ ਮੂਲ ਪਾਠ ਵਾਲਾ ਕਰਨਾ ਹੀ ਭਾਸ਼ਾ/ ਧੁਨੀ-ਵਿਗਿਆਨਕ ਪਖੋਂ ਦਰੁਸਤ ਜਾਂ 'ਸ਼ੁਧ' ਮੰਨਿਆ ਜਾਵੇਗਾ, ਇਹ ਨਹੀਂ ਕਿ 'ਮਸਕਤਿ, ਗੋਸ' ਜਿਹੇ ਪਦਾਂ ਦਾ ਅਰਬੀ ਵਿਚ ਕੀ ਉਚਾਰਨ ਹੈ ਜਾਂ 'ਪਾਤਿਸਾਹ' ਦਾ ਫਾਰਸੀ ਵਿਚ, (ਇਉਂ ਹੀ ਹੋਰ)। ਉਚਾਰਨ ਉਹੀ ਸਹੀ ਹੈ, ਜੋ ਗੁਰਬਾਣੀ ਨੇ ਅਪਣਾਇਆ ਹੈ। ਸ਼ਬਦਾਂ ਦੇ ਧਾਤੂ ਰੂਪ ਲਭਣੇ; ਹੋਰਾਂ ਭਾਸ਼ਾਵਾਂ ਵਿਚਲੇ ਸਮਾਨ ਰੂਪਾਂ ਨਾਲ ਤੁਲਨਾ ਕਰਨੀ, ਤਥਾ-ਕਥਿਤ ਭਾਸ਼ਾਈ ਸੋਮਿਆਂ ਦੀ ਤਲਾਸ਼ ਕਰਨੀ ਆਦਿ, ਇਹ ਸਭ ਕੋਸ਼ਕਾਰੀ ਦੀ ਦੁਨੀਆ ਦਾ ਖੇਤਰ ਹੈ ਅਤੇ ਅਜਿਹੇ ਕੰਮਾਂ ਦੀ ਲੋੜ ਵਿਆਖਿਆਵਾਂ, ਅਨੁਵਾਦਾਂ, ਕੋਸ਼ਾਂ ਆਦਿ ਵਿਚ (ਇਕ ਸੀਮਾ ਤਕ) ਪੈਂਦੀ ਹੈ, ਉਚਾਰਨ ਵਿਚ ਨਹੀਂ।

4.5 ਗੁਰਬਾਣੀ ਆਮ ਲੋਕਾਂ ਦੀ ਜ਼ੁਬਾਨ ਵਿਚ ਲਿਖੀ ਗਈ ਹੈ। ਇਹ 'ਸਵਰਨ', ਬਾਦਸ਼ਾਹਤ ਜਾਂ ਤਜ਼ਾਰਤ ਦੀ ਭਾਸ਼ਾ ਨਹੀਂ। ਲੋਕ ਭਾਸ਼ਾ ਹੋਣ ਕਾਰਨ ਹੀ ਧਰਮ ਦੇ ਵਿਖਮ ਤੇ ਗੰਭੀਰ ਵਿਸ਼ੇਸ਼ ਸੰਕਲਪ ਆਮ ਲੋਕਾਂ ਦੀ ਸਮਝ ਗੋਚਰੇ ਹਨ। ਇਸ ਦੇ ਭਾਸ਼ਾ-ਉਚਾਰ ਜੀਵਨ ਦੀਆਂ ਬੇਹਤਰੀਨ ਕੀਮਤਾਂ (ਨਾਮ, ਸ਼ਾਇਰੀ, ਸੰਗੀਤ, ਕਲਾ...) ਦੇ ਅਨੇਕ ਖੇਤਰਾਂ ਵਿਚੋਂ ਹਨ। ਕਾਵਿ ਅਤੇ ਸੰਗੀਤ ਦੇ ਸੁਹਜ ਵਿਚ ਗੁੰਦੀ ਹੋਈ; ਜੀਵਨ-ਜਗਤ ਦੇ ਗੰਭੀਰ ਦਰਸ਼ਨ ਦੀ ਇਸ ਪਾਕ-ਰਚਨਾ ਦਾ ਸੁਹਜ-ਅਨੰਦ-ਗਿਆਨ ਇਸ ਦੀਆਂ ਮੂਲ ਧੁਨੀਆਂ ਵਿਚੋਂ ਹੀ ਮਾਣਿਆ/ਜਾਣਿਆ ਜਾ ਸਕਦਾ ਹੈ। ਗੁਰੂ ਸਾਹਿਬਾਨ ਨੇ ਆਮ ਲੋਕਾਂ ਦੀ ਭਾਸ਼ਾ ਨੂੰ ਉਚ (ਧਰਮ) ਫਲਸਫੇ ਦੀ ਭਾਸ਼ਾ ਬਣਾਇਆ ਹੈ। ਇਸ ਵਿਚ ਧਰਮ/ ਅਧਿਆਤਮ ਦੇ ਗੂੜ੍ਹ ਮਸਲਿਆਂ ਨੂੰ ਸੌਖੇ ਪਧਰ 'ਤੇ ਨਜਿਠਿਆ ਗਿਆ ਹੈ । ਇਸ ਨਾਲ ਇਸ ਦਾ ਵਿਸ਼ੇਸ਼/ ਮੌਲਿਕ ਸਾਹਿਤਕ ਰੂਪ ਬਣ ਗਿਆ ਹੈ। (ਕਾਵਿ ਸ਼ਾਸਤਰੀ) ਕਲਾਤਮਕ ਦ੍ਰਿਸ਼ਟੀ ਤੋਂ ਬਾਣੀ ਭਾਸ਼ਾ ਪ੍ਰੌਢ, ਪ੍ਰਮਾਣਿਕ, ਗੰਭੀਰ ਤੇ ਸਮਰਥ ਹੈ। ਭਾਸ਼ਾਈ-ਉਦੇਸ਼ ਲੋਕਾਂ ਨਾਲ ਸੌਖਾ ਰਾਬਤਾ ਕਾਇਮ ਕਰਨਾ ਹੈ। ਇਸ ਦੀਆਂ ਗੈਰ-ਕੁਦਰਤੀ ਵਿਸ਼ੇਸ਼ ਉਚਾਰਨ 'ਸੋਧਾਂ' ਰਾਹੀਂ ਕੀਤੇ ਪਾਠ ਨਾਲ ਇਸ ਦਾ ਮੂਲ ਰਾਬਤਾ ਹੀਣ ਹੋ ਜਾਂਦਾ ਹੈ।

4.6 ਪੂਰਬੀ ਏਸ਼ੀਆ ਦੇ ਇਕ ਵਡੇਰੇ ਹਿਸੇ ਦੀਆਂ ਭਾਸ਼ਾਵਾਂ/ ਬੋਲੀਆਂ ਪ੍ਰਾਕ੍ਰਿਤਾਂ, ਅਪਭ੍ਰੰਸਾਂ ਆਦਿ ਦੇ ਕਈ ਨਮੂਨੇ ਅਜਿਹੇ ਹਨ, ਜਿਹੜੇ ਗੁਰਬਾਣੀ ਬਿਨਾ ਹੋਰ ਕਿਤੇ ਵੀ ਪ੍ਰਾਪਤ ਨਹੀਂ। ਬਾਣੀ ਭਾਸ਼ਾ ਵਿਚ ਛੋਟੀਆਂ ਤੇ ਗ੍ਰਾਮੀਣ ਭਾਸ਼ਾਵਾਂ ਦੇ ਨਮੂਨੇ ਵੀ ਸੰਭਾਲੇ ਹੋਏ ਹਨ। ਬਾਣੀ ਵਿਚ ਇਹ ਨਵੇਂ/ਮੌਲਿਕ ਅਰਥਾਂ ਦੇ ਧਾਰਨੀ ਹਨ। ਇਕ ਅਨੁਮਾਨ ਅਨੁਸਾਰ ਉਕਤ ਭਾਸ਼ਾਵਾਂ ਦੇ ਲਗਪਗ ੮00 ਸਾਲ ਦੇ ਵੇਰਵੇ ਪ੍ਰਮਾਣਿਕ ਰੂਪ ਵਿਚ ਹਮੇਸ਼ਾ ਲਈ ਗੁਰਬਾਣੀ ਵਿਚ ਸੁਰਖਿਅਤ ਹਨ। ਇਉਂ ਗੁਰਬਾਣੀ ਵਿਚ ਪੰਜਾਬੀ (ਲਹਿੰਦੀ), ਸਿੰਧੀ, ਰਾਜਸਥਾਨੀ, ਬਾਂਗਰੂ, ਬ੍ਰਜ, ਖੜੀ ਬੋਲੀ, ਬਿਹਾਰੀ

(ਭੋਜਪੁਰੀ), ਹਿੰਦਵੀ, ਰੇਖਤਾ ਅਤੇ ਪਛਮੀ ਪਹਾੜੀ ਬੋਲੀਆਂ ਦੇ ਅਨੇਕ ਅੰਸ਼ ਪਾਏ ਜਾਂਦੇ ਹਨ। ਤਥਾ-ਕਥਿਤ ਉਚਾਰਨ 'ਸ਼ੁਧਤਾ' ਦੇ ਨਾਂ ਉਤੇ ਅਸੀਂ ਇਨਾਂ ਨੂੰ 'ਇਕਸਾਰ' (ਅਸਲ ਮਲੀਆਮੇਟ) ਨਹੀਂ ਕਰਨਾ ਹੈ।

ਸੋ ਗੁਰੂ ਸਾਹਿਬਾਨ ਨੇ ਆਮ ਲੋਕਾਂ ਦੀ ਭਾਸ਼ਾ ਨੂੰ ਉਚ-(ਧਰਮ) ਫਲਸਫੇ ਦੀ ਭਾਸ਼ਾ ਬਣਾਇਆ ਹੈ। ਇਸ ਦੇ ਮੂਲ ਸਰੂਪ ਕਾਰਨ ਹੀ ਲੋਕਾਂ ਨਾਲ ਸੌਖਾ ਰਾਬਤਾ ਕਾਇਮ ਹੈ। ਇਹ ਰਾਬਤਾ ਮੂਲ ਗੁਰਬਾਣੀ ਵਾਲੀ ਲੋਕ ਧੁਨੀ ਵਿਚ ਹੀ ਸੋਭਦਾ ਹੈ। ਇਸ ਨੂੰ ਕਿਸੇ ਬੰਦ, ਵੇਲਾ-ਵਿਹਾ ਚੁਕੀ 'ਸ਼ਾਸਤਰੀ' ਧੁਨਿ ਦੀ ਲੋੜ ਨਹੀਂ ਹੈ। ਗੁਰਬਾਣੀ ਭਾਸ਼ਾ ਦੀ ਧੁਨੀ ਵਿਉਂਤ, ਗੁਰਬਾਣੀ ਭਾਸ਼ਾਈ ਸਰੂਪ ਉਤੇ ਅਧਾਰਿਤ ਹੀ ਹੈ, ਅਜ ਦੀ ਪੰਜਾਬੀ (ਜਾਂ ਕੋਈ ਵੀ ਹੋਰ) ਭਾਸ਼ਾ ਨਹੀਂ, ਭਾਵ ਉਚਾਰਨ, ਗੁਰਬਾਣੀ ਜਿਵੇਂ ਲਿਖੀ ਹੋਈ ਹੈ, ਤਿਵੇਂ ਕਰਨਾ ਜਰੂਰੀ ਹੈ। ਹੁਣ ਤਕ ਕਾਫੀ ਕੁਝ ਬਦਲ ਗਿਆ ਹੈ ਅਤੇ ਇਹ ਲਗਾਤਾਰ ਬਦਲਾਅ ਵਿਚ ਰਹਿਣਾ ਹੈ। ਜੇਕਰ ਅਸੀਂ ਅੱਜ ਦੇ (ਪੰਜਾਬੀ) ਭਾਸ਼ਾਈ ਰੂਪ ਵਾਲਾ ਉਚਾਰਨ ਕਰਾਂਗੇ ਤਾਂ ਉਕਤ ਦਰਸਾਏ ਅਨੁਸਾਰ ਕਾਫੀ ਕੁਝ ਕਰਨਾ ਪਵੇਗਾ; ਕੇਵਲ (ਅੱਜ) ਵਾਲੀਆਂ ਬਿੰਦੀਆਂ, ਅਧਕਾਂ ਨਾਲ ਨਹੀਂ ਸਰਨਾ; ਦੂਜਾ ਅਗਾਂਹ ਜਦੋਂ ਸਾਡੀ ਪੰਜਾਬੀ ਭਾਸ਼ਾ ਹੋਰ ਬਦਲ ਗਈ ਤਾਂ ਕੀ ਅਸੀਂ ਹੋਰ ਭਾਸ਼ਾਈ/ਧੁਨੀ ਤਤ ਸ਼ਾਮਿਲ ਕਰਦੇ ਜਾਵਾਂਗੇ? ਬਿਲਕੁਲ ਨਹੀਂ। ਉਚਾਰਨ ਗੁਰੂ-ਕਾਲ ਦੀ ਗੁਰਮੁਖੀ ਭਾਸ਼ਾ (ਪੁਰਾਤਨ ਪੰਜਾਬੀ/ਗੁਰਬਾਣੀ) ਵਾਲਾ ਹੀ ਰਹੇਗਾ।

(5) <u>ਆਰਥੋਗਰਾਫਿਕ ਪਰਿਪੇਖ</u>

ਵਿਸ਼ਾ-ਪ੍ਰਵੇਸ਼: ਆਰਥੋਗਰਾਫੀ, ਭਾਸ਼ਾ ਵਿਗਿਆਨ ਦਾ ਇਕ ਨਵਾਂ ਸ਼ਾਮਿਲ ਹੋਇਆ ਵਿਸ਼ਾ ਹੈ ਅਤੇ ਇਸ ਦਾ ਸੰਬੰਧ ਭਾਸ਼ਾ ਦੇ ਲਿਖਤ ਸਰੂਪ ਨਾਲ ਹੈ। ਇਹ ਭਾਸ਼ਾ ਅਤੇ ਲਿਪੀ ਤੋਂ ਵਖਰਾ ਲਿਖਤ ਨਾਲ ਸੰਬੰਧਿਤ ਵਿਸ਼ਾ ਹੈ। ਲਿਖਤ ਵਿਚ ਕਾਰਜਸ਼ੀਲ ਨੇਮਾਂ ਦਾ ਅਧਿਐਨ ਕਰਨ ਵਾਲੀ ਵਿਦਿਆ ਆਰਥੋਗਰਾਫੀ ਹੈ। ਇਸ ਹਵਾਲੇ ਨਾਲ ਗੁਰਬਾਣੀ ਧੁਨੀਆਂ ਦਾ ਲਿਖਤੀ ਸਰੂਪ ਵੇਖਣਾ ਜਰੂਰੀ ਹੈ, ਤਾਂ ਕਿ ਗੁਰਬਾਣੀ ਉਚਾਰਨ ਦਾ ਆਰਥੋਗਰਾਫਿਕ ਪਰਿਪੇਖ ਸਪਸ਼ਟ ਹੋਵੇ। ਨਾਲ ਹੀ ਗੁਰਬਾਣੀ ਧੁਨੀਆਂ ਦੇ ਲਿਖਤ ਰੂਪ ਨੂੰ ਵਰਤਮਾਨ ਪੰਜਾਬੀ (ਗੁਰਮੁਖੀ) ਲਿਖਤ ਨਾਲ ਮਿਲਾ ਕੇ ਵੇਖਣਾ ਵੀ ਜਰੂਰੀ ਹੈ, ਤਾਂ ਕਿ ਉਚਾਰਨ ਸਮੇਂ ਵਰਤਮਾਨ ਧੁਨੀਆਂ ਨਾਲ ਜਿਥੇ ਰਲਗਡ ਹੋਣ ਤੋਂ ਬਚਾਅ ਹੋਵੇ, ਓਥੇ ਕਈ ਗੁਰਬਾਣੀ ਧੁਨੀਆਂ ਜੋ ਸਾਡੇ ਵਰਤਮਾਨ ਉਚਾਰਨ ਵਿਚੋਂ ਅਲੋਪ ਹੋ ਗਈਆਂ ਜਾਂ ਹੋ ਰਹੀਆਂ ਹਨ, ਉਨ੍ਹਾਂ ਦੀ ਸੁਰਖਿਆ ਹੋ ਸਕੇ। ਆਮ ਹਾਲਤ ਵਿਚ ਗੁਰਬਾਣੀ ਲਿਖਤ (ਧੁਨੀਆਂ) ਦਾ ਸਰੂਪ ਹੇਠ ਲਿਖੇ ਅਨੁਸਾਰ ਹੈ:

5.**1** ਲਿਖਤ ਪਧਰ ਉਤੇ ੴ ਦੀ ਸਥਿਤੀ ਵਿਲਖਣ ਹੈ। ਅਜਿਹਾ ਚਿੰਨ੍ਹ ਦੁਨੀਆ ਦੀ ਹੋਰ ਕਿਸੇ ਵੀ ਲਿਖਤ ਵਿਚ ਨਹੀਂ, ਇਸ ਦਾ (ਦੈਵੀ-ਮੂਲ) ਧੁਨੀ-ਰੂਪ ਉਚਾਰਨ 'ਇਕਓਅੰਕਾਰ' ਹੈ। ਇਥੇ ੴ (ਇਕਓਅੰਕਾਰ) ਇਕ ਇਕਾਈ (unit) ਹੈ, ਇਹ ਵਖ ਵਖ (ਇਕ ਓਅੰਕਾਰ) ਨਹੀਂ ਅਤੇ 'ਅੰ' ਦਾ ਉਚਾਰਨ 'ਅਙ੍' (ਇਕਓਅਙ੍ਕਾਰ) ਹੈ।

5.2 ਵਰਤਮਾਨ ਗੁਰਮੁਖੀ ਲੇਖਣੀ ਵਿਚ 35 (+06=41) 'ਅਖਰ' ਵਰਤੇ ਜਾਂਦੇ ਹਨ, ਪਰ < ਙ, ਞ > ਦਾ ਪ੍ਰਚਲਨ ਅਜੋਕੀ (ਭਾਰਤੀ) ਪੰਜਾਬੀ ਵਿਚ ਕਾਫ਼ੀ ਘਟ ਗਿਆ ਹੈ, ਇਨ੍ਹਾਂ ਦੀ ਕੁਝ ਲਹਿੰਦੀ ਮੂਲ ਦੇ ਸ਼ਬਦਾਂ ਵਿਚ ਹੀ ਉਚਾਰਨ-ਵਰਤੋਂ ਰਹਿ ਗਈ ਹੈ। ਸ਼ਬਦ ਦੀ ਆਦਿ ਸਥਿਤੀ ਵਿਚ ਤਾਂ ਇਨ੍ਹਾਂ ਦੀ ਵਰਤੋਂ ਉਕਾ ਹੀ ਨਹੀਂ ਰਹੀ। < ੜ > ਦੀ ਵਰਤੋਂ ਵੀ ਸ਼ਬਦ ਦੀ ਆਦਿ -ਸਥਿਤੀ ਵਿਚ ਨਹੀਂ ਰਹੀ, ਪਰ ਗੁਰਬਾਣੀ ਲੇਖਣੀ ਵਿਚ ਇਨ੍ਹਾਂ ਦੀ ਵਰਤੋਂ ਕਾਫ਼ੀ ਹੈ ਤੇ ਇਹ

ਵਰਤੋਂ ਸ਼ਬਦਾਂ ਦੀ ਆਦਿ, ਮਧ ਤੇ ਅੰਤਿਮ ਸਥਿਤੀ ਵਿਚ ਵੀ ਹੈ, ਜਿਵੇਂ : ਙ਼ਾੜਿ, ਗੜਿਓ, ਸਗੂੜੋ ; ਞਿਆਣੀ, ਅੰਞਣੁ, ਸੁਲੁੰਞ ਆਦਿ। ਉਚਾਰਨ ਸਮੇਂ ਇਨ੍ਹਾਂ ਅਖਰਾਂ ਦਾ (ਮੁਹਾਰਨੀ ਰਾਹੀਂ) ਵਿਸ਼ੇਸ ਧਿਆਨ ਦੇ ਕੇ ਉਚਾਰਨ ਸਿਖਣਾ ਜਰੂਰੀ ਹੈ।

5.3 ਗੁਰਬਾਣੀ ਵਿਚ 10 ਸੁਰ ਹਨ, ਪਰ ਨਾਲ ਹੀ ਲਿਖਤ ਵਿਚ ਦੋ-ਲਗਾਂ 'ਹੋੜਾ' <◌ੋ > ਤੇ ਔਂਕੜ <◌ੁ > ਦੇ ਰੂਪ ਵਿਚ ਵੀ ਹਨ। ਇਸ ਹਵਾਲੇ ਨਾਲ 11 ਸੁਰ ਵਰਤੋਂ ਵਿਚ ਹਨ। ਲਿਖਤ ਪਧਰ ਉਤੇ ਕੁਝ ਸ਼ਬਦ...ਲਬਧਿੰ§, ਜੋਤਿੰ§...ਵੀ ਮਿਲਦੇ ਹਨ। < ਅ > ਵਰਤਮਾਨ ਗੁਰਮੁਖੀ ਲੇਖਣੀ ਵਿਚ ਮੁਕਤ-ਚਿੰਨ੍ਹ; ਲਗ-ਰਹਿਤ ਸ਼ਬਦਾਂ ਦੀ ਅੰਤਿਮ ਸਥਿਤੀ ਵਿਚ ਬਹੁਤ ਘਟ; ਨਾ-ਮਾਤਰ ਹੀ ਵਰਤਿਆ ਜਾਂਦਾ ਹੈ, ਪਰ ਗੁਰਬਾਣੀ ਵਿਚ ਇਸ ਦੀ ਵਰਤੋਂ ਕਾਫ਼ੀ ਮਾਤਰਾ ਵਿਚ ਹੈ, ਜਿਵੇਂ: ਹੀਅ, ਜੀਅ, ਤ੍ਰਿਤੀਅ, ਗਰੂਅ, ਧਰੂਅ, ਸਖੀਅ, ਉਦੋਸੀਅ ਆਦਿ। ਉਚਾਰਨ ਸਮੇਂ /ਅ/ ਧੁਨੀ ਦਾ ਮੁਕਤ-ਉਚਾਰਨ ਧਿਆਨ ਨਾਲ ਕਰਨਾ ਜਰੂਰੀ ਹੈ।

5.4 ਸ਼ਘੋਸ਼ ਮਹਾਂਪਰਾਣ ਧੁਨੀਆਂ ਦੇ ਧਾਰਨੀ, ਕਵਰਗ ਤੋਂ ਪਵਰਗ ਤਕ, ਅਖਰਮਾਲਾ ਦੀ ਤਰਤੀਬ ਦੇ ਚੌਥੇ ਥਾਂ ਆਉਣ ਵਾਲੇ ਪੰਜ ਅਖਰ <ਘ, ਝ, ਢ, ਧ, ਭ > ਗੂੜ੍ਹ ਅਖਰ ਹਨ। ਵਰਤਮਾਨ ਪੰਜਾਬੀ ਉਚਾਰਨ ਵਿਚ ਹੁਣ ਇਹ 'ਸੁਰ' ਦੀ ਬਹੁਲਤਾ ਕਾਰਨ ਸ਼ਬਦ ਦੀ ਮੁਢਲੀ, ਮਧ ਤੇ ਅੰਤਿਮ ਸਥਿਤੀ ਵਿਚ ਇਕ ਤੋਂ ਵਧ ਧੁਨੀਆਂ ਦੇ ਸੂਚਕ ਬਣ ਗਏ ਹਨ। ਗੁਰਬਾਣੀ ਵਿਚ ਇਹ ਅਖਰ ਕਿਸੇ ਵੀ ਸਥਿਤੀ- ਆਦਿ, ਮਧ ਜਾਂ ਅੰਤ ਵਿਚ ਹੋਣ, ਆਪਣੀ ਮੂਲ ਧੁਨੀ ਕਾਇਮ ਰਖਦੇ ਹਨ, ਭਾਵ ਮੂਲ ਰੂਪ ਵਿਚ ਹੀ ਬੋਲੇ ਜਾਣੇ ਚਾਹੀਦੇ ਹਨ।

5.5 ਸਮੇਂ ਦੇ ਵਿਕਾਸ ਤੇ ਕਈ ਨਵੇਂ ਪ੍ਰਭਾਵਾਂ ਤਹਿਤ ਪੰਜਾਬੀ ਧੁਨੀਆਂ ਵਿਚ ਵਾਧੇ ਹੁੰਦੇ ਗਏ, ਇਸ ਤਰ੍ਹਾਂ 06 ਨਵੇਂ ਲਿਪੀ-ਚਿੰਨ੍ਹ, ਮੂਲ ਅਖਰਾਂ ਵਿਚੋਂ ਲੈ ਕੇ; ਪੈਰ-ਬਿੰਦੀ ਪਾਕੇ ਕੇ ਵਰਤੋਂ ਵਿਚ ਲਿਆਂਦੇ ਗਏ ਹਨ। ਇਹ ਅਖਰ ਕ੍ਰਮਵਾਰ <ਸ਼, ਖ਼, ਗ਼, ਜ਼, ਫ਼, ਲ਼> ਹਨ। < ਲ਼ > ਛਡ ਕੇ ਬਾਕੀ ਸਾਰੇ ਫ਼ਾਰਸੀ ਧੁਨੀਆਂ /ਸ਼ੀਨ-ਸ਼ੇ, ਗ਼ੈਨ, ਜ਼ੇ-ਜ਼ਾਲ-ਜ਼ੁਆਦ, ਫ਼ੇ, ਖ਼ੇ/ ਆਦਿ ਨੂੰ ਤਤਸਮ ਰੂਪ ਵਿਚ ਪ੍ਰਗਟਾਉਣ ਦੀ ਰੁਚੀ ਵਿਚੋਂ ਪੈਦਾ ਹੋਏ ਹਨ, ਜਦਕਿ < ਲ਼ > ਉਲਟਜੀਭੀ ਅੰਗਰੇਜ਼ ਪਾਦਰੀਆਂ ਨੇ ਪਹਿਲੀ ਵਾਰ ਵਰਤਿਆ ਦਸਿਆ ਜਾਂਦਾ ਹੈ, ਅਜਕਲ ਇਹ ਮਰਾਠੀ ਵਿਚ ਆਮ ਵਰਤਿਆ ਜਾਂਦਾ ਹੈ। 06 ਨਵੇਂ ਲਿਪਾਂਕਾਂ ਦੀ ਇਸ ਟੋਲੀ/ ਵਰਗ ਦੀ ਆਮਦ ਨਾਲ ਹੁਣ ਗੁਰਮੁਖੀ ਦੇ 41 ਅਖਰ ਬਣ ਗਏ ਹਨ। ਗੁਰਬਾਣੀ ਲਿਖਤ-ਵਿਧਾਨ ਵਿਚ ਇਨ੍ਹਾਂ ਨਵੇਂ ਅਖਰਾਂ ਦੀ ਕੋਈ ਥਾਂ ਨਹੀਂ, ਕਿਉਂਕਿ ਇਹ ਆਧੁਨਿਕ ਸਮੇਂ ਦੀ ਕਾਢ ਹਨ। ਗੁਰਬਾਣੀ ਉਚਾਰਨ ਵਿਚ ਇਹ ਬੋਲੇ ਨਹੀਂ ਜਾਂਦੇ, ਕਿਉਂਕਿ ਇਨ੍ਹਾਂ ਅਖਰਾਂ ਦੀ ਵਰਤੋਂ ਹੀ ਨਹੀਂ ।

5.6 ਗੁਰਮੁਖੀ ਵਿਚ ਲਗ-ਚਿੰਨ੍ਹਾਂ ਦੀ ਗਿਣਤੀ ਨੌਂ ਹੈ ਤੇ ਇਕ ਹੋਰ / ਅ/ ਸੁਰ ਨੂੰ ਅੰਕਿਤ ਕਰਨ ਲਈ ਕੋਈ ਚਿੰਨ੍ਹ ਨਹੀਂ, ਇਸ ਨੂੰ 'ਮੁਕਤਾ' ਕਹਿ ਦਿਤਾ ਜਾਂਦਾ ਹੈ। ਗੁਰਮੁਖੀ ਆਰਥੋਗਰਾਫ਼ੀ ਵਿਚ ਲਗ-ਚਿੰਨ੍ਹਾਂ ਦੇ ਨਾਂ, ਵਰਤੋਂ, ਧੁਨੀ, ਅਕਾਰ ਆਦਿ ਪੂਰੀ ਤਰ੍ਹਾਂ ਨਿਸ਼ਚਿਤ ਤੇ ਵਖਰੇਵੇਂ ਵਾਲੇ ਹਨ। ਇਹ ਸੁਰ/ਵਿਅੰਜਨ ਅਖਰਾਂ ਦੇ ਉਪਰ; ਹੇਠਾਂ; ਸਜੇ; ਖਬੇ ਅੰਕਿਤ ਕੀਤੇ ਜਾਂਦੇ ਹਨ। ਗੁਰਬਾਣੀ ਵਿਚ ਵੀ ਇਹ ਸਾਰੀਆਂ ਲਗਾਂ ਹਨ, ਪਰ ਹੁਣ ਗੁਰਮੁਖੀ ਲਿਖਤ ਵਿਚ ਲਗਾਂ ਦਾ ਪ੍ਰਯੋਗ ਇਕਹਰਾ ਹੁੰਦਾ ਹੈ, ਪਰ ਗੁਰਬਾਣੀ ਵਿਚ ਦੋ-ਲਗਾਂ ਵੀ ਲਗੀਆਂ ਹੋਈਆਂ ਹਨ ਅਤੇ ਇਹ ਦੋ ਪਧਰਾਂ ਉਤੇ ਕਾਰਜਸ਼ੀਲ ਹਨ -ਪਹਿਲੇ ਪਧਰ ਉਤੇ ਇਨ੍ਹਾਂ ਦੀ ਵਰਤੋਂ ਦੂਹਰੀ ਹੈ, ਇਹ ਸ਼ਬਦਾਂ ਵਿਚਲੀ ਸੰਬੰਧਿਤ ਧੁਨੀ ਨੂੰ ਇਕੋ ਸਮੇਂ ਦੋ 'ਹੋੜਾ'

< ੋ > ਤੇ ਔਂਕੜ < ੁ > ਦੇ ਰੂਪ ਵਿਚ ਲਗੀਆਂ ਹੋਈਆਂ ਹਨ, ਜਿਵੇਂ ਅੰਚਲੁੋ, ਅੰਮ੍ਰਿਤੁੋ, ਧਨੁੋ, ਲੁੋਕਾਈ, ਆਦਿ । ਦੂਜਾ ਲਗਾਂ ਦੀ ਵਰਤੋਂ ਦਾ ਸਥਾਨਾਂਤਰਨ-ਭੇਦ ਹੈ। ਵਰਤਮਾਨ ਗੁਰਮੁਖੀ ਲਿਖਤਾਂ ਵਿਚ ਪੈਰ-ਅਖਰਾਂ ਨੂੰ ਕੋਈ ਲਗ ਨਹੀਂ ਲਗਦੀ, ਮੂਲ ਅਖਰ ਨੂੰ ਲਗੀ 'ਲਗ' ਪੈਰ-ਅਖਰ ਦੀ ਹੀ ਹੁੰਦੀ ਹੈ, ਜਿਵੇਂ 'ਕ੍ਰਿਪਾ", ਮੂਲ ਰੂਪ 'ਕ੍ਰਿਪਾ' ਹੈ। ਗੁਰਬਾਣੀ ਲਿਖਤ ਵਿਚ ਪੈਰ-ਅਖਰ ਜਾਂ ਹੋਰ ਚਿੰਨ੍ਹ ਦੇ ਨਾਲ ਵੀ ਲਗ ਦੀ ਸਿਧੀ ਵਰਤੋਂ ਮਿਲਦੀ ਹੈ, ਇਹ ਪੈਰ-ਰਾਰਾ -ਯ, ਉਚੀ-ਸੁਰ, ਹਾਹਾ ਆਦਿ ਨਾਲ ਮਿਲਦੀ ਹੈ, ਜਿਵੇਂ: ਅਧ੍ਰੁਵ, ਅਪਵਿਤ੍ਰੁ, ਕਲ੍ਯੁਚਰੈ, ਪੜ੍ਹੁ, ਭਲ੍ਹੁਹ ਆਦਿ ਵਿਚ। ਉਚਾਰਨ ਸਮੇਂ ਅਜਿਹੇ ਸ਼ਬਦ-ਰੂਪ ਵਿਸ਼ੇਸ਼ ਧਿਆਨ/ਅਭਿਆਸ ਦੀ ਮੰਗ ਕਰਦੇ ਹਨ, ਜਿਵੇਂ / ਅਧ੍ਰੁਵ, ਅਪਵਿਤ੍ਰੁ, ਕਲ੍ਯੁਚਰੈ, ਪੜ੍ਹੁ, ਭਲ੍ਯੁਹ / ਆਦਿ।

5.7 ਗੁਰਬਾਣੀ ਲਿਖਤ ਵਿਚ ਪੈਰ ਅਖਰਾਂ ਦੀ ਗਿਣਤੀ 08 ਹੈ < ਹ, ਚ, ਟ, ਤ, ਨ, ਯ, ਰ, ਵ >, ਜਿਵੇਂ: ਓਲ੍ਹਗ, ਸੰਮ੍ਹਲਿਆ, ਅਸ੍ਰੂਰਜ, ਨਿਸ੍ਹਲ, ਸ੍ਰਿਸਟਿ, ਮਿਸ੍ਰ, ਹਸ੍ਤੁ, ਪੁਸ੍ਤਕ, ਬੈਸ੍ਨਵਹ, ਉਗ੍ਰਸੈਨ, ਮੰਤ੍ਰ, ਸ੍ਵਰੂਪੀ, ਅਸ੍ਵ ਆਦਿ। ਪੈਰ-ਅਖਰ, ਉਚਾਰਨ ਤੇ ਮੂਲ ਦੀ ਦ੍ਰਿਸ਼ਟੀ ਤੋਂ ਮੁਖ ਅਖਰਾਂ ਵਾਂਗ ਹੀ ਹਨ। ਇਨ੍ਹਾਂ ਦੀ ਵਰਤੋਂ ਵੇਲੇ ਸਿਰਫ਼ ਅਕਾਰ (shape) ਤੇ ਸਥਾਨ ਬਦਲਿਆ ਹੈ, ਮੂਲ ਨਹੀਂ। ਉਚਾਰਨ ਵਿਚ ਇਹ ਆਪਣੀ ਮੂਲ ਧੁਨੀ ਕਾਇਮ ਰਖਦੇ ਹਨ, ਪਰ ਜਿਸ ਮੁਖ ਅਖਰ ਹੇਠ ਆਉਂਦੇ ਹਨ, ਉਸ ਦੀ ਧੁਨੀ ਨੂੰ ਪ੍ਰਭਾਵਿਤ ਕਰਦੇ ਹਨ; ਲਗਪਗ ਅਧੀ (ਤਕਨੀਕੀ ਅਰਥਾਂ ਵਿਚ /ਅ/ ਮੁਕਤ) ਕਰ ਦਿੰਦੇ ਹਨ। ਹੁਣ ਪੰਜਾਬੀ ਵਿਚ ਸਿਰਫ ਤਿੰਨ ਅਖਰ 'ਰ,ਹ,ਵ' ਹੀ ਪੈਰਾਂ ਵਿਚ ਪੈਂਦੇ ਹਨ ਅਤੇ ਇਹ ਵੀ ਬਹੁਤ ਘਟ ਮਾਤਰਾ ਵਿਚ।

5.8 ਗੁਰਮੁਖੀ ਲੇਖਣੀ (ਲਿਖਣ-ਪ੍ਰਬੰਧ) ਵਿਚ ਤਿੰਨ ਹੋਰ ਚਿੰਨ੍ਹ ਵਰਤੇ ਜਾਂਦੇ ਹਨ- ਟਿੱਪੀ, ਬਿੰਦੀ ਤੇ ਅਧਕ <ੰ, ਂ, ੱ >। ਅਧਕ < ੱ > ਦੀ ਗੁਰਬਾਣੀ ਵਿਚ ਵਰਤੋਂ ਨਹੀਂ ਹੋਈ। ਇਥੋਂ ਤਕ ਕਿ ਮਧਕਾਲ ਦੀ ਕਿਸੇ ਵੀ ਗੁਰਮੁਖੀ (ਹਥ) ਲਿਖਤ ਵਿਚ ਇਸ ਦੀ ਵਰਤੋਂ ਨਹੀਂ। ਬਿੰਦੀ <ਂ >ਤੇ ਟਿੰਪੀ <ੰ >ਚਿੰਨ੍ਹ ਦੀ ਵਰਤੋਂ ਮੁਢਲੇ ਤੌਰ ਉਤੇ ਤਾਂ ਨਾਸਕੀ ਧੁਨੀ ਵਜੋਂ ਹੁੰਦੀ ਹੈ, ਪਰ ਟਿਪੀ ਦੀ ਵਰਤੋਂ 'ਨਾਸਕੀ' ਦੇ ਨਾਲ ਕਿਤੇ ਕਿਤੇ 'ਬਲ' ਦੀ ਵੀ ਸੂਚਕ ਹੈ। ਅਖਰਮਾਲਾ ਦੇ ਹਰੇਕ ਵਰਗ ਅਨੁਸਾਰ ਟਿਪੀ/ਬਿੰਦੀ ਆਪਣਾ ਉਚਾਰਨ ਬਦਲਦੀ ਹੈ। ਵਰਤਮਾਨ ਲੇਖਣੀ ਨਾਲੋਂ ਗੁਰਬਾਣੀ ਵਿਚ ਇਨ੍ਹਾਂ ਨਾਸਕੀ ਚਿੰਨ੍ਹਾਂ ਦੀ ਵਰਤੋਂ ਬਹੁਤ ਘਟ ਹੋਈ ਹੈ। ਵਰਤਮਾਨ ਸਮੇਂ ਬਿੰਦੀ < ਂ > ਦੀ ਵਰਤੋਂ ਬਹੁਤ ਜ਼ਿਆਦਾ ਵਧ ਗਈ ਹੈ। ਨਾਸਕੀ ਦੇ ਮਾਤਰਾ-ਭੇਦ ਤੋਂ ਬਿਨਾ ਬਾਣੀ ਲਿਖਤ ਦਾ, ਵਰਤਮਾਨ ਲਿਖਤ ਨਾਲੋਂ ਵਰਤੋਂ ਦੀ ਪਧਰ ਉਤੇ ਇਕ ਮੁਖ ਭੇਦ, ਸਥਾਨ ਦਾ ਵੀ ਹੈ, ਜਿਵੇਂ ਗੁਰਬਾਣੀ ਵਿਚ 'ੳ' ਨਾਲ ਟਿਪੀ **<** ੰ **>** ਦੀ ਵਰਤੋਂ ਵੀ ਹੈ ਤੇ ਸਥਾਨ ਪਖੋਂ ਇਹ < ੳ > ਦੇ ਖਬੇ ਤੇ ਉਤੇ ਕਰਕੇ < ੰੳ > ਵਾਂਗ ਹੈ, ਜਿਵੇਂ /ਕੰੳ, ਹੰਉ / ਆਦਿ, ਧਿਆਨ ਰਹੇ ਇਥੇ < ੰ >, < ੳ > ਉਤੇ ਹੈ, < ਕ, ਹ > ਉਤੇ ਨਹੀਂ, ਇਸ ਦਾ ਸਥਾਨ ਵਰਤਮਾਨ /ਹਉਂ, ਕਉਂ/ ਵਾਂਗ ਹੀ ਹੈ। ਹੋਰ ਸਥਿਤੀਆਂ ਵਿਚ ਵੀ < ੰ > ਦੇ ਸਥਾਨ ਦਾ ਫਰਕ ਹੈ, ਜਿਵੇਂ ਈੰਧਨ, ਹਸ ੰਤੀ, ਥਿ ੰਤੀ ਆਦਿ। ਇਨ੍ਹਾਂ ਦਾ ਵਰਤਮਾਨ ਸਰੂਪ ਈਂਧਨ, ਹਸਤੀਂ, ਥਿਤੀਂ ਆਦਿ ਹੋਵੇਗਾ।

5.9 ਲਿਖਤ ਨੂੰ ਸਰਲ, ਸਪਸ਼ਟ ਤੇ ਪੜ੍ਹਨਯੋਗ ਬਣਾਉਣ ਲਈ ਕਈ ਕਿਸਮ ਦੇ ਹੋਰ ਚਿੰਨ੍ਹ ਵੀ ਵਰਤੋਂ ਵਿਚ ਲਿਆਂਦੇ ਜਾਂਦੇ ਹਨ, ਜਿਨ੍ਹਾਂ ਨੂੰ ਵਿਰਾਮ-ਚਿੰਨ੍ਹ ਕਿਹਾ ਜਾਂਦਾ ਹੈ। ਇਹ ਲਿਪੀ ਦਾ ਮੂਲ ਹਿਸਾ ਨਹੀਂ ਹੁੰਦੇ, ਸਿਰਫ ਲਿਖਤ ਦਾ ਹੁੰਦੇ ਹਨ, ਇਸੇ ਕਰਕੇ 'ਅਖਰਮਾਲਾ' ਵਿਚ ਗਿਣੇ ਨਹੀਂ ਜਾਂਦੇ। ਪੁਰਾਣੀਆਂ ਲਿਖਤਾਂ ਵਾਂਗ ਗੁਰਬਾਣੀ ਲਿਖਤ ਵਿਚ ਕੇਵਲ ਇਕੋ ਵਿਰਾਮ-ਚਿੰਨ੍ਹ 'ਪੂਰਨ ਠਹਿਰਾਓ' <॥> ਮਿਲਦਾ ਹੈ। ਸਾਡੀਆਂ ਲਿਖਤਾਂ ਵਿਚ ਇਹੋ ਇਕ ਮੌਲਿਕ ਚਿੰਨ੍ਹ ਹੈ, ਜਿਸ ਦੀ ਸ਼ਕਲ ਹੁਣ ਇਕ ਡੰਡੀ <।> ਦੇ ਰੂਪ ਵਿਚ ਰਹਿ ਗਈ ਹੈ। ਬਾਣੀ ਵਿਚ ਵਰਤਿਆ ਪੂਰਨ ਠਹਿਰਾਓ ਦਾ ਚਿੰਨ੍ਹ <॥>, ਦੋ ਡੰਡੀਆਂ ਨਹੀਂ, ਇਹ ਚਿੰਨ੍ਹ ਹੀ ਇਸ ਰੂਪ ਵਿਚ ਹੈ। ਕਈ ਵਿਦਵਾਨ ਸਜਣਾਂ ਨੇ ਗੁਰਬਾਣੀ ਸੰਬੰਧੀ ਆਪਣੇ ਟੀਕਿਆਂ, ਸੰਦਰਭ ਗ੍ਰੰਥਾਂ ਆਦਿ ਵਿਚ ਮੂਲ-ਬਾਣੀ ਪਾਠ ਵਿਚ ਹੋਰ ਵਿਰਾਮ ਚਿੰਨ੍ਹਾਂ ਨੂੰ ਸ਼ਾਮਿਲ ਕਰ ਦਿਤਾ ਹੈ, ਇਹ ਉਕਾਈ ਭਰਪੂਰ ਹੈ, ਕਿਉਂਕਿ ਆਰਥੋਗ੍ਰਾਫ਼ੀ ਦੀ ਦ੍ਰਿਸ਼ਟੀ ਤੋਂ ਵਿਰਾਮ-ਚਿੰਨ੍ਹ 'ਪਾਠ' ਦਾ ਹਿਸਾ ਨਹੀਂ ਹੁੰਦੇ । 'ਪਾਠ' ਵਿਚ ਕੋਈ ਆਧੁਨਿਕ ਚਿੰਨ੍ਹ, ਲਿਖਤ ਅਤੇ ਉਚਾਰਨ ਪਧਰ ਉਤੇ ਨਹੀਂ ਵਰਤਿਆ ਜਾ ਸਕਦਾ, ਸਿਰਫ਼ ਵਿਆਖਿਆ, ਅਰਥਾਂ ਆਦਿ ਵਿਚ ਹੀ ਵਰਤੋਂ ਹੋ ਸਕਦੀ ਜਾਂ ਹੋਣੀ ਚਾਹੀਦੀ ਹੈ। ਗੁਰਬਾਣੀ, ਕਾਵਿ ਵਿਚ ਹੋਣ ਕਾਰਨ ਉਚਾਰਨ ਵਿਚ ਅਜਿਹੇ ਚਿੰਨ੍ਹਾਂ ਦਾ ਕੋਈ ਮੁਲ ਨਹੀਂ, ਭਾਵ ਉਚਾਰਨ ਦੁਨੀਆ ਨਾਲ ਵਿਸ਼ਰਾਮ ਦਾ ਸੰਬੰਧ ਨਹੀਂ। ਇਹ ਗੁਰਬਾਣੀ ਦੀ ਸੁਹਜਭਾਵੀ ਕਾਵਿ ਲੈਅ ਵਿਚ ਰੁਕਾਵਟ ਖੜੀ ਕਰਦੇ ਹਨ।

5.10 ਗੁਰਬਾਣੀ ਲਿਖਤ ਵਿਚ ਕੁਝ ਹੋਰ ਚਿੰਨ੍ਹ ਵੀ ਵਰਤੇ ਮਿਲਦੇ ਹਨ, ਜਿਹੜੇ ਹੁਣ ਵਾਲੀ ਗੁਰਮੁਖੀ ਲਿਖਤ ਵਿਚ ਨਹੀਂ। ਇਹ ਚਿੰਨ੍ਹ ਮੁਖ ਤੌਰ ਉਤੇ ਦੋ ਹਨ: < : > ਅਤੇ < ੍ >। ਗੁਰੂ ਗ੍ਰੰਥ ਸਾਹਿਬ ਵਿਚ ਚਾਰ ਸ਼ਬਦ- ਸੰਪੂਰਣ :, ਦ੍ਰਿੜੰਤਣ :, ਰੰਗਣ :, ਲਿਖੁਣ: (ਪੰਨਾ ¿ÁÄ¿) ਹਨ, ਜਿਨ੍ਹਾਂ ਨਾਲ < : > ਦਾ ਚਿੰਨ੍ਹ ਲਗਿਆ ਮਿਲਦਾ ਹੈ। ਇਸ ਨੂੰ ਵਿਸਰਗ ਕਿਹਾ ਜਾਂਦਾ ਹੈ, ਜਿਸ ਦੀ ਧੁਨੀ /ਹ੍/ ਵਰਗੀ ਹੈ। ਬਾਣੀ ਵਿਚਲਾ ਦੂਜਾ ਚਿੰਨ੍ਹ ਉਦਾਤ < ੍ > ਹੈ, ਜਿਸ ਨੂੰ ਆਮ ਤੌਰ ਉਤੇ ਹਲੰਤ ਕਹਿ ਦਿਤਾ ਜਾਂਦਾ ਹੈ, ਪਰ ਇਹ ਹਲੰਤ ਨਹੀਂ। 'ਮੂਲ' ਪਖੋਂ ਹਲੰਤ ਜਿਸ ਵੀ ਅਖਰ ਦੇ ਹੇਠਾਂ ਆਉਂਦਾ ਹੈ, ਉਸ ਨੂੰ /ਅ/ ਰਹਿਤ (ਸ੍ਵਰ ਰਹਿਤ) ਕਰ ਦਿੰਦਾ ਹੈ। ਗੁਰਬਾਣੀ ਵਿਚ ਵਰਤਿਆ ਇਹ ਚਿੰਨ੍ਹ ਉਚੀ ਸੁਰ/ਉਦਾਤ (high tone) ਦਾ ਚਿੰਨ੍ਹ ਹੈ, ਇਹ ਜਿਸ ਵੀ ਅਖਰ ਦੇ ਹੇਠਾਂ ਪੈਂਦਾ ਹੈ, ਉਸ ਨੂੰ ਉਦਾਤ (ਉਚੀ ਸੁਰ ਵਾਲਾ) ਕਰ ਦਿੰਦਾ ਹੈ, ਜਿਵੇਂ: ਅੰਨ੍, ਅਪੀਨੈ੍ , ਮੂੜ੍, ਕਾਲੈ੍ ਆਦਿ। ਇਸ ਚਿੰਨ੍ਹ ਦੀ ਵਰਤੋਂ ਤੇ ਉਚਾਰਨ 'ਸੁਤੰਤਰ' ਨਹੀਂ, 'ਯੁਕਤ' ਹੈ। ਵਧੇਰੇ ਸਜਣ ਇਸ ਦਾ /ਹ/ ਵਾਂਗ ਉਚਾਰਨ ਕਰਦੇ ਸੁਣੇ ਗਏ ਹਨ। ਇਹ ਠੀਕ ਨਹੀਂ, ਇਸ ਦਾ ਉਚਾਰਨ 'ਉਚੀ' (ਸੁਰ) ਕਰਕੇ ਹੈ।

5.11 ਕੋਈ ਵੀ ਲਿਖਤ ਹੋਵੇ ਉਸ ਵਿਚ 'ਅੰਕ' ਦੀ ਵਰਤੋਂ ਕਿਸੇ ਨਾ ਕਿਸੇ ਰੂਪ ਵਿਚ ਹਾਜ਼ਰ ਰਹਿੰਦੀ ਹੈ। ਗੁਰਬਾਣੀ ਵਿਚ ਅੰਕ-ਚਿੰਨ੍ਹਾਂ ਦਾ ਸੰਦਰਭ- ਵਰਤੋਂ, ਸਰੂਪ ਤੇ ਉਚਾਰਨ ਪਖੋਂ ਅਤਿਅੰਤ ਗੰਭੀਰ ਤੇ ਜਟਿਲ ਹੈ। ਸਭ ਤੋਂ ਪਹਿਲਾਂ ਇਹ ਗੁਰੂ ਗ੍ਰੰਥ ਸਾਹਿਬ ਦੇ 'ਪੰਨਿਆਂ' ਦੇ ਤੌਰ ਉਤੇ ਵਰਤੀਂਦਾ ਹੈ। ਮੂਲ ਪਾਠ ਦੇ ਪੰਨੇ 0੧ ਤੋਂ ੧੪੩0 ਤਕ ਨਿਰਧਾਰਤ ਹਨ। ਲਿਖਤੀ ਵਰਤੋਂ ਦੀ ਦ੍ਰਿਸ਼ਟੀ ਤੋਂ ਗੁਰਬਾਣੀ ਦੇ ਬੁਨਿਆਦੀ ਦੈਵੀ ਦਾਰਸ਼ਨਿਕ ਚਿੰਨ੍ਹ (The symbol Divine) '੧ਓ ' ਵਿਚ < ੧ > ਦੀ ਵਰਤੋਂ, ਉਸ ਸਭ ਥਾਂ ਹੈ, ਜਿਥੇ 'ਮੂਲ ਮੰਤ੍ਰ' ਲਿਖਿਆ ਗਿਆ ਹੈ। ਇਸ ਦਾ ਉਚਾਰਨ ਗਿਣਤੀ-ਬੋਧਕ 'ਇਕ' ਹੈ, ਦਰਜਾ ਰੂਪ ਸ਼ਬਦ-ਬੋਧਕ 'ਪਹਿਲਾ' ਨਹੀਂ। ਅੰਕ-ਚਿੰਨ੍ਹਾਂ ਦੀ ਅਹਿਮ ਵਰਤੋਂ ਬਾਣੀ ਸਿਰਲੇਖਾਂ ਵਿਚ

ਹੋਈ ਹੈ। ਇਹ ਤਿੰਨ ਪਧਰਾਂ ਉਤੇ ਕਾਰਜਸ਼ੀਲ ਹੈ -ਬਾਣੀਕਾਰਾਂ ਲਈ, ਘਰੁ ਦਾ ਸਥਾਨ ਸੰਕੇਤਣ ਅਤੇ ਸ਼ਬਦਾਂ ਦੀ ਗਿਣਤੀ ਦੱਸਣ ਲਈ। ਬਾਣੀਕਾਰਾਂ ਵਿਚੋਂ ਸਿਰਫ਼ ਗੁਰੂ ਬਾਣੀਕਾਰਾਂ ਲਈ ੧, ੨, ੩, ੪, ੫ ਅਤੇ ੯ ; 'ਘਰੁ' ਦੇ ਸੰਕੇਤ ਲਈ ੧ ਤੋਂ ੧੭ ਤਕ। ਇਸੇ ਤਰ੍ਹਾਂ ਤਿਪਦੇ, ਚਉਪਦੇ ਆਦਿ ਦੀ ਗਿਣਤੀ ਸੰਕੇਤਣ ਲਈ ਇਨ੍ਹਾਂ ਦੀ ਕਈ ਰੂਪਾਂ ਵਿਚ ਵਰਤੋਂ ਹੋਈ ਹੈ। ਅੰਕਾਂ ਦੀ ਇਸ ਤਰ੍ਹਾਂ ਵਰਤੋਂ ਬਾਣੀ ਦੇ ਪਾਠ, ਉਚਾਰਨ, ਸੰਗੀਤ ਤੇ ਅਰਥ ਪਰੰਪਰਾ ਦਾ ਅਹਿਮ ਅੰਗ ਹੈ। ਵਰਤੋਂ ਦੀ ਦ੍ਰਿਸ਼ਟੀ ਤੋਂ ਅੰਕ-ਚਿੰਨ੍ਹਾਂ ਦਾ ਗੰਭੀਰ ਤੇ ਅਤਿਅੰਤ ਜਟਿਲ ਪ੍ਰਬੰਧ ਬਾਣੀ ਮੂਲ-ਪਾਠ ਵਿਚ ਹੈ। ਇਹ ਸਮੁਚੀ ਬਾਣੀ ਵਿਚ ਬੰਦਾਂ, ਪਦਿਆਂ, ਛੰਤਾਂ ਆਦਿ ਦੇ ਹਿਸਾਬ ਨਾਲ ਅਨੇਕ ਰੂਪਾਂ ਵਿਚ ਵਰਤੋਂ ਯੋਗ ਹੈ। ਅੰਕਾਂ ਦੀ ਇਹ ਵਰਤੋਂ, ਗਿਣਤੀ ਬੋਧਕ ਹੈ, ਇਹ 'ਉਚਾਰਨ' ਦਾ ਹਿਸਾ ਨਹੀਂ, ਪਰ 'ਅਰਥਾਂ' ਵਿਚ ਇਹ ਬਾਣੀਕਾਰ/ਕਾਵਿ ਰੂਪ ਤੇ ਹੋਰ ਕਈ ਪਖਾਂ ਤੋਂ ਪਛਾਣ ਲਈ ਸਹਾਇਕ ਹੈ।

5.12 ਲਿਖਤ ਨੂੰ ਪੜ੍ਹਨਯੋਗ, ਸਪਸ਼ਟ, ਸੰਜਮਈ, ਸਰਲ ਆਦਿ ਬਣਾਉਣ ਲਈ ਹੋਰ ਵੀ ਅਨੇਕ ਢੰਗ/ਤਰੀਕੇ ਵਰਤੇ ਜਾਂਦੇ ਹਨ। ਵਰਤਮਾਨ ਗੁਰਮੁਖੀ ਲਿਖਤਾਂ ਵਿਚ ਗੁਰਮੁਖੀ ਦਾ ਜੋ ਆਪਣਾ ਸੰਜਮ ਤੇ ਵਹਾਅ ਹੈ, ਉਸ ਵਿਚ ਕਈ ਤਰਕੀਬਾਂ (ਜਿਵੇਂ ਖਾਕਾ/ layout, ਕ੍ਰਮਵਾਰੀ/serialized, ਸੰਖਿਪਤ/ abbreviational, ਮੁਢ ਅਖਰੀ/ acronyms, ਭਿੰਨਤਾ ਸੂਚਕ/ differential) ਨੂੰ ਸ਼ਾਮਿਲ ਕੀਤਾ ਜਾਂਦਾ ਹੈ, ਪਰ ਹਥਲੀ ਸੀਮਾ ਅਤੇ ਉਚਾਰਨ ਦ੍ਰਿਸ਼ਟੀ ਤੋਂ ਇਥੇ ਦੋ-ਕ ਬਾਰੇ ਹੀ ਸੰਖੇਪ ਵਿਚਾਰ ਸੰਭਵ ਹਨ, ਜਿਸ ਵਿਚ ਪਹਿਲਾ ਹੈ- ਬਹੁਤੇ ਅਖਰਾਂ ਦੀ ਥਾਂ ਥੋੜ੍ਹੇ (ਇਕ, ਦੋ ਜਾਂ ਤਿੰਨ) ਅਖਰਾਂ ਵਿਚ ਸਮਭਾਵ ਨੂੰ ਅੰਕਿਤ ਕਰਨ ਦੀ ਤਰਕੀਬ, ਭਾਵ ਸੰਖਿਪਤ ਤਰਕੀਬ । ਗੁਰਮੁਖੀ ਵਿਚ ਇਸ ਦੀ ਬਣਤਰ ਕਿਸੇ ਸ਼ਬਦ ਦੇ ਮੁਢਲੇ ਅਖਰ ਨੂੰ ਲੈ ਕੇ ਘੜੀ ਜਾਂਦੀ ਹੈ, ਜਿਵੇਂ ਸਰਦਾਰ ਦੀ ਥਾਂ ਸ., ਡਾਕਟਰ ਦੀ ਥਾਂ ਡਾ., ਪ੍ਰੋਫੈਸਰ ਦੀ ਥਾਂ ਪ੍ਰੋ. ਆਦਿ। ਗੁਰਬਾਣੀ ਲੇਖਣੀ ਵਿਧਾਨ ਵਿਚ ਸਿਰਫ਼ ਇਕ ਸ਼ਬਦ, ਬਾਣੀਕਾਰ 'ਮਹਲਾ' ਲਈ, ਸੰਖਿਪਤ ਤਰਕੀਬ **< ਮ: >** ਅਨੇਕ ਵਾਰ ਵਰਤੋਂ ਵਿਚ ਲਿਆਂਦੀ ਗਈ ਹੈ। ਬਾਣੀ ਉਚਾਰਨ ਵਿਚ ਇਸ ਦਾ ਉਚਾਰਨ ਤੇ ਰੂਪ 'ਮਹਲਾ' ਹੀ ਹੈ। ਬਾਣੀ ਵਿਚ ਵਰਤੇ ਇਸ ਰੂਪ ਦੀ ਬਣਤਰ ਪੁਰਾਣੀ (ਦੋ ਬਿੰਦੀਆਂ ਵਾਲੀ ਮ:) ਹੈ। ਦੂਜਾ ਅਤੇ ਸਭ ਤੋਂ ਮੁਖ ਭਾਗ ਅਖਰ-ਜੋੜ ਹੈ। ਕਿਸੇ ਸ਼ਬਦ ਨੂੰ ਜਦੋਂ ਲਿਖਿਆ ਜਾਂਦਾ ਹੈ, ਤਾਂ ਉਸ ਦਾ ਲਿਪਾਂਕਿਤ ਕੀਤਾ ਰੂਪ, ਅਖਰ-ਜੋੜ ਹੁੰਦਾ ਹੈ। ਗੁਰਬਾਣੀ ਅਖਰ-ਜੋੜਾਂ ਦੇ ਮਿਆਰੀਕਰਨ ਦਾ ਭਾਵ ਹੈ ਕਿ ਬਾਣੀ ਵਿਚ ਜਿਸ ਵੀ ਸ਼ਬਦ/ਲਿਪਾਂਕ ਦਾ 'ਰੂਪ' ਸਥਿਰ ਹੋ ਗਿਆ ਜਾਂ ਜਿਸ ਰੂਪ ਵਿਚ ਉਹ ਪ੍ਰਾਪਤ ਹੋਇਆ ਹੈ, ਉਸ ਨੂੰ ਉਸੇ ਰੂਪ ਵਿਚ ਰਖਣਾ ਹੀ ਉਸ ਦਾ ਮਿਆਰੀਕਰਨ ਹੈ। ਲੇਖਣੀ, ਉਚਾਰਨ ਜਾਂ ਹੋਰ ਕਿਸੇ ਵੀ ਪਧਰ ਉਤੇ, ਹੋਰ ਰੂਪ ਵਿਚ ਵਰਤਣਾ ਅਸ਼ੁਧਤਾ ਦਾ ਪ੍ਰਤੀਕ ਹੈ। ਉਦਾਹਰਨ ਲਈ ਬਾਣੀ ਵਿਚ 'ਹੁਕਮ' ਦੇ ਹੋਰ ਰੂਪ, ਇਉਂ ਮਿਲਦੇ ਹਨ :*ਹੁਕਮ-ਹੁਕਮਹੁ-ਹੁਕਮਨ-ਹੁਕਮਾ-ਹੁਕਮਾਉ-ਹੁਕਮਾਵੈ-ਹੁਕਮੁ-ਹੁਕਮੇ-ਹੁਕਮੈ-ਹੁਕਮੋ* ਆਦਿ। ਇਥੇ 'ਹੁਕਮ' ਦੇ ਵਿਭਿੰਨ-ਰੂਪ, ਮਾਤਰ ਅਖਰ-ਜੋੜ ਨਾ ਹੋਕੇ ਉਚਾਰਾਤਮਕ ਅਤੇ ਵਿਆਕਰਨਕ-ਰੂਪ ਹਨ, ਜਿਹੜੇ ਸਾਹਿਤ, ਪਿੰਗਲ, ਵਿਆਕਰਨ, ਉਚਾਰਨ ਤੇ ਅਰਥਾਂ ਦਾ ਕਾਰਜ ਨਿਭਾਅ ਰਹੇ ਹਨ। ਇਸੇ ਤਰ੍ਹਾਂ ਹੀ ਸਮਭਾਵੀ ਸ਼ਬਦ 'ਗੋਬਿੰਦ/ ਗੋਬਿਦ; ਅਨੰਦ/ਅਨਦ; ਪੀੜ/ਪੀਰ; ਕਿਵ/ਕਿਉ' ਆਦਿ ਜਿਹੇ ਹਨ। ਅਜਿਹੇ ਅਖਰ-ਜੋੜਾਂ ਦੀ ਵਿਭਿੰਨਤਾ ਦਾ ਇਕ ਹੋਰ ਸੰਦਰਭ ਪ੍ਰਾਕ੍ਰਿਤਾਂ, ਅਪਭ੍ਰੰਸ਼ਾਂ ਦੇ ਤਦਭਵੀ ਰੂਪਾਂ

ਨੂੰ ਅਪਣਾਉਣਾ ਵੀ ਹੈ। ਉਚਾਰਨ ਵਿਚ ਇਨ੍ਹਾਂ ਨੂੰ ਇਕਸਾਰ ਕਰਨਾ ਗੁਰਬਾਣੀ ਭਾਸ਼ਾ ਅਤੇ ਲਿਖਤ ਸੰਬੰਧੀ ਗਲਤ-ਫਹਿਮੀਆਂ ਨੂੰ ਜਨਮ ਦੇਣਾ ਹੈ। ਗੁਰਬਾਣੀ ਸ਼ਬਦ-ਜੋੜਾਂ ਦੇ ਮਿਆਰੀਕਰਨ ਦਾ ਭਾਵ ਉਸ ਦੇ ਮੂਲ-ਪਾਠ ਦੀ ਹਰੇਕ ਦ੍ਰਿਸ਼ਟੀ ਤੋਂ ਮੂਲ-ਸਥਿਤੀ ਬਣਾਈ ਰਖਣਾ ਹੈ, ਇਹ ਅਧਿਐਨ ਦੇ ਕਿਸੇ ਵੀ ਪਧਰ ਉਤੇ ਹੋਵੇ। ਸਾਡੇ ਉਚਾਰਨ ਵਾਲੇ ਪਖ ਤੋਂ ਇਸ ਵਿਚ ਬਹੁਤ ਸਾਰੇ ਵਿਗਾੜ ਆ ਗਏ ਹਨ। ਸੋ ਪਾਠ ਉਚਾਰਨ ਨੂੰ ਮੂਲ ਵਾਂਗ ਜਿਉਂ ਦਾ ਤਿਉਂ ਬਣਾਈ ਰਖਣਾ ਜਰੂਰੀ ਹੈ। ਧਿਆਨ ਰਹੇ ਕਿ ਗੁਰੂ ਗ੍ਰੰਥ ਸਾਹਿਬ, ਗੁਰਮੁਖੀ ਲੇਖਣੀ ਦਾ ਸਭ ਤੋਂ ਪ੍ਰਮਾਣਿਕ, ਪ੍ਰਾਚੀਨ ਤੇ ਇਤਿਹਾਸਕ ਦਸਤਾਵੇਜ਼ ਹੈ। ਇਹ ਗੁਰਮੁਖੀ ਦੇ ਮੁਢਲੇ ਪ੍ਰਮਾਣਿਕ ਨੇਮਾਂ ਦੀ ਤਲਾਸ਼ ਲਈ ਸਾਡੇ ਕੋਲ ਮਧਕਾਲ ਦਾ ਇਕੋ-ਇਕ ਬਚਿਆ ਤੇ ਪ੍ਰਾਪਤ ਪ੍ਰਮਾਣਿਕ-ਪਾਠ ਹੈ। ਵਰਤਮਾਨ ਗੁਰਮੁਖੀ ਲੇਖਣੀ ਵਿਚ ਕੀਤੇ ਵਾਧੇ (ਲਿਪਾਂਕਾਂ ਦੀ ਗਿਣਤੀ ਜਾਂ ਤਰਕੀਬਾਂ) ਆਧੁਨਿਕ ਲੋੜਾਂ ਦੇ ਕਾਰਨ ਹਨ; ਗੁਰਬਾਣੀ ਲੋੜਾਂ ਦੇ ਨਹੀਂ। ਗੁਰਬਾਣੀ ਦਾ ਭਾਸ਼ਾਈ, ਵਿਆਕਰਨਕ, ਉਚਾਰਨ, ਅੰਕ, ਸਿਰਲੇਖ, ਸੰਗੀਤ, ਸੰਪਾਦਨ, ਰਹਾਉ, ਘਰੁ ਆਦਿ ਪ੍ਰਬੰਧ, ਇਕ ਨਿਸ਼ਚਿਤ ਦਿਸ਼ਾ ਵਿਚ ਗੁਰਮੁਖੀ ਲਿਖਤ ਰਾਹੀਂ ਹੀ ਰੂਪ ਗ੍ਰਹਿਣ ਕਰਦਾ ਹੈ। ਸੋ ਇਸ ਦਾ ਉਚਾਰਨ ਮੂਲ ਵਾਂਗ, ਜਿਵੇਂ ਲਿਖਿਆ ਗਿਆ ਹੈ, ਤਿਵੇਂ ਕਰਨਾ ਹੈ।

ਸਾਰ ਵਜੋਂ ਗੁਰਬਾਣੀ ਵਿਚ ਵਰਤੇ ਗਏ ਕੁਲ ਲਿਖਤੀ ਚਿੰਨ੍ਹਾਂ ਦੀ ਗਿਣਤੀ ਇਉਂ ਬਣਦੀ ਹੈ:

1. ਦੈਵੀ ਚਿੰਨ੍ਹ (The Symbol Divine) <ੴ > = 1
2. ਸ੍ਵਰ ਅਖਰ/ ਵਾਹਕ <ੳ ਅ ੲ> = 3
3. ਲਗ/ ਸ੍ਵਰ ਚਿੰਨ੍ਹ <ਅ, ਾ, ਿ, ੀ, ੁ, ੂ, ੇ, ੈ, ੋ, ੌ, ੁੋ > = 11
4. ਵਿਅੰਜਨ <ਸ...ੜ> = 32
5. ਪੈਰ ਅਖਰ <ਹ, ਚ, ਟ, ਤ, ਨ, ਰ, ਯ, ਵ > = 8
6. ਅਖੰਡ ਧੁਨੀ ਚਿੰਨ੍ਹ ਬਿੰਦੀ < ਂ >, ਟਿਪੀ < ੰ > = 2
7. ਹੋਰ ਚਿੰਨ੍ਹ < : > (ਵਿਸਰਗ), < ੑ > (ਉਚੀ ਸੁਰ, ਉਦਾਤ) = 2
8. ਅੰਕ <੦ ,੧, ੨, ੩, ੪, ੫, ੬, ੭, ੮, ੯ > =10
9. ਵਿਰਾਮਚਿੰਨ੍ਹ <॥> = 01

ਕੁਲ= 01+03+11+32+08+02+02 +10+01= 70

(6) ਮਨੋਵਿਗਿਆਨਕ ਪਰਿਪੇਖ

ਵਿਸ਼ਾ-ਪ੍ਰਵੇਸ਼: ਮਨੋਵਿਗਿਆਨ ਮਨੁਖੀ ਵਿਹਾਰ (human behavior) ਦੀ ਵਿਦਿਆ ਹੈ। ਇਹ ਮਨ ਕੇਂਦਰਤ ਵਿਸ਼ਾ ਹੈ। ਗੁਰਬਾਣੀ ਪਾਠ ਜਾਂ ਉਚਾਰਨ ਵਿਚ ਇਕਾਗਰਤਾ, ਧਿਆਨ, ਸਹਿਜ ਆਦਿ ਜਿਹੇ ਸੰਕਲਪਾਂ ਦਾ ਸੰਬੰਧ ਮਨ ਨਾਲ ਹੀ ਹੈ। ਇਸ ਲਈ ਉਚਾਰਨ ਵਿਚ ਮਨੋਵਿਗਿਆਨਕ ਪਹੁੰਚ-ਵਿਧੀ (psychological approach) ਦਾ ਵਿਸ਼ੇਸ਼ ਮਹਤਵ ਹੈ। ਗੁਰਬਾਣੀ ਸੰਥਿਆ ਦਾ ਇਹ ਮਨੋਵਿਗਿਆਨਕ ਪਸਾਰ ਕਈ ਪਧਰਾਂ ਉਤੇ ਵਿਚਾਰਯੋਗ ਹੈ। ਇਥੇ ਲੋੜ ਮੁਤਾਬਿਕ ਨਿਮਨੰਕਤ ਕੁਝ ਪਹਿਲੂ ਇਸ ਖੇਤਰ/ਪਖ ਬਾਰੇ ਧਿਆਨਯੋਗ ਹਨ:

6.1 ਧਿਆਨ: ਗੁਰਬਾਣੀ ਸੰਥਿਆ ਦੇ ਸਿਧਾਂਤਕ ਪਖ ਵਾਲੇ ਮਨੋਵਿਗਿਆਨਕ ਪਹਿਲੂ ਦਾ ਸਭ ਤੋਂ ਜ਼ਿਕਰਯੋਗ ਕੇਂਦਰੀ ਧਰੋਹਰ 'ਧਿਆਨ' ਹੈ। ਜੇ ਇਹ ਕਹਿ ਦਿਤਾ ਜਾਵੇ ਕਿ 'ਧਿਆਨ ਦੀ ਗੈਰ-ਹਾਜਰੀ' ਵਿਚ, ਸਾਰੀ ਸੰਥਿਆ ਦਾ ਵਰਤਾਰਾ ਗੈਰ-ਹਾਜ਼ਰ ਹੋ ਜਾਵੇਗਾ, ਤਾਂ ਇਹ ਕੋਈ ਅਤਿਕਥਨੀ ਨਹੀਂ। ਇਸ ਲਈ ਇਕ ਪਾਸੇ ਤਾਂ ਸੰਥਿਆ ਕਰਨ ਵਾਲੇ ਜਗਿਆਸੂਆਂ ਅਤੇ ਦੂਜੇ ਪਾਸੇ ਕਰਵਾਉਣ ਵਾਲੇ ਸੰਥਿਆਕਾਰ ਦਾ, ਗੁਰਬਾਣੀ ਪਾਠ ਵਿਚ ਧਿਆਨ ਹੋਣਾ ਅਤਿ ਜਰੂਰੀ ਹੈ, ਅਤੇ ਨਾਲ ਹੀ ਸੰਥਿਆ-ਸਥਾਨ ਦਾ ਮਾਹੌਲ, ਪਾਠ ਸਿਖਣ ਵਾਲਿਆਂ ਦੀ ਵਾਜਬ ਗਿਣਤੀ ਅਤੇ ਸਮੇਂ ਦਾ ਨਿਯਤਬਧ (ਸ਼ਡਿਊਲ) ਅਜਿਹਾ ਹੋਣਾ ਜਰੂਰੀ ਹੈ, ਤਾਂ ਕਿ ਸੰਚਾਰ ਠੀਕ ਤਰੀਕੇ ਨਾਲ ਹੋ ਸਕੇ; ਧਿਆਨ ਵਿਚ ਭੰਗਤਾ ਨਾ ਪਵੇ। ਇਸ ਦੇ ਨਾਲ ਹੀ ਧਿਆਨ ਵਿਚ ਇਕਾਗਰਤਾ ਪੈਦਾ ਕਰਨ ਵਾਲੇ ਹਰ ਸੰਭਵ ਜਤਨ ਦੀ ਲਗਾਤਾਰਤਾ ਜਰੂਰੀ ਹੈ, ਜਿਵੇਂ ਸੰਥਿਆ ਸਮੇਂ ਸਾਦਾ ਤੇ ਸਾਫ-ਸੁਥਰਾ ਪਹਿਰਾਵਾ, ਸਵੇਰ ਦਾ ਸਮਾਂ, ਸਾਦਾ ਭੋਜਨ ਆਦਿ।

6.2 ਸਹਿਜ : ਸਹਿਜ, ਇਕ ਅਜਿਹੀ ਮਨੋ-ਸਥਿਤੀ ਹੈ, ਜਿਸ ਦਾ ਇਕ ਸਿਰਾ ਅਧਿਆਤਮਕਤਾ ਨਾਲ ਜੁੜਦਾ ਹੈ ਤੇ ਦੂਜਾ ਸਮਾਜਕ ਜੀਵਨ ਨਾਲ ਸੰਬੰਧਿਤ ਹੈ। ਹਥਲੇ ਪ੍ਰਸੰਗ ਵਿਚ ਗੁਰਬਾਣੀ ਸੰਥਿਆ ਦਾ ਸਹਿਜ ਪ੍ਰਸੰਗ, ਬਾਣੀ ਪਾਠ ਦੀ ਗਤੀ-ਚਾਲ ਤੇ ਅਵਾਜ-ਆਵ੍ਰਿਤੀ ਨਾਲ ਸੰਬੰਧਿਤ ਹੈ। ਸੰਥਿਆ ਦੌਰਾਨ ਪਾਠ ਦਾ ਉਚਾਰਨ ਐਨਾ ਤੇਜ ਤੇ ਉਚੀ ਨਾ ਹੋਵੇ, ਕਿ ਜਗਿਆਸੂ ਉਸ ਨਾਲ ਰਲ ਹੀ ਨਾ ਸਕੇ ਜਾਂ ਅਵਾਜ, ਸ਼ੋਰ ਵਿਚ ਬਦਲ ਜਾਵੇ। ਦੂਜੇ ਪਾਸੇ ਅਵਾਜ ਐਨੀ ਹੌਲੀ ਨਾ ਹੋਵੇ ਕਿ ਸੁਣੇ ਹੀ ਨਾ ਅਤੇ ਨਾਹੀਂ ਚਾਲ ਐਨੀ ਧੀਮੀ ਹੋਵੇ, ਕਿ ਮਨ ਵਿਚ ਉਕਤਾਹਟ/ਅਕੇਵਾਂ ਪੈਦਾ ਹੋਵੇ। ਇਸ ਤਰ੍ਹਾਂ ਬਹੁਤ ਤੇਜ ਤੇ ਬਹੁਤ ਹੌਲੀ ਦੀ ਵਿਚਲੀ ਸਥਿਤੀ 'ਸਹਿਜ' ਹੈ। ਸਹਿਜ ਨਾਲ ਕੀਤੀ /ਕਰਾਈ ਸੰਥਿਆ ਹੀ ਠੀਕ ਤਰੀਕੇ ਨਾਲ ਸੰਥਿਆ ਕਹੀ ਜਾ ਸਕਦੀ ਹੈ। ਗੁਰਬਾਣੀ ਦੀ ਹਰੇਕ ਧੁਨੀ ਦਾ ਉਚਾਰਨ ਪੂਰੀ ਇਕਾਗਰਤਾ ਨਾਲ ਸਹਿਜ ਵਿਚ ਕਰਨਾ ਤੇ ਫਿਰ ਜਗਿਆਸੂਆਂ ਤਕ ਠੀਕ ਸੰਚਾਰਤ ਹੋਣਾ, ਅਥਵਾ ਸਹਿਜ ਵਿਚ ਗ੍ਰਹਿਣ ਕਰਨਾ, ਇਹ ਇਕ ਦੁਵਲੀ ਪ੍ਰਕਿਰਿਆ ਹੈ। ਇਸ ਪ੍ਰਕਿਰਿਆ ਨੂੰ ਸਹਿਜਤਾ ਨਾਲ ਹੀ ਸਿਰੇ ਚਾੜ੍ਹਿਆ ਜਾ ਸਕਦਾ ਹੈ, ਕਾਹਲ ਜਾਂ ਸੁਸਤੀ ਵਿਚ ਨਹੀਂ।

6.3 ਦ੍ਰਿਸ਼ਵਾਚੀ ਪਾਠ : ਗੁਰਬਾਣੀ ਸੰਥਿਆ ਦਾ ਇਹ ਮਨੋਵਿਗਿਆਨਕ ਪਸਾਰ ਕਈ ਪਧਰਾਂ ਉਤੇ ਵਿਚਾਰਯੋਗ ਹੈ। ਇਸ ਕਿਰਿਆ ਵਿਚ ਸੰਥਿਆਕਾਰ ਦਾ ਪਾਸਾ ਵਧੇਰੇ ਧਿਆਨ ਯੋਗ ਹੈ। ਅਕਸਰ ਹੁੰਦਾ ਇਹ ਹੈ ਕਿ ਜਿਹੜੀ ਬਾਣੀ ਰੋਜਾਨਾ ਜਾਂ ਖਾਸ ਮੌਕਿਆਂ ਉਤੇ ਪੜ੍ਹੀ ਜਾਂਦੀ ਹੈ, ਜਿਵੇਂ ਨਿਤਨੇਮ ਬਾਣੀਆਂ (ਜਪੁ, ਸੋ ਦਰੁ, ਆਦਿ), ਸੁਖਮਨੀ ਜਾਂ ਉਹ ਸ਼ਬਦ ਜਿਹੜੇ ਹੁਕਮਨਾਮਿਆਂ (ਵਾਕ) ਵਿਚ ਆਉਂਦੇ ਹਨ, ਤਾਂ ਜਦੋਂ ਸੰਥਿਆ ਕਰਵਾਈ ਜਾਂਦੀ ਹੈ ਤਾਂ ਸੰਥਿਆਕਾਰ ਜਾਂ ਸੰਥਿਆ ਕਰਨ ਵਾਲੇ ਸਿਖਿਆਰਥੀ ਅਕਸਰ ਬੇ-ਧਿਆਨੇ ਹੋ ਜਾਂਦੇ ਹਨ ਜਾਂ ਨਾਲ ਨਾਲ ਜ਼ੁਬਾਨੀ ਪੜ੍ਹਨ ਲਗ ਜਾਂਦੇ ਹਨ; ਇਉਂ ਬਹੁਤ ਕੁਝ ਜ਼ੁਬਾਨੀ ਪੜ੍ਹਿਆ/ਪੜ੍ਹਾਇਆ ਜਾਂ ਉਚਾਰਿਆ ਜਾਂਦਾ ਹੈ। ਇਸ ਹਵਾਲੇ ਵਿਚ ਪਹਿਲਾ ਜਰੂਰੀ ਨਿਯਮ ਇਹ ਹੈ ਕਿ ਗੁਰਬਾਣੀ ਦੀ ਸੰਥਿਆ, ਪੋਥੀ ਤੋਂ ਵੇਖਕੇ ਹੋਣੀ ਜਰੂਰੀ ਹੈ, ਜ਼ੁਬਾਨੀ ਇਕ ਤੁਕ ਵੀ ਨਹੀਂ ਪੜ੍ਹੀ ਜਾਣੀ ਚਾਹੀਦੀ, ਭਾਵੇਂ ਕਿ ਸੰਬੰਧਿਤ ਤੁਕ ਸੰਥਿਆ ਕਰਨ/ਕਰਾਉਣ ਵਾਲਿਆਂ ਦੇ ਸਰਲ (ਜ਼ੁਬਾਨੀ ਯਾਦ) ਹੋਵੇ। ਗੁਰਬਾਣੀ ਪਾਠ ਕਰਨ ਸਮੇਂ ਹੋਣ ਵਾਲੀਆਂ ਉਚਾਰਨ-ਉਕਾਈਆਂ ਦਾ ਵਧੇਰੇ ਹਿਸਾ ਤਾਂ ਤਦ ਹੀ ਠੀਕ ਹੋ ਜਾਂਦਾ ਹੈ, ਜਦੋਂ ਪਾਠ

ਵੇਖ ਕੇ ਕੀਤਾ ਜਾਂਦਾ ਹੈ। ਦੂਜੇ ਸ਼ਬਦਾਂ ਵਿਚ ਵਧੇਰੇ ਉਕਾਈਆਂ, ਸਿਰਫ ਬਾਣੀ ਤੁਕ ਨੂੰ ਧਿਆਨ ਨਾਲ ਦੇਖ ਕੇ ਪੜ੍ਹਨ ਨਾਲ ਹੀ ਦਰੁਸਤ ਹੋ ਜਾਂਦੀਆਂ ਹਨ।

6.4 ਅਭਿਆਸ: ਮਨੋਵਿਗਿਆਨਕ ਦ੍ਰਿਸ਼ਟੀ ਤੋਂ ਗੁਰਬਾਣੀ ਦੀ ਸੰਥਿਆ ਸੰਗਤੀ ਤੇ ਵਿਅਕਤੀਗਤ ਦੋਨਾਂ ਰੂਪਾਂ ਵਿਚ ਅਭਿਆਸਯੋਗ ਹੈ। ਸੰਗਤੀ ਕੀਤਾ ਪਾਠ ਜਿਥੇ ਸੰਗ ਖੋਲ੍ਹਦਾ ਅਤੇ ਆਪਣੀਆਂ ਉਚਾਰਨ ਉਕਾਈਆਂ ਦੂਜਿਆਂ ਨੂੰ ਨੋਟ ਕਰਾਉਣ ਦਾ ਮੌਕਾ ਦਿੰਦਾ ਹੈ, ਉਥੇ ਵਿਅਕਤੀਗਤ ਰੂਪ ਵਿਚ ਕੀਤਾ ਪਾਠ ਗਲਤੀਆਂ/ਉਕਾਈਆਂ ਨੂੰ ਨਿਸੰਗ ਹੋ ਕੇ ਦੂਰ ਕਰਨ; ਅਤੇ ਦੁਹਰਾਉਣ ਦੇ ਮੌਕਾ ਪ੍ਰਦਾਨ ਕਰਦਾ ਹੈ। ਕੁਝ ਸਾਥੀ-ਸਜਣ ਮਿਲ ਬੈਠ ਕੇ ਵੀ ਅਜਿਹਾ ਅਭਿਆਸ ਕਰ ਸਕਦੇ ਹਨ। ਇਸ ਹਵਾਲੇ ਵਿਚ ਗੁਰਬਾਣੀ ਉਚਾਰਨ ਦਾ ਅਭਿਆਸ, ਮਨੋਵਿਗਿਆਨਕ ਦ੍ਰਿਸ਼ਟੀ ਤੋਂ ਵਿਅਕਤੀਗਤ ਤੇ ਸਮੂਹਿਕ (ਸੰਗਤੀ) ਦੋਵਾਂ ਤਰੀਕਿਆਂ ਨਾਲ ਜਰੂਰੀ ਤਥਾ ਲਾਭਦਾਇਕ ਹੈ।

6.5 ਸੁਧਾਰ ਤੇ ਸੋਧ: ਇਸ ਸਿਧਾਂਤ ਦੀ ਮਾਣਤਾ ਹੈ ਕਿ 'ਸੁਧਾਰ' ਜਾਂ 'ਸੋਧ' ਦੀ ਗੁੰਜਾਇਸ਼ ਦੇ ਅਨੇਕ ਤਰੀਕਿਆਂ ਵਿਚੋਂ ਇਕ ਕਾਰਗਰ ਤਰੀਕਾ ਇਹ ਹੈ ਕਿ ਸਾਡੀਆਂ ਗੁਰਬਾਣੀ ਉਚਾਰਨ ਉਕਾਈਆਂ, ਕੋਈ ਦੂਜਾ ਸਾਡੇ ਧਿਆਨ ਵਿਚ ਲਿਆਵੇ, ਕਿਉਂਕਿ ਆਪਣੀਆਂ; ਸ੍ਵੈ-ਗਲਤੀਆਂ/ਸੀਮਾਵਾਂ ਅਕਸਰ ਖੁਦ ਨੂੰ ਪਤਾ ਨਹੀਂ ਲਗਦਾ। ਵਿਚਾਰਾਧੀਨ ਹਵਾਲੇ ਵਿਚ ਇਸ ਦਾ ਭਾਵ ਹੈ ਕਿ ਗੁਰਬਾਣੀ ਪਾਠ ਕਰਦਿਆਂ, ਜੇਕਰ ਕੋਈ ਦੂਜਾ ਸਜਣ (ਭੈਣ/ਵੀਰ) ਸਾਡੀ ਉਕਾਈ ਨੂੰ ਸੋਧਦਾ (ਟੋਕਦਾ) ਹੈ; ਤਾਂ ਇਸ ਦੀ ਸਰਾਹਣਾ (appreciate) ਕਰਨਾ ਜਰੂਰੀ ਹੈ; ਇਸ ਨੂੰ ਜੀ ਆਇਆਂ ਕਹਿਣਾ ਜਰੂਰੀ ਹੈ। ਇਸ ਨੂੰ ਸਮਾਜਕ ਜਾਂ ਵਿਅਕਤੀਗਤ ਹਉਂਵਾਦੀ ਗੁਸਤਾਖੀ ਨਹੀਂ ਬਣਾਉਣਾ ਚਾਹੀਦਾ। ਇਹ ਪ੍ਰਵਾਨ ਕਰਨਾ ਜਰੂਰੀ ਹੈ ਕਿ ਗੁਰਬਾਣੀ ਪਾਠ ਕਰਦੇ ਸਮੇਂ ਅਨੇਕ ਕਿਸਮ ਦੀਆਂ ਸਹਿਜ ਸੁਭਾਅ ਉਕਾਈਆਂ ਸਿਰਫ਼ ਦੂਜਿਆਂ ਦੇ ਧਿਆਨ ਵਿਚ ਹੀ ਆਉਂਦੀਆਂ ਹਨ। ਇਸ ਤਰ੍ਹਾਂ ਗੁਰਬਾਣੀ ਪਾਠ ਸਿਖਣਾ/ਕਰਨਾ ਵਧੇਰੇ ਲਾਹੇਵੰਦ ਹੈ। ਵਿਅਕਤੀਗਤ ਰੂਪ ਵਿਚ ਵੀ ਲੋੜੀਂਦੇ ਔਖੇ ਸ਼ਬਦਾਂ ਨੂੰ ਸੁਚੇਤ ਪਧਰ ਉਤੇ ਦੂਜਿਆਂ ਨੂੰ ਸੁਣਾਉਣਾ ਜਰੂਰੀ ਹੁੰਦਾ ਹੈ ਤਾਂ ਕਿ ਸਾਡੇ ਤੋਂ ਅਚੇਤ ਹੋ ਰਹੀਆਂ ਉਕਾਈਆਂ ਨੂੰ ਦੂਰ ਕੀਤਾ ਜਾ ਸਕੇ।

6.5 ਸੰਚਾਰ: ਗੁਰਬਾਣੀ ਸੰਥਿਆ ਵਿਚ ਕੀਤਾ/ਕਰਾਇਆ ਜਾਂਦਾ ਬਾਣੀ ਉਚਾਰਨ ਐਨਾ ਸਪਸ਼ਟ ਹੋਵੇ ਕਿ ਕਰਨ ਅਤੇ ਕਰਾਉਣ ਵਾਲਿਆਂ ਨੂੰ ਘਟੋ-ਘਟ ਖੁਦ ਜਰੂਰ ਸੁਣਾਈ ਦੇਵੇ; ਭਾਵ ਪਾਠ ਵਿਚ ਧਿਆਨ, ਗਤੀ ਤੇ ਬੋਲ ਦੀ ਧੁਨੀ ਇਸ ਤਰ੍ਹਾਂ ਹੋਵੇ ਕਿ ਸੰਥਿਆ ਕਰਨ ਵਾਲਿਆਂ ਨੂੰ ਪੂਰੀ ਤਰ੍ਹਾਂ ਸਹਿਜ ਭਾਵ ਵਿਚ ਸਪਸ਼ਟ ਸੁਣਾਈ ਦੇਵੇ। ਜੇਕਰ ਇਸ ਨੇਮ ਨੂੰ ਵਿਅਕਤੀਗਤ ਰੂਪ ਵਿਚ ਅਪਣਾਇਆ ਜਾਂਦਾ ਹੈ ਤਾਂ ਇਹ ਇਸ ਤਰ੍ਹਾਂ ਹੋਵੇ ਕਿ ਇਹ ਸ੍ਵੈ-ਰੂਪ ਡੂੰਘੇ ਧਿਆਨ ਵਿਚ ਸਹਿਜ ਨਾਲ ਖੁਦ ਸੁਣਿਆ ਜਾਵੇ। ਪਾਠ-ਬੋਧ ਸਮਾਗਮਾਂ ਵਿਚ ਮੁਖ ਸਮਸਿਆ ਠੀਕ ਸੰਚਾਰ ਨਾ ਹੋਣ ਦੀ ਵਧੇਰੇ ਨੋਟ ਕੀਤੀ ਗਈ ਹੈ। ਇਸ ਲਈ ਯੋਗ ਸਾਧਨਾਂ (ਜਿਵੇਂ ਕਿ ਭੀੜ/ਆਵਾਜਾਈ ਤੋਂ ਦੂਰ ਅਤੇ ਸਪੀਕਰ ਉਚ-ਗੁਣਵਤਾ ਵਾਲੇ ਵਰਤਣੇ) ਅਤੇ ਮਾਹੌਲ ਦੀ ਬਹੁਤ ਜਿਆਦਾ ਲੋੜ ਹੁੰਦੀ ਹੈ।

ਸੋ ਮਨੋਵਿਗਿਆਨਕ ਦ੍ਰਿਸ਼ਟੀ ਤੋਂ ਧਿਆਨ, ਸਹਿਜ, ਅਭਿਆਸ, ਸੁਧਾਰ ਜਾਂ ਸੋਧ ਆਦਿ ਨੂੰ ਸੰਭਾਵੀ ਬਣਾਉਣ ਲਈ ਜਾਂ ਚਾਰ ਪ੍ਰਕਾਰ ਦੇ ਕੌਸ਼ਲ (skils)- ਦੇਖਣਾ; ਬੋਲਣਾ; ਸੁਣਨਾ; ਸਮਝਣਾ ਆਦਿ ਲਈ ਕਈ ਕਿਸਮ ਦੇ ਪ੍ਰਬੰਧਕੀ ਉਦਮਾਂ ਦੀ ਲੋੜ ਪੈਂਦੀ ਹੈ, ਜਿਵੇਂ ਸੰਥਿਆ ਦਾ ਯੋਗ ਸਮਾਂ, ਜਗਿਆਸੂਆਂ ਦੀ ਯੋਗ-ਗਿਣਤੀ, ਸਮੇਂ ਸਮੇਂ ਲੋੜੀਂਦੀ ਵਿਹਾਰਕ

ਪ੍ਰੀਖਿਆ, ਸਿਖਿਆਰਥੀਆਂ ਵਿਚ ਅੰਤਾਂ ਦੀ ਲਗਨ ਜਾਂ ਉਤਸ਼ਾਹ ਭਰਨਾ (ਜਿਸ ਲਈ ਯੋਗ ਸਜਾ ਤੇ ਇਨਾਮ, ਦੋਨੋਂ ਲੋੜੀਂਦੇ ਹਨ) ਅਤੇ ਸਭ ਤੋਂ ਮੁਖ ਗਲ ਪੜ੍ਹਨ/ ਪੜ੍ਹਾਉਣ ਦਾ ਲਗਾਤਾਰ ਮਾਹੌਲ ਬਣਾ ਕੇ ਰਖਣਾ ਅਤੇ ਸੰਥਿਆ ਸਮੇਂ ਹੋਰ ਕਾਰਵਾਈਆਂ ਉਤੇ ਰੋਕ, ਜਿਵੇਂ ਭਾਸ਼ਣ, ਕੀਰਤਨ, ਸਿਮਰਨ, ਗੱਲਾਂ ਆਦਿ ਉਤੇ।

(7) ਸੰਗੀਤਕ ਪਰਿਪੇਖ

ਵਿਸ਼ਾ-ਪ੍ਰਵੇਸ਼: ਗੁਰਬਾਣੀ ਉਚਾਰਨ ਮਾਮਲੇ ਵਿਚ ਸੰਗੀਤਕ ਪਰਿਪੇਖ, ਇਸ ਖੇਤਰ ਦੇ ਵਿਸ਼ੇਸ਼ਗ ਅਧਿਕਾਰੀਆਂ ਦੇ ਲਈ ਵਿਚਾਰਨਯੋਗ ਹੈ। ਇਥੇ ਇਸ ਬਾਰੇ ਸਧਾਰਨ ਟਿਪਣੀ ਕਰਕੇ ਵਿਸ਼ੇ ਨੂੰ ਵਿਰਾਮ ਦਿਤਾ ਜਾਵੇਗਾ। ਗੁਰਬਾਣੀ ਲਗਪਗ ਸਾਰੀ ਸੰਗੀਤਬਧ ਹੈ, ਇਸ ਤਥ ਬਾਰੇ ਦੋ ਰਾਵਾਂ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ। ਸੰਗੀਤ, ਪਾਠ ਉਚਾਰਨ ਨੂੰ; ਜਾਂ ਉਚਾਰਨ, ਸੰਗੀਤ ਨੂੰ ਕਿੰਨਾ ਤੇ ਕਿਵੇਂ ਪ੍ਰਭਾਵਤ ਕਰਦਾ ਹੈ, ਇਸ ਬਾਰੇ ਗੁਰਬਾਣੀ ਸੰਗੀਤ ਅਧਿਐਨ ਵਿਚ ਕੁਝ ਨਿਠ ਕੇ ਪੜ੍ਹਨ ਨੂੰ ਨਹੀਂ ਮਿਲਿਆ। ਇਥੇ *ਸ਼ਬਦਾਰਥ* ਵਿਚ ਆਈਆਂ ਕੁਝ ਮੁਲਵਾਨ ਟਿਪਣੀਆਂ ਅਤੇ ਡਾ. ਤਾਰਨ ਸਿੰਘ (*ਗੁਰੂ ਨਾਨਕ: ਚਿੰਤਨ ਤੇ ਕਲਾ*, ਅੰਮ੍ਰਿਤਸਰ, 1963 ਵਿਚਲਾ ਅਧਿਆਇ 'ਰਾਗ ਅਤੇ ਕਵਿਤਾ ਦਾ ਸੰਯੋਗ' ਪੰਨੇ 233-60) ਦੇ ਇਸ ਸੰਬੰਧੀ ਦਿਤੇ ਵਿਚਾਰਾਂ ਦੇ ਅਧਾਰ ਉਤੇ ਵਿਚਾਰਾਧੀਨ ਵਿਸ਼ੇ ਬਾਰੇ ਕੁਝ ਵਿਚਾਰ ਨਿਮਨੰਕਤ ਹਨ:

7.1 ਗੁਰੂ ਨਾਨਕ ਦੇਵ ਜੀ ਦੀ ਬਾਣੀ ਦੇ ਹਵਾਲੇ ਨਾਲ ਡਾ. ਤਾਰਨ ਸਿੰਘ ਲਿਖਦੇ ਹਨ ਕਿ "ਰਾਗ ਦੀ ਚੋਣ ਦਾ ਭਾਵ ਇਹ ਹੈ ਕਿ ਉਸ [ਸੰਬੰਧਿਤ] ਰਾਗ ਵਿਚ ਉਚਾਰਿਆ ਸ਼ਬਦ ਹਰ ਤਰੀਕੇ ਨਾਲ ਉਸ ਰਾਗ ਦੇ ਵਾਯੂ-ਮੰਡਲ ਨੂੰ ਉਤਪੰਨ ਕਰੇਗਾ" (ਪੰਨਾ ੨੩੩); ਗੁਰੂ ਨਾਨਕ ਜੀ ਨੇ "ਰਾਗ ਦੇ ਸਮੇਂ, ਸੁਭਾ, ਸਭਿਅਤਾ ਤੇ ਰੁਤ ਅਨੁਸਾਰ ਹੀ ਵਿਚਾਰਾਂ ਦੇ ਪ੍ਰਗਟਾ ਲਈ ਸ਼ਬਦ ਚੁਣੇ" ਹਨ (ਪੰਨਾ ੨੩੪); "ਗੁਰੂ ਨਾਨਕ ਦੇਵ ਜੀ ਦੀ ਕਵਿਤਾ [ਬਾਣੀ] ਵਿਚ ਰਾਗ, ਪਰਧਾਨ ਚੀਜ ਹੈ ਤੇ ਕਾਵਿ-ਕਲਾ ਦੇ ਬਾਕੀ ਸਾਰੇ ਅੰਗ ਰਾਗ ਦੀ ਅਨੁਕੂਲਤਾ ਅਧੀਨ ਚਲਦੇ ਹਨ...ਉਨ੍ਹਾਂ ਦੀ ਸ਼ਬਦ-ਚੋਣ ਬੜੀ ਨਿਪੁੰਨ ਹੈ ਜੋ ਹਰ ਰਾਗ ਦੇ ਅਨਕੂਲ ਰਹੀ ਹੈ " (ਪੰਨਾ ੨੩੫)। ਇਸ ਉਪਰੰਤ ਸੰਬੰਧਿਤ ਥਾਂ ਗੁਰੂ ਜੀ ਦੇ ੧੯ ਰਾਗਾਂ ਵਿਚੋਂ ਸ਼ਬਦ ਅਤੇ ਰਾਗ ਦੇ ਸੰਬੰਧਾਂ ਦੀਆਂ ਉਦਾਹਰਨਾਂ ਪੇਸ਼ ਕੀਤੀਆਂ ਗਈਆਂ ਹਨ, ਜਿਵੇਂ ਸਿਰੀਰਾਗੁ ਦੇ ਸੰਬੰਧ ਵਿਚ ਤਾਰਨ ਸਿੰਘ ਲਿਖਦੇ ਹਨ ਕਿ ਇਹ (ੳ) ਸਖਤ ਗਰਮੀ ਅਤੇ ਸਖਤ ਸਰਦੀ ਦੀ ਰੁਤ ਦਾ ਰਾਗ ਹੈ; (ਅ) ਦਿਨ ਦੇ ਚਉਥੇ ਪਹਿਰ ਦਾ ਰਾਗ ਹੈ; (ੲ) ਇਸਤਰੀ ਸੁਭਾਅ ਦਾ ਰਾਗ ਹੈ, ਯਾਨੀ ਸ਼ਿੰਗਾਰਕ ਲਛਣ ਵੀ ਹਨ; (ਸ) ਦੰਪਤੀ ਜੀਵਨ ਦਾ ਝਲਕਾਰਾ ਵੀ ਹੈ...। ਗੁਰੂ ਨਾਨਕ ਦੇਵ ਜੀ ਦੁਆਰਾ ਇਸ ਰਾਗ ਵਿਚ ਜੋ ਸ਼ਬਦ-ਚੋਣ ਹੈ, ਉਸ ਵਿਚ ਜੋ ਸ਼ਬਦ, ਰੂਪਕ, ਬਿੰਬ ਆਦਿ ਵਰਤੇ ਹਨ, ਉਹ ਉਕਤ ਵਾਯੂਮੰਡਲ ਦੀ ਸਿਰਜਣਾ ਕਰ ਦਿੰਦੇ ਹਨ। ਇਸ ਹਵਾਲੇ ਨਾਲ ਜੇਕਰ ਬਾਣੀ ਦਾ ਪਾਠ, ਤਥਾ-ਕਥਿਤ 'ਸ਼ੁਧ' ਉਚਾਰਨੀ ਸੋਧਾਂ ਤਹਿਤ ਕੀਤਾ ਜਾਵੇਗਾ ਤਾਂ ਕੀ ਉਸ ਰਾਗ ਦੁਆਰਾ ਸਿਰਜਿਆ ਜਾਣ ਵਾਲਾ ਵਾਤਾਵਰਨ ਪੈਦਾ ਹੋਣਾ ਸੰਭਵ ਹੋਵੇਗਾ? ਸਪਸ਼ਟ ਹੈ ਕਿ ਅਜਿਹਾ ਸੰਭਵ ਨਹੀਂ ਹੋਵੇਗਾ, ਸੋ ਬਾਣੀ ਦਾ ਉਚਾਰਨ, ਮੂਲ ਲਿਖੇ ਅਨੁਸਾਰ ਕਰਨਾ ਹੀ ਰਾਗ ਦੇ ਵਾਯੂਮੰਡਲ ਲਈ ਜਰੂਰੀ ਹੈ।

7.2 ਉਕਤ ਵਿਚਾਰਾਂ ਤੋਂ ਸਪਸ਼ਟ ਹੈ ਕਿ ਗੁਰਬਾਣੀ ਸ਼ਬਦ-ਚੋਣ ਦੇ ਅਧਾਰਾਂ ਵਿਚ ਰਾਗ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ; *ਸ਼ਬਦਾਰਥ* ਵਿਚ ਇਸ ਸੰਬੰਧੀ ਇਕ ਦਿਲਚਸਪ ਉਦਾਹਰਨ ਦਿਤੀ ਗਈ ਹੈ, 'ਰਾਗੁ ਗਉੜੀ ਮਾਲਾ ਮਹਲਾ ੫' (ਤ੍ਰਿਸਨਾ

ਬਿਰਲੇ ਹੀ ਕੀ ਬੁਝੀ ਹੇ...੨੧੩) ਸ਼ਬਦ ਬਾਰੇ *ਸ਼ਬਦਾਰਥੀ* ਟਿਪਣੀ ਹੈ "ਇਸ ਸ਼ਬਦ ਵਿਚ ਕਈ ਥਾਂ ਮਾਲਵੇ ਦੇ ਮੁਹਾਵਰੇ ਅਨੁਸਾਰ ਵਵੇ ਦੀ ਥਾਂ ਬਬਾ ਵਰਤਿਆ ਹੈ, ਜਿਵੇਂ- ਬਿਚਿ, ਬਧੇ, ਬਿਕਾਰ... "। ਸ਼ਬਦ-ਰੂਪਾਂ ਉਤੇ ਰਾਗ ਰੂਪ ਦਾ ਕਿਵੇਂ ਅਸਰ ਹੁੰਦਾ ਹੈ, ਉਸ ਦੀ ਇਹ ਇਕ ਖੂਬਸੂਰਤ ਉਦਾਹਰਨ ਹੈ। ਇਉਂ ਗੁਰਬਾਣੀ ਦੇ ਰਾਗਾਤਮਕ ਵਾਯੂਮੰਡਲ ਨੂੰ ਬਚਾਈ ਰਖਣ ਲਈ ਬਾਣੀ ਦਾ ਉਚਾਰਨ ਉਸ ਦੇ ਲਿਖੇ ਅਨੁਸਾਰ ਕਰਨਾ ਹੀ ਜਰੂਰੀ ਹੈ। ਮਹਾਂਕਵੀ ਪ੍ਰੋ. ਪੂਰਨ ਸਿੰਘ ਲਿਖਦੇ ਹਨ ਕਿ ਜਪੁ ਜੀ (ਭਾਵ ਸਮੁਚੀ ਬਾਣੀ) ਵਿਚ ਕੁਦਰਤ ਨਾਲ ਇਕਸੁਰ ਜੀਵਨ ਦਾ ਨਾ-ਨਕਲ ਕੀਤੇ ਜਾਣ ਵਾਲਾ ਸੰਗੀਤ ਹੈ...ਧਰਤੀ ਵਾਲਿਆਂ ਨੂੰ ਅਜੇ ਇਸ ਦਾ ਪਤਾ ਨਹੀਂ; ਇਸ ਦੀ ਸਰੋਦੀ ਗੂੰਜ ਵਿਚ ਅਸਮਾਨ ਗੂੰਜਦੇ ਹਨ (Japuji has in it inimitable rhythm of life in Nature… thist earth have not yet heard of it…*The Spirit Born People*, part 2, vol I, p.72)। 'ਸ਼ੁਧਤਾ' ਦੀ ਤਥਾ-ਕਥਿਤ 'ਸੋਧ' ਕੀ ਗੁਰਬਾਣੀ ਦੇ ਸਰੋਦੀ ਸੰਗੀਤ ਵਿਚ ਖਲਬਲੀ ਨਹੀਂ ਮਚਾਉਂਦੀ?

(8) ਲੋਕਧਾਰਾਈ ਪਰਿਪੇਖ

ਵਿਸ਼ਾ-ਪ੍ਰਵੇਸ਼: ਲੋਕਧਾਰਾ ਤੇ ਭਾਸ਼ਾ ਦੇ ਸੰਬੰਧਾਂ ਬਾਰੇ ਵਿਦਵਾਨਾਂ ਨੇ ਨਿਠ ਕੇ ਲਿਖਿਆ ਹੈ; ਗੁਰਬਾਣੀ ਦੇ ਲੋਕਧਾਰਾਈ ਅਧਾਰਾਂ ਬਾਰੇ ਵੀ ਜਿਕਰਯੋਗ ਕਾਰਜ ਮਿਲ ਜਾਂਦੇ ਹਨ, ਪਰ ਉਚਾਰਨ ਦੇ ਹਵਾਲੇ ਨਾਲ ਕੋਈ ਸਧਾਰਨ ਲੇਖ ਵੀ ਪ੍ਰਾਪਤ ਨਹੀਂ ਹੁੰਦਾ। ਵਿਸ਼ੇਸ਼ਗਾਂ ਦੇ ਵਿਚਾਰਾਂ ਦੀ ਉਡੀਕ ਵਿਚ ਇਥੇ ਸਧਾਰਨ ਤਿਲਫੁਲ ਹੀ ਭੇਟਾ ਹੈ। ਲੋਕਧਾਰਾ, ਪਰੰਪਰਾ ਦਾ ਐਸਾ ਪ੍ਰਵਾਹ ਹੈ, ਜਿਸ ਦਾ ਤਬਾਦਲਾ ਪੀੜ੍ਹੀ-ਦਰ-ਪੀੜ੍ਹੀ, ਮੌਖਿਕ ਰੂਪ ਵਿਚ ਪ੍ਰਵਾਹਮਾਨ ਰਹਿੰਦਾ ਹੈ।

8.1 ਗੁਰਬਾਣੀ ਵਿਚ ਲੋਕਧਾਰਾ ਦਾ ਸੰਦਰਭ ਭਾਵੇਂ ਕਈ ਪਧਰਾਂ ਉਤੇ ਵਿਚਾਰਾਧੀਨ ਕੀਤਾ ਜਾ ਸਕਦਾ ਹੈ, ਪਰ ਮੁਖ ਪਧਰ ਚਾਰ ਹਨ- ਪਹਿਲਾ ਵਿਚਾਰਧਾਰਕ ਪਧਰ ਹੈ, ਜਿਸ ਤਹਿਤ ਲੋਕਾਂ ਦਾ ਪਖ ਲਿਆ ਗਿਆ ਹੈ; ਦੂਜਾ ਪਧਰ ਗੁਰਬਾਣੀ ਵਿਚ ਵਰਤੀ ਗਈ ਅਜਿਹੀ ਸਮਗਰੀ ਦਾ ਹੈ, ਜਿਸ ਵਿਚ ਪ੍ਰਚੀਨ ਸਭਿਆਚਾਰਾਂ ਦੇ ਅਵਸ਼ੇਸ਼ ਅਤੇ ਲੋਕ ਸੰਸਕ੍ਰਿਤੀ ਦੇ ਅੰਸ਼ ਪ੍ਰਾਪਤ ਹੁੰਦੇ ਹਨ, ਜਿਵੇਂ ਮਿਥਾਂ ਦੇ ਜਾਂ ਲੋਕ ਕਿਤਿਆਂ ਦੇ ਹਵਾਲੇ। ਤੀਜਾ ਪਧਰ 'ਰੂਪ' ਹੈ, ਜਿਸ ਤਹਿਤ ਗੁਰਬਾਣੀ ਦੀ ਰਚਨਾ ਵਖ-ਵਖ ਲੋਕ-ਕਾਵਿ ਰੂਪਾਂ ਵਿਚ ਹੋਈ ਹੈ, ਜਿਵੇਂ ਰਾਗ ਬੰਦਿਸ਼ ਨਾਲ ਆਏ ਅਨੇਕ ਲੋਕ ਰੂਪ, ਜਿਵੇਂ ਘੋੜੀਆਂ, ਬਾਰਹਮਾਹਾ, ਵਾਰਸਤ, ਆਰਤੀ, ਬਿਰਹੜੇ, ਸੋਹਿਲਾ, ਕਰਹਲੇ, ਅਲਾਹਣੀਆ, ਸਦੁ, ਵਾਰਾਂ, ਥਿਤੀ, ਰੁਤੀ ਆਦਿ। ਇਹ ਇਸ ਤਥ ਦੀ ਗਵਾਹੀ ਭਰਦੇ ਹਨ ਕਿ ਬਾਣੀ ਰਚਨਾ ਵਿਚ ਲੋਕ-ਕਾਵਿ ਰੂਪਾਂ ਦੀ ਖੁਲ੍ਹੀ ਵਰਤੋਂ ਹੋਈ ਹੈ। ਧਿਆਨਯੋਗ ਤਥ ਇਹ ਹੈ ਕਿ ਇਹ ਸਾਰੇ ਲੋਕ-ਰੂਪ, ਗੁਰਬਾਣੀ ਵਿਚ ਰੁਪਾਂਤਰਣ ਪ੍ਰਕਿਰਿਆ ਰਾਹੀਂ ਪ੍ਰਤੀਕਾਤਾਮਕ ਸਿਰਜਣਾ ਵਿਚ ਢਲੇ ਹੋਏ ਹਨ। ਚੌਥਾ ਪਧਰ ਭਾਸ਼ਾ ਦਾ ਹੈ, ਜਿਸ ਦਾ ਸਿਧਾ ਸੰਬੰਧ ਸਾਡੇ ਵਿਚਾਰਾਧੀਨ ਵਿਸ਼ੇ 'ਉਚਾਰਨ' ਨਾਲ ਹੈ।

8.2 ਲੋਕਧਾਰਾ ਵਿਚ ਭਾਸ਼ਾ ਦਾ ਰੂਪ ਜਿਥੇ ਦੇਸੀ, ਸਿਧਾ, ਸਰਲ ਤੇ ਵਲ-ਮੁਕਤ ਹੁੰਦਾ ਹੈ, ਉਥੇ ਇਹ ਮੌਲਿਕ ਤੇ ਮੌਖਿਕ ਰੂਪ ਵਿਚ ਵੀ ਹੁੰਦਾ ਹੈ। ਗੁਰਬਾਣੀ ਦੀ (ਤਕਨੀਕੀ ਅਰਥਾਂ ਵਿਚ) 'ਤਦਭਵੀ' ਸ਼ਬਦਾਵਲੀ ਇਸ ਦਾ ਪ੍ਰਤਖ ਪ੍ਰਮਾਣ ਹੈ। ਉਪਰ ਕਹੇ ਅਨੁਸਾਰ ਕਾਵਿ ਦੇ ਲੋਕ ਰੂਪਾਂ ਦੀ ਵਰਤੋਂ ਸਮੇਤ, ਬਾਕੀ ਕਾਵਿ ਤਤ (ਸ਼ੈਲੀ, ਬਿੰਬ, ਪ੍ਰਤੀਕ...) ਵੀ ਵਡੇਰੀ ਗਿਣਤੀ ਵਿਚ ਲੋਕਧਾਰਾਈ ਸੁਭਾਅ ਵਾਲੇ ਹਨ। ਲੋਕਰੂਪਾਂ ਨੂੰ ਉਨ੍ਹਾਂ ਦੇ ਮੌਲਿਕ ਰੂਪ ਵਿਚ ਹੀ ਪ੍ਰਵਾਨ ਕਰੀਦਾ ਹੈ; ਉਨ੍ਹਾਂ ਨੂੰ ਸੁਧਤਾ ਦੇ ਨਾਂ ਹੇਠ ਵਿਗਾੜਿਆ ਨਹੀਂ ਜਾ ਸਕਦਾ। ਗੁਰਬਾਣੀ ਦਾ ਜਨਮਾਨਸ ਤਕ ਵਿਆਪਕ ਸੰਚਾਰ/ ਪ੍ਰਸਾਰ ਅਤੇ

ਸਿਧੇ ਰਾਬਤੇ ਦਾ ਇਕ ਕਾਰਨ ਲੋਕਧਾਰਾਈ ਅਧਾਰ ਵੀ ਬਣਿਆ ਹੈ। ਗੁਰੂ ਸਾਹਿਬਾਨ (ਸਮੇਤ ਬਾਕੀ ਬਾਣੀਕਾਰ) ਲੋਕਾਂ ਨਾਲ ਲੋਕਾਂ ਦੀ ਬੋਲੀ ਵਿਚ ਉਚ ਗੂੜ੍ਹ ਅਧਿਆਤਮ/ਦਰਸ਼ਨ ਦੀਆਂ 'ਗੱਲਾਂ' ਕਰਦੇ ਹਨ। ਸਾਨੂੰ ਉਨ੍ਹਾਂ 'ਗੱਲਾਂ' ਨੂੰ ਉਨ੍ਹਾਂ ਦੀ ਮੌਲਿਕ ਧੁਨੀ ਵਿਚ ਹੀ ਸੁਣਨਾ/ਕਰਨਾ ਚਾਹੀਦਾ ਹੈ।

(9) ਵਿਹਾਰਕ ਪਰਿਪੇਖ

ਵਿਸ਼ਾ-ਪ੍ਰਵੇਸ਼: ਵਿਹਾਰਕ ਪਰਿਪੇਖ ਵਿਚ ਇਥੇ ਵਰਤਮਾਨ ਲੋੜਾਂ ਦੇ ਸਨਮੁਖ ਗੁਰਬਾਣੀ ਪਾਠ ਸਿਖਣ ਦੀਆਂ ਕੁਝ ਵਿਧੀਆਂ ਦਾ ਜਿਕਰ ਹੈ, ਜਿਸ ਵਿਚ ਗੁਰਬਾਣੀ ਉਚਾਰਨ/ ਧੁਨੀਆਂ ਸਿਖਣ ਦੀ ਵਿਧੀ ਤਹਿਤ ਮੁਹਾਰਨੀ ਅਤੇ ਇਸ ਦੇ ਦੂਜੇ ਪਖ ਵਿਚ ਇਕ ਵਿਹਰਕ ਮਾਡਲ ਬਾਰੇ ਜਾਣਕਾਰੀ ਦਿਤੀ ਗਈ ਹੈ।

ਧੁਨੀ ਵਿਗਿਆਨ (ਖਾਸਕਰ ਉਚਾਰ ਧੁਨੀ ਵਿਉਂਤ-ਵਿਗਿਆਨ/Articulatory Phonology) ਵਿਚ ਫੇਫੜਿਆਂ ਤੋਂ ਲੈ ਕੇ ਬੁਲਾਂ ਤਕ ਧੁਨੀ ਬਣਨ ਤਕ ਦੀ ਸਾਰੀ ਕਿਰਿਆ ਦਾ ਅਧਿਐਨ ਸ਼ਾਮਿਲ ਹੈ। ਇਸੇ ਵਿਚ ਹੀ ਉਚਾਰ-ਅੰਗਾਂ (organs of speech) ਨੂੰ, ਜੋ ਧੁਨੀ ਉਤਪਤੀ ਦਾ ਸਰੋਤ ਹਨ, ਸ਼ਾਮਿਲ ਕੀਤਾ ਜਾਂਦਾ ਹੈ। ਇਸ ਲੰਮੀ-ਚੌੜੀ ਅਤੇ ਅਤਿਅੰਤ ਜਟਿਲ ਤੇ ਤਕਨੀਕੀ ਪ੍ਰਕਿਰਿਆ ਵਿਚ ਜਾਣਾ ਨਾ ਤਾਂ ਇਥੇ ਸੰਭਵ ਹੈ ਅਤੇ ਨਾ ਹੀ ਲੋੜ; ਇਥੇ ਧੁਨੀਆਂ ਸਿਖਣ ਦੇ ਕੇਵਲ ਵਿਹਾਰਕ ਨੁਕਤੇ, ਉਹ ਵੀ ਕੁਝ-ਕ ਬੁਨਿਆਦੀ, ਇਕ ਸੁਝਾਅ ਵਜੋਂ ਪੇਸ਼ ਕੀਤੇ ਗਏ ਹਨ। ਇਹ ਸੁਝਾਅ ਰੂਪ ਨੁਕਤੇ ਕ੍ਰਮਵਾਰ **ਮੁਹਾਰਨੀ** ਅਤੇ **ਸੰਥਿਆ-ਵਿਧੀ** ਉਤੇ ਕੇਂਦਰਤ ਹਨ।

9.1 **ਮੁਹਾਰਨੀ**

ਗੁਰਮੁਖੀ 35/ਪੈਂਤੀ ਅਖਰੀ ਨੂੰ ਸਿਖਣ ਦੀ ਵਿਹਾਰਕ ਕਿਰਿਆ ਦਾ ਨਾਂ ਮੁਹਾਰਨੀ ਹੈ। ਬੁਨਿਆਦੀ ਤੌਰ ਉਤੇ ਗੁਰਮੁਖੀ 35/ਪੈਂਤੀ ਅਖਰਮਾਲਾ (ਵਰਣਮਾਲਾ) ਨੂੰ ਸਿਖਣ ਦੇ ਤਿੰਨ ਪਧਰ (levels) ਹਨ:

(ੳ) ਗੁਰਮੁਖੀ (35) ਅਖਰਾਂ ਦੀਆਂ ਸ਼ਕਲਾਂ (shapes) ਸਿਖਣੀਆਂ

(ਅ) ਗੁਰਮੁਖੀ (35) ਅਖਰਾਂ ਦੇ ਨਾਂ (name) ਸਿਖਣੇ

(ੲ) ਗੁਰਮੁਖੀ (35) ਅਖਰਾਂ ਦੀਆਂ ਧੁਨਾਂ (phones) ਸਿਖਣੀਆਂ

ਇਹ ਤਿੰਨੇ ਪਧਰ ਮੁਹਾਰਨੀ ਰਾਹੀਂ ਸਿਖੇ/ਸਿਖਾਏ ਜਾਂਦੇ ਹਨ। ਪਹਿਲਾ ਪਧਰ ਨਿਰੋਲ ਮਨੋਵਿਗਿਆਨਕ ਪਧਰ ਹੈ, ਜਿਸ ਵਿਚ ਅਖਰਾਂ ਦੀਆਂ ਸ਼ਕਲਾਂ (shapes), ਮਨ ਵਿਚ ਬਿਠਾਉਣੀਆਂ ਹਨ, ਕਿ 'ਫਲਾਣਾ' ਅਖਰ, ਜਿਸ ਦੀ 'ਸ਼ਕਲ' 'ੳ , ਅ, ...ੜ' ਹੈ, । ਇਥੇ <''> ਸ਼ਕਲ ਨੂੰ ਸੰਕੇਤ ਕਰਦਾ ਚਿੰਨ੍ਹ ਹੈ। 'ਸ਼ਕਲ' ਇਥੇ ਇਕ 'ਗਰਾਫ' (graph) ਹੈ, ਜਿਸ ਨੂੰ ਕਾਪੀ (ਲਿਪੀਆਸਣ) ਉਤੇ ਇਕ ਕ੍ਰਮ/ਪੜਾਅ-ਵਾਰ ਲਿਖਿਆ/ਸਿਖਿਆ ਜਾਂਦਾ ਹੈ। ਦੂਜੇ ਪਧਰ ਉਤੇ ਸੰਬੰਧਿਤ ਸ਼ਕਲ/ਅਖਰ-ਸ਼ਕਲ (shape/graph) ਦਾ ਨਿਰਧਾਰਤ ਕੀਤਾ 'ਨਾਂ' ਯਾਦ ਕੀਤਾ ਜਾਂਦਾ ਹੈ; ਇਹ ਵੀ ਮਨੋਵਿਗਿਆਨਕ ਪ੍ਰਕਿਰਿਆ ਹੀ ਹੈ, ਜਿਵੇਂ ਸ਼ਕਲ/shape/graph 'ੳ', 'ਕ' ਦਾ ਨਾਂ < ਊੜਾ >, < ਕਕਾ > ਹੈ । ਇਥੇ < > ਨਾਂ ਨੂੰ ਸੰਕੇਤ ਕਰਦਾ ਚਿੰਨ੍ਹ ਹੈ। ਮੁਹਾਰਨੀ ਦਾ ਤੀਜਾ ਪਧਰ ਸੰਬੰਧਿਤ ਅਖਰਾਂ ਦੀਆਂ ਧੁਨੀਆਂ ਸਿਖਣੀਆਂ ਹਨ, ਜਿਵੇਂ 'ੳ' 'ਕ' ਸ਼ਕਲਾਂ, ਜਿਨ੍ਹਾਂ ਦੇ ਕ੍ਰਮਵਾਰ ਨਾਂ < ਊੜਾ > < ਕਕਾ > ਹਨ, ਦੀਆਂ ਧੁਨਾਂ/ੳ.../ਕ.../ ਹਨ ।

ਇਥੇ / / ਧੁਨੀ ਨੂੰ ਅੰਕਿਤ ਕਰਦਾ ਚਿੰਨ੍ਹ ਹੈ। ਤਕਨੀਕੀ ਅਰਥਾਂ ਵਿਚ ਧਿਆਨਯੋਗ ਹੈ ਕਿ ਅੰਕਿਤ/ਲਿਪਾਂਕਤ ਕੀਤੇ ਚਿੰਨ੍ਹਾਂ ਦੀ ਆਪਣੀ ਕੋਈ ਧੁਨੀ ਨਹੀਂ ਹੁੰਦੀ, ਇਹ ਤਾਂ /ਧੁਨੀ/ ਨੂੰ ਲਿਪੀ ਵਿਚ ਅੰਕਿਤ ਕਰਨ ਦੇ ਚਿੰਨ੍ਹ ਹਨ; ਦੂਜੇ ਸ਼ਬਦਾਂ ਵਿਚ /ਕ...ਅ/ ਇਕ ਧੁਨੀ (ਮਨੁਖੀ ਧੁਨੀ) ਹੈ, ਜਿਸ ਨੂੰ ਗੁਰਮੁਖੀ ਵਿਚ 'ਕ' ਸ਼ਕਲ, ਜਿਸ ਦਾ ਨਾਂ < ਕ > ਕਕਾ ਹੈ, ਰਾਹੀਂ ਅੰਕਿਤ ਕੀਤਾ ਗਿਆ ਹੈ, ਪਰ ਅਸੀਂ ਸੌਖੇ ਅਰਥਾਂ ਵਿਚ ਅਖਰਾਂ ਦੀਆਂ ਧੁਨੀਆਂ ਹੀ ਕਹਿ ਦਿੰਦੇ ਹਾਂ। ਇਸ ਤਰ੍ਹਾਂ :

(ੳ) 'ੳ, ਕ'... ਸ਼ਕਲਾਂ ਹਨ, ਜਿਸ ਨੂੰ ਅੰਕਿਤ ਕਰਨ ਦਾ ਚਿੰਨ੍ਹ ' ' ਹੈ।

(ਅ) < ੳ, ਕ > ਊੜਾ, ਕਕਾ ਨਾਂ ਹਨ, ਜਿਸ ਨੂੰ < > ਚਿੰਨ੍ਹ ਰਾਹੀਂ ਦਰਸਾਇਆ ਜਾਂਦਾ ਹੈ।

(ੲ) /ੳ, ਕ/ ਧੁਨੀਆਂ ਹਨ, ਜਿਸ ਨੂੰ / / ਚਿੰਨ੍ਹ ਰਾਹੀਂ ਅੰਕਿਤ ਕੀਤਾ ਜਾਂਦਾ ਹੈ।

ਸੋ ਇਸ ਤਰ੍ਹਾਂ ਮੁਹਾਰਨੀ ਵਿਚ ਗੁਰਮੁਖੀ ਅਖਰਾਂ ਦੇ ਤਿੰਨ ਪਧਰ :ਸ਼ਕਲ 'ਕ' ;ਨਾਂ <> <ਕ > (ਕਕਾ) ਅਤੇ ਧੁਨੀ / ਕਅ/ ਸਿਖੇ/ਸਿਖਾਏ ਜਾਂਦੇ ਹਨ। ਇਨ੍ਹਾਂ ਤਿੰਨ ਪਧਰਾਂ ਨੂੰ ਸਿਖਣ-ਸਿਖਾਉਣ ਦੀਆਂ ਕਈ ਪਧਤੀਆਂ (modes) ਹਨ, ਜਿਨ੍ਹਾਂ ਦਾ ਵੇਰਵਾ ਇਥੇ ਦੇਣਾ ਅਸੰਗਤ ਹੈ। ਇਥੇ ਕੇਵਲ ਮੁਹਾਰਨੀ ਦਾ ਸਧਾਰਨ ਰੂਪ ਦਿਤਾ ਜਾ ਰਿਹਾ ਹੈ, ਜਿਸ ਨੂੰ ਜਗਿਆਸੂ ਸਿਖਿਆਰਥੀ ਨੇ ਉਕਤ ਦਰਸਾਏ ਤਿੰਨ ਪਧਰਾਂ ਉਤੇ ਸਿਖਣਾ ਹੈ:

/ਅ/ /ਆ/ /ਇ/ /ਈ/ /ਉ/ /ਊ/ /ਏ/ /ਐ/ /ਓ/ /ਔ/ /ਅੰ/ /ਆਂ/

/ਸ/ /ਸਾ/ /ਸਿ/ /ਸੀ/ /ਸੁ/ /ਸੂ/ /ਸੇ/ /ਸੈ/ /ਸੋ/ /ਸੌ/ /ਸੰ/ /ਸਾਂ/

/ਹ/ /ਹਾ/ /ਹਿ/ /ਹੀ/ /ਹੁ/ /ਹੂ/ /ਹੇ/ /ਹੈ/ /ਹੋ/ /ਹੌ/ /ਹੰ/ /ਹਾਂ/

/ਕ/ /ਕਾ/ /ਕਿ/ /ਕੀ/ /ਕੁ/ /ਕੂ/ /ਕੇ/ /ਕੈ/ /ਕੋ/ /ਕੌ/ /ਕੰ/ /ਕਾਂ/

/ਖ/ /ਖਾ/ /ਖਿ/ /ਖੀ/ /ਖੁ/ /ਖੂ/ /ਖੇ/ /ਖੈ/ /ਖੋ/ /ਖੌ/ /ਖੰ/ /ਖਾਂ/

/ਗ/ /ਗਾ/ /ਗਿ/ /ਗੀ/ /ਗੁ/ /ਗੂ/ /ਗੇ/ /ਗੈ/ /ਗੋ/ /ਗੌ/ /ਗੰ/ /ਗਾਂ/

/ਘ/ /ਘਾ/ /ਘਿ/ /ਘੀ/ /ਘੁ/ /ਘੂ/ /ਘੇ/ /ਘੈ/ /ਘੋ/ /ਘੌ/ /ਘੰ/ /ਘਾਂ/

/ਙ/ /ਙਾ/ /ਙਿ/ /ਙੀ/ /ਙੁ/ /ਙੂ/ /ਙੇ/ /ਙੈ/ /ਙੋ/ /ਙੌ/ /ਙੰ/ /ਙਾਂ/

/ਚ/ /ਚਾ/ /ਚਿ/ /ਚੀ/ /ਚੁ/ /ਚੂ/ /ਚੇ/ /ਚੈ/ /ਚੋ/ /ਚੌ/ /ਚੰ/ /ਚਾਂ/

/ਛ/ /ਛਾ/ /ਛਿ/ /ਛੀ/ /ਛੁ/ /ਛੂ/ /ਛੇ/ /ਛੈ/ /ਛੋ/ /ਛੌ/ /ਛੰ/ /ਛਾਂ/

/ਜ/ /ਜਾ/ /ਜਿ/ /ਜੀ/ /ਜੁ/ /ਜੂ/ /ਜੇ/ /ਜੈ/ /ਜੋ/ /ਜੌ/ /ਜੰ/ /ਜਾਂ/

/ਝ/ /ਝਾ/ /ਝਿ/ /ਝੀ/ /ਝੁ/ /ਝੂ/ /ਝੇ/ /ਝੈ/ /ਝੋ/ /ਝੌ/ /ਝੰ/ /ਝਾਂ/

/ਞ/ /ਞਾ/ /ਞਿ/ /ਞੀ/ /ਞੁ/ /ਞੂ/ /ਞੇ/ /ਞੈ/ /ਞੋ/ /ਞੌ/ /ਞੰ/ /ਞਾਂ/

/ਟ/ /ਟਾ/ /ਟਿ/ /ਟੀ/ /ਟੁ/ /ਟੂ/ /ਟੇ/ /ਟੈ/ /ਟੋ/ /ਟੌ/ /ਟੰ/ /ਟਾਂ/

/ਠ/ /ਠਾ/ /ਠਿ/ /ਠੀ/ /ਠੁ/ /ਠੂ/ /ਠੇ/ /ਠੈ/ /ਠੋ/ /ਠੌ/ /ਠੰ/ /ਠਾਂ/

/ਡ/ /ਡਾ/ /ਡਿ/ /ਡੀ/ /ਡੁ/ /ਡੂ/ /ਡੇ/ /ਡੈ/ /ਡੋ/ /ਡੌ/ /ਡੰ/ /ਡਾਂ/

/ਢ/ /ਢਾ/ /ਢਿ/ /ਢੀ/ /ਢੁ/ /ਢੂ/ /ਢੇ/ /ਢੈ/ /ਢੋ/ /ਢੌ/ /ਢੰ/ /ਢਾਂ/

/ਣ/ /ਣਾ/ /ਣਿ/ /ਣੀ/ /ਣੁ/ /ਣੂ/ /ਣੇ/ /ਣੈ/ /ਣੋ/ /ਣੌ/ /ਣੰ/ /ਣਾਂ/

/ਤ/ /ਤਾ/ /ਤਿ/ /ਤੀ/ /ਤੁ/ /ਤੂ/ /ਤੇ/ /ਤੈ/ /ਤੋ/ /ਤੌ/ /ਤੰ/ /ਤਾਂ/

/ਥ/ /ਥਾ/ /ਥਿ/ /ਥੀ/ /ਥੁ/ /ਥੂ/ /ਥੇ/ /ਥੈ/ /ਥੋ/ /ਥੌ/ /ਥੰ/ /ਥਾਂ/

/ਦ/ /ਦਾ/ /ਦਿ/ /ਦੀ/ /ਦੁ/ /ਦੂ/ /ਦੇ/ /ਦੈ/ /ਦੋ/ /ਦੌ/ /ਦੰ/ /ਦਾਂ/

/ਧ/ /ਧਾ/ /ਧਿ/ /ਧੀ/ /ਧੁ/ /ਧੂ/ /ਧੇ/ /ਧੈ/ /ਧੋ/ /ਧੌ/ /ਧੰ/ /ਧਾਂ/

/ਨ/ /ਨਾ/ /ਨਿ/ /ਨੀ/ /ਨੁ/ /ਨੂ/ /ਨੇ/ /ਨੈ/ /ਨੋ/ /ਨੌ/ /ਨੰ/ /ਨਾਂ/

/ਪ/ /ਪਾ/ /ਪਿ/ /ਪੀ/ /ਪੁ/ /ਪੂ/ /ਪੇ/ /ਪੈ/ /ਪੋ/ /ਪੌ/ /ਪੰ/ /ਪਾਂ/

/ਫ/ /ਫਾ/ /ਫਿ/ /ਫੀ/ /ਫੁ/ /ਫੂ/ /ਫੇ/ /ਫੈ/ /ਫੋ/ /ਫੌ/ /ਫੰ/ /ਫਾਂ/

/ਬ/ /ਬਾ/ /ਬਿ/ /ਬੀ/ /ਬੁ/ /ਬੂ/ /ਬੇ/ /ਬੈ/ /ਬੋ/ /ਬੌ/ /ਬੰ/ /ਬਾਂ/

/ਭ/ /ਭਾ/ /ਭਿ/ /ਭੀ/ /ਭੁ/ /ਭੂ/ /ਭੇ/ /ਭੈ/ /ਭੋ/ /ਭੌ/ /ਭੰ/ /ਭਾਂ/

/ਮ/ /ਮਾ/ /ਮਿ/ /ਮੀ/ /ਮੁ/ /ਮੂ/ /ਮੇ/ /ਮੈ/ /ਮੋ/ /ਮੌ/ /ਮੰ/ /ਮਾਂ/

/ਯ/ /ਯਾ/ /ਯਿ/ /ਯੀ/ /ਯੁ/ /ਯੂ/ /ਯੇ/ /ਯੈ/ /ਯੋ/ /ਯੌ/ /ਯੰ/ /ਯਾਂ/

/ਰ/ /ਰਾ/ /ਰਿ/ /ਰੀ/ /ਰੁ/ /ਰੂ/ /ਰੇ/ /ਰੈ/ /ਰੋ/ /ਰੌ/ /ਰੰ/ /ਰਾਂ/

/ਲ/ /ਲਾ/ /ਲਿ/ /ਲੀ/ /ਲੁ/ /ਲੂ/ /ਲੇ/ /ਲੈ/ /ਲੋ/ /ਲੌ/ /ਲੰ/ /ਲਾਂ/

/ਵ/ /ਵਾ/ /ਵਿ/ /ਵੀ/ /ਵੁ/ /ਵੂ/ /ਵੇ/ /ਵੈ/ /ਵੋ/ /ਵੌ/ /ਵੰ/ /ਵਾਂ/

/ੜ/ /ੜਾ/ /ੜਿ/ /ੜੀ/ /ੜੁ/ /ੜੂ/ /ੜੇ/ /ੜੈ/ /ੜੋ/ /ੜੌ/ /ੜੰ/ /ੜਾਂ/

9.2 ਸੰਥਿਆ ਵਿਧੀ

ਗੁਰਬਾਣੀ ਸੰਥਿਆ ਦਾ ਜੋ ਪਰੰਪਰਕ ਅਲਿਖਤੀ ਵਿਧਾਨ ਰਿਹਾ ਹੈ, ਉਸ ਅਨੁਸਾਰ ਪਹਿਲਾਂ ਸਿਖਿਆਰਥੀ ਨੂੰ ਮੁਹਾਰਨੀ ਵਿਚ ਨਿਪੁੰਨ ਕਰਨਾ ਹੁੰਦਾ ਸੀ। ਫਿਰ ਉਸ ਨੂੰ ਪੰਜ ਗ੍ਰੰਥੀ ਸਾਹਿਬ, ਦਸ ਗ੍ਰੰਥੀ ਸਾਹਿਬ, ਨਿਤਨੇਮ ਆਦਿ ਦੀ ਸੰਥਿਆ ਕਰਵਾਈ ਜਾਂਦੀ ਸੀ। ਨਾਲ ਨਾਲ ਕਈ ਹੋਰ ਸਿਖੀ ਦੇ ਅਤੇ ਪਰੰਪਰਕ ਕਿਸਮ ਦੇ (ਜਿਵੇਂ ਸਾਰਕੁਤਾਵਲੀ ਆਦਿ) ਗ੍ਰੰਥ ਵੀ ਪੜ੍ਹਾਏ ਜਾਂਦੇ ਸਨ। ਇਸ ਤਰ੍ਹਾਂ ਨਾਲ ਹੀ ਸਿਖੀ ਜੀਵਨ-ਸ਼ੈਲੀ ਦੀ ਵਿਹਾਰਕ ਘਾੜਤ ਵੀ ਘੜਨ ਦੀ ਕੋਸ਼ਿਸ਼ ਹੁੰਦੀ

ਸੀ। ਇਹ ਸਭ ਆਪਣੇ ਸਮੇਂ, ਸਥਾਨ ਅਤੇ ਲੋੜ ਮੁਤਾਬਿਕ ਠੀਕ ਸੀ, ਪਰ ਇਸ ਪਧਤੀ ਦੀ ਪਹੁੰਚ ਸਿਰਫ ਉਨ੍ਹਾਂ ਸਿਖਿਆਰਥੀਆਂ ਤਕ ਸੀਮਤ ਸੀ, ਜੋ ਨੇਮਕ (regular) ਧਰਮਸ਼ਾਲਾਵਾਂ , ਡੇਰਿਆਂ ਜਾਂ ਗੁਰਦੁਆਰਿਆਂ ਵਿਚ ਰੋਜਾਨਾ ਜਾ ਸਕਦੇ ਜਾਂ ਲੰਮਾ ਚਿਰ ਰਹਿ ਸਕਦੇ ਸਨ। ਕਿਤੇ-ਕਿਤੇ ਇਸ ਪਧਤੀ ਦਾ ਪਾਲਣ ਹੁਣ ਵੀ ਹੁੰਦਾ ਹੈ, ਪਰ ਇਹ ਪਧਤੀ ਅਥਵਾ ਪਹੁੰਚ ਮਹਤਾਯੋਗ ਹੁੰਦੀ ਹੋਈ ਵੀ ਬਦਲਦੀਆਂ ਪ੍ਰਸਥਿਤੀਆਂ ਅਨੁਸਾਰ ਆਪਣੇ ਆਪ ਨੂੰ ਨਵਿਆ ਨਹੀਂ ਸਕੀ; ਫਲਸਰੂਪ ਇਸ ਦਾ ਲਗਪਗ ਅੰਤ ਹੀ ਹੋ ਗਿਆ ਹੈ। ਅਨੇਕ ਹੋਰ ਕੋਸ਼ਿਸ਼ਾਂ ਦੇ ਨਾਲ, ਹੁਣ ਸੰਥਿਆ ਦੇਣ ਦੇ ਪੁਰਾਤਨ ਢੰਗ ਲੋੜਾਨੁਸਾਰ ਨਵਿਆਉਣ ਦੀ ਲੋੜ ਹੈ। ਸਮਕਾਲ ਲੋੜਾਂ ਦੇ ਸਨਮੁਖ. ਮੁਹਾਰਨੀ ਉਪਰੰਤ, ਨਵਿਆਏ ਗਏ ਇਕ ਢੰਗ (ਛੇ-ਪੜਾਵੀ ਪਧਤੀ) ਦਾ ਵਿਹਾਰਕ ਵੇਰਵਾ, ਜਪੁ ਜੀ ਸਾਹਿਬ ਦੀ ਇਕ ਤੁਕ ਨੂੰ ਅਧਾਰ ਬਣਾ ਕੇ, ਇਥੇ ਪੇਸ਼ ਕੀਤਾ ਗਿਆ ਹੈ, ਵਰਤੇ ਗਏ ਸਿਰਲੇਖ ਤਕਨੀਕੀ ਅਰਥਾਂ ਦੇ ਧਾਰਨੀ ਨਹੀਂ:

ਲੜੀਵਾਰ : ਸੋਚੈਸੋਚਿਨਹੋਵਈਜੇਸੋਚੀਲਖਵਾਰ॥

ਪਦਛੇਦ: ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ॥

੧. ਅਖਰ-ਪਾਠ

ਸ *ੋ *ਚ * ੈ

ਸ *ੋ *ਚ *ਿ

ਨ

ਹ *ੋ *ਵ *ੲ *ੀ

ਜ * ੇ

ਸ *ੋ *ਚ *ੀ

ਲ *ਖ *ਵ *ਾ *ਰ

ਇਸ ਪਾਠ-ਭਾਗ ਦਾ ਉਚਾਰਨ 'ਨਾਮਕਰਨ' ਪਧਤੀ ਤਹਿਤ ਕੀਤਾ ਜਾਣਾ ਹੈ। ਇਸ ਪੜਾਅ ਉਤੇ ਸਿਖਿਆਰਥੀ ਨੇ ਬਾਣੀ ਦੀ ਸੰਬੰਧਿਤ ਤੁਕ ਵਿਚ ਵਰਤੇ ਗਏ ਸਾਰੇ ਅਖਰਾਂ (ਵਰਣਾਂ+ਲਗਾਂ) ਦੇ 'ਨਾਂ' (ਜਿਵੇਂ 'ਸਸਾ') ਧਿਆਨ ਵਿਚ ਲਿਆਉਣੇ ਹਨ, ਉਨ੍ਹਾਂ ਦੀ 'ਧੁਨੀ' (ਜਿਵੇਂ /ਸ/) ਉਤੇ ਧਿਆਨ ਨਹੀਂ ਲਿਆਉਣਾ। ਨਾਲ ਹੀ ਸੰਬੰਧਿਤ ਸ਼ਬਦ-ਰੂਪ (ਪਦ) ਵਿਚ ਵਰਤੇ ਗਏ ਅਖਰਾਂ ਦੀ ਗਿਣਤੀ ਅਤੇ ਤੁਕ ਵਿਚਲੀ ਕੁਲ ਗਿਣਤੀ ਧਿਆਨ ਵਿਚ ਰਖਣੀ ਹੈ।ਇਸ ਪਧਤੀ ਅਨੁਸਾਰ ਉਕਤ ਉਦਾਹਰਨ ਨੂੰ ਅਖਰਾਂ (ਚਿੰਨ੍ਹਾਂ) ਦੇ 'ਨਾਂ' ਅਨੁਸਾਰ ਇਉਂ ਪੜ੍ਹਿਆ ਜਾਵੇਗਾ :

ਸਸਾ *ਹੋੜਾ *ਚਚਾ *ਦੁਲਾਵਾਂ : (ਚਾਰ ਅਖਰ) <ਸ *ੋ*ਚ *ੈ >

ਸਸਾ *ਹੋੜਾ * ਚਚਾ *ਸਿਹਾਰੀ : (ਚਾਰ ਅਖਰ)<ਸ *ੋ *ਚ *ਿ>

ਨੰਨਾ : (ਇਕ ਅਖਰ) <ਨ >

ਹਾਹਾ *ਹੋੜਾ *ਵਵਾ {ਵਾਵਾ} *ਈੜੀ *ਬਿਹਾਰੀ : (ਪੰਜ ਅਖਰ)<ਹ *ੋ *ਵ *ੲ *ੀ >

ਜਜਾ *ਲਾਵਾਂ {ਲਾਂ} : (ਦੋ ਅਖਰ) <ਜ *ੇ >

ਸਸਾ *ਹੋੜਾ *ਚਚਾ *ਬਿਹਾਰੀ : (ਚਾਰ ਅਖਰ) :<ਸ *ੋ *ਚ *ੀ >

ਲਲਾ *ਖਖਾ *ਵਵਾ {ਵਾਵਾ} *ਕੰਨਾ *ਰਾਰਾ : (ਪੰਜ ਅਖਰ) <ਲ *ਖ *ਵ *ਾ *ਰ >

ਕੁਲ 25 ਅਖਰ/ ਚਿੰਨ੍ਹ

ਉਕਤ ਪੜਾਅ ਨੂੰ ਘਟੋ-ਘਟ ਤਿੰਨ ਵਾਰ ਦੁਹਰਾਇਆ ਜਾਵੇ :ਪਹਿਲਾਂ ਅਧਿਆਪਕ ਹਰੇਕ ਸ਼ਬਦ-ਰੂਪ (ਪਦ) ਦੇ ਇਕ-ਇਕ ਅਖਰ ਦਾ ਨਾਂ ਉਚੀ (loud) ਅਵਾਜ਼ ਵਿਚ ਬੋਲੇ, ਫਿਰ ਹਰੇਕ ਅਖਰ ਨੂੰ ਘਟੋ-ਘਟ ਤਿੰਨ ਵਾਰ ਸਿਖਿਆਰਥੀ ਬੋਲਣ; ਸਾਰੇ ਸਿਖਿਆਰਥੀ, ਇਕ/ਦੋ ਵਾਰ, ਵਾਰੀ-ਵਾਰੀ 'ਨਾਂ' ਉਚਾਰਨ। ਕਮਜ਼ੋਰ ਜਾਪਦੇ ਸਿਖਿਆਰਥੀ ਤੋਂ ਸਾਰੇ ਅਖਰ ਜਾਂ ਸੰਬੰਧਿਤ ਪਦ-ਅਖਰ ਦਾ 'ਨਾਂ' ਉਚਾਰਨ ਕਰਵਾਇਆ ਜਾਵੇ। ਇਹ ਅਭਿਆਸ ਕਾਰਵਾਈ ਉਸ ਸਮੇਂ ਤਕ ਜਾਰੀ ਰਹਿਣੀ ਚਾਹੀਦੀ ਹੈ ਜਦ ਤਕ ਸਾਰੇ ਕਲਾਸ-ਸਿਖਿਆਰਥੀ ਪੂਰੀ ਤਰ੍ਹਾਂ ਸਪਸ਼ਟ (clear) ਰੂਪ ਵਿਚ ਗੁਰਮੁਖੀ ਦੇ ਵਰਤੇ 'ਨਾਂ' ਬੋਲਣ/ਉਚਾਰਨ ਯੋਗ ਨਹੀਂ ਹੋ ਜਾਂਦੇ। ਇਸ ਪੜਾਅ ਦੇ ਸੰਪੂਰਨ ਹੋਣ ਉਤੇ ਹੀ ਅਗਲਾ ਪੜਾਅ ਅਰੰਭਿਆ ਜਾਣਾ ਚਾਹੀਦਾ ਹੈ। ਅਧਿਆਪਕ ਖੇਤਰੀ-ਉਚਾਰਨ ਭੇਦਾਂ/ਨਾਵਾਂ ਜਿਵੇਂ<ੇ >ਚਿੰਨ੍ਹ ਦਾ ਨਾਂ 'ਲਾਂ ਜਾਂ ਲਾਵਾਂ' ; <ੈ >ਚਿੰਨ੍ਹ ਦਾ ਨਾਂ 'ਦੁਲਾਂ ਜਾਂ ਦੁਲਾਵਾਂ'; <ਵ >ਅਖਰ ਦਾ ਨਾਂ 'ਵਾਵਾ ਜਾਂ ਵਵਾ'; <ੲ >ਅਖਰ ਦਾ ਨਾਂ 'ਈੜੀ ਜਾਂ ਈਵੜੀ' ਆਦਿ ਨੂੰ ਸਪਸ਼ਟ ਕਰਦਾ ਰਹੇ। ਇਸੇ ਤਰ੍ਹਾਂ ਅਧਕ ਚਿੰਨ੍ਹ <ੱ >ਦੀ ਵਰਤੋਂ ਬਾਰੇ ਵੀ ਸਪਸ਼ਟ ਕਰੇ ਕਿ ਇਥੇ ਵਰਤੇ ਗਏ ਨਾਂ ਗੁਰਬਾਣੀ ਮੂਲ ਵਿਚੋਂ ਹਨ, ਭਾਵ ਉਨ੍ਹਾਂ ਉਤੇ ਅਧਕ ਚਿੰਨ੍ਹ <ੱ > ਦੀ ਵਰਤੋਂ ਨਹੀਂ ਕੀਤੀ ਗਈ, ਉਦਾਹਰਨ ਵਜੋਂ ਇਥੇ 'ਸਸਾ/ਸੱਸਾ' ਆਦਿ ਵਿਚੋਂ 'ਸਸਾ' ਅਪਣਾਇਆ ਗਿਆ ਹੈ। ਇਥੇ ਅਪਣਾਏ ਗਏ ਨਾਂ ਨੂੰ ਪਕਾ ਕਰਵਾਇਆ ਜਾਵੇ। ਇਹ ਪਧਤੀ ਜੇ ਲੋੜ ਹੋਵੇ ਤਾਂ ਹਰੇਕ ਤੁਕ ਦੇ ਪ੍ਰਸੰਗ ਵਿਚ ਲਾਗੂ ਹੋ ਸਕਦੀ ਹੈ।

੨. ਧੁਨੀ-ਪਾਠ

ਅਖਰ-ਪਾਠ ਪੜਾਅ ਵਿਚ ਸਾਰੇ ਸੰਬੰਧਿਤ ਅਖਰਾਂ ਦੇ ਨਾਂ ਅਤੇ ਗਿਣਤੀ ਜਿਹਨ ਵਿਚ ਬਿਠਾਉਣ ਉਪਰੰਤ ਸੰਥਿਆਕਾਰ ਅਤੇ ਸਿਖਿਆਰਥੀਆਂ ਨੇ ਅਖਰ ਦੀ 'ਧੁਨੀ' ਉਤੇ ਕੇਂਦਰਤ ਹੋਣਾ ਹੈ, ਪਿਛੇ ਦਿਤੀ ਉਦਾਹਰਨ ਦੇ ਹਵਾਲੇ ਨਾਲ :

ਸੋ.ਚੈ	(ਦੋ ਧੁਨੀਆਂ)	/ਸੋ.ਚੈ/	
ਸੋ.ਚਿ	(ਦੋ ਧੁਨੀਆਂ)	/ਸੋ.ਚਿ/	
ਨ	(ਇਕ ਧੁਨੀ)	/ਨ/	
ਹੋ.ਵ.ਈ	(ਤਿੰਨ ਧੁਨੀਆਂ)	/ਹੋ.ਵ.ਈ/	
ਜੇ	(ਇਕ ਧੁਨੀ)	/ਜੇ/	
ਸੋ.ਚੀ	(ਦੋ ਧੁਨੀਆਂ)	/ਸੋ.ਚੀ/	
ਲ.ਖ.ਵਾ.ਰ	(ਚਾਰ ਧੁਨੀਆਂ)	/ਲ.ਖ.ਵਾ.ਰ/	ਕੁਲ ਧੁਨੀਆਂ-15/ਪੰਦਰਾਂ

ਇਥੇ ਕੇਵਲ ਧੁਨੀ /ਸੋ/, /ਚੈ/, /ਸੋ/, /ਚਿ/, /ਨ/, /ਹੋ/, /ਵ/, /ਈ/, /ਜੇ/, /ਸੋ/, /ਚੀ/, /ਲ/, /ਖ/, /ਵਾ/, /ਰ/ ਉਚਾਰਨੀ ਹੈ। ਸੂਤਰ ਰੂਪ ਵਿਚ : /ਸੋ.ਚੈ.ਸੋ.ਚਿ.ਨ.ਹੋ.ਵ.ਈ.ਜੇ.ਸੋ.ਚੀ.ਲ.ਖ.ਵਾ.ਰ/।

ਇਸ 'ਧੁਨੀ ਪਧਤੀ' ਦਾ ਅਭਿਆਸ ਵੀ ਘਟੋ-ਘਟ ਤਿੰਨ ਵਾਰ ਜਰੂਰ ਕਰਵਾਇਆ ਜਾਵੇ। ਪਹਿਲੇ ਪੜਾਅ ਵਿਚ ਅਧਿਆਪਕ ਹਰੇਕ ਧੁਨੀ ਦਾ ਉਚਾਰਨ ਕਰੇ; ਪਿਛੇ ਸਿਖਿਆਰਥੀ। ਦੂਜੇ ਪੜਾਅ ਵਿਚ ਕੇਵਲ ਸਿਖਿਆਰਥੀ ਖੁਦ ਉਚਾਰਨ ਕਰਨ। ਇਹ ਅਭਿਆਸ ਤਦ ਤਕ ਚਲਦਾ ਰਹੇ ਜਦ ਤਕ ਹਰੇਕ ਸਿਖਿਆਰਥੀ ਪੂਰੀ ਸਪਸ਼ਟਤਾ ਸਹਿਤ ਹਰੇਕ ਧੁਨੀ ਦਾ ਉਚਾਰਨ ਨਾ ਕਰ ਲਵੇ। ਅਧਿਆਪਕ/ਸੰਥਿਆਕਾਰ ਨੋਟ ਕਰੇ ਕਿ ਇਸ ਧੁਨੀ-ਪਾਠ ਵਿਚ ਜਿੰਨੀਆਂ ਧੁਨੀਆਂ ਹਨ, ਓਨੀਆਂ ਹੀ ਉਚਰਿਤ ਹੋਣੀਆਂ ਚਾਹੀਦੀਆਂ ਹਨ। ਉਕਤ ਉਦਾਹਰਨ ਵਿਚ ਸਿਧੇ ਤੌਰ 'ਤੇ 15/ਪੰਦਰਾਂ ਧੁਨੀਆਂ- /ਸੋ...ਰ/ ਹਨ ਅਤੇ ਅਸਿਧੇ/ਚਿੰਨ੍ਹ ਰੂਪ (ਅਖਰ-ਪਾਠ) ਵਿਚ 25 ਹਨ, ਪਰ ਸ੍ਵਰ ਤੇ ਵਿਅੰਜਨ ਸਮਿਲਤ ਹਨ, ਇਸ ਲਈ ਪੰਦਰਾਂ ਧੁਨੀਆਂ ਬਣਦੀਆਂ ਹਨ। ਧਿਆਨ ਰਖਿਆ ਜਾਵੇ ਕਿ ਸਿਖਿਆਰਥੀ 15 ਧੁਨੀਆਂ ਹੀ ਉਚਾਰੇ; ਕਿਸੇ ਹਾਲਤ ਵਿਚ ਵੀ 14 (ਜਾਂ ਘਟ), 16 (ਜਾਂ ਵਧ) ਨ ਹੋਣ। ਇਹ ਪਾਠ-ਪਧਤੀ ਹਰੇਕ ਸ਼ਬਦ/ਤੁਕ ਦੇ ਪ੍ਰਸੰਗ ਵਿਚ ਲਾਗੂ ਕੀਤੀ ਜਾ ਸਕਦੀ ਹੈ।

੩. ਪਦ-ਪਾਠ

ਇਥੇ ਵੀ ਪਦ-ਕ੍ਰਮ ਉਪਰੋਥਲੀ ਗਗਨਮੁਖ ਹੀ ਹੈ, ਜਿਵੇਂ ਚਲ ਰਹੀ ਉਦਾਹਰਨ ਦੇ ਪ੍ਰਸੰਗ ਵਿਚ:

ਸੋਚੈ /ਸੋਚੈ/ ('ਚਾਰ' ਚਿੰਨ੍ਹਾਂ/ਅਖਰਾਂ ਤੇ 'ਦੋ' ਧੁਨੀਆਂ ਦਾ ਜੋੜ, 'ਇਕ' ਪਦ/ਸ਼ਬਦ-ਰੂਪ)

ਸੋਚਿ /ਸੋਚਿ/ ('ਚਾਰ' ਅਖਰਾਂ ਤੇ 'ਦੋ' ਧੁਨੀਆਂ ਦਾ ਜੋੜ, 'ਇਕ' ਪਦ/ਸ਼ਬਦ-ਰੂਪ)

ਨ /ਨ/ ('ਇਕ' ਅਖਰ ਤੇ 'ਇਕ' ਧੁਨੀ, 'ਇਕ' ਪਦ/ਸ਼ਬਦ-ਰੂਪ)

ਹੋਵਈ /ਹੋਵਈ/ ('ਪੰਜ' ਅਖਰ ਤੇ 'ਤਿੰਨ' ਧੁਨੀਆਂ ਦਾ ਜੋੜ, 'ਇਕ' ਪਦ/ਸ਼ਬਦ-ਰੂਪ)

ਜੇ /ਜੇ/ ('ਦੋ' ਅਖਰ ਤੇ 'ਇਕ' ਧੁਨੀ ਦਾ ਜੋੜ, 'ਇਕ' ਪਦ/ਸ਼ਬਦ-ਰੂਪ)

ਸੋਚੀ /ਸੋਚੀ/ ('ਚਾਰ' ਅਖਰ ਤੇ 'ਦੋ' ਧੁਨੀਆਂ ਦਾ ਜੋੜ, 'ਇਕ' ਪਦ/ਸ਼ਬਦ-ਰੂਪ)

ਲਖਵਾਰ /ਲਖਵਾਰ/ ('ਪੰਜ ਅਖਰ ਤੇ 'ਚਾਰ' ਧੁਨੀਆਂ ਦਾ ਜੋੜ, 'ਇਕ' ਪਦ/ਸ਼ਬਦ-ਰੂਪ)

ਕੁਲ ਪਦ/ਸ਼ਬਦ-ਰੂਪ 07

ਇਥੇ ਧਿਆਨ ਅਤੇ ਉਚਾਰਨ, ਸੁਤੰਤਰ ਪਦਾਂ (ਧੁਨੀਆਂ ਦੇ ਜੋੜ, ਸ਼ਬਦ-ਰੂਪਾਂ) ਉਤੇ ਹੈ। ਤੁਕ ਵਿਚੋਂ ਹਰੇਕ ਪਦ ਨੂੰ ਸੁਤੰਤਰ ਤਸਵਰ ਕੀਤਾ ਗਿਆ ਹੈ। ਪਹਿਲਾਂ ਦੀ ਤਰ੍ਹਾਂ ਸਿਖਿਆਰਥੀਆਂ ਨੂੰ ਇਥੇ ਵੀ ਹਰੇਕ ਪਦ ਦਾ ਉਚਾਰਨ ਘਟੋ-ਘਟ ਤਿੰਨ ਵਾਰ ਦੁਹਰਾਉਣਾ ਚਾਹੀਦਾ ਹੈ।

Â. ਵਾਕੰਸ਼ੀ-ਪਾਠ

ਇਥੇ ਪੇਸ਼ ਕੀਤਾ ਪਾਠ ਧਰਤਿ-ਗਗਨਮੁਖ <↔ ↕ >) ਹੈ, ਪਹਿਲਾਂ ਵਾਂਗ 'ਵਾਕੰਸ਼' ਇਥੇ ਭਾਸ਼ਾ ਵਿਗਿਆਨ ਦੀ ਤਕਨੀਕੀ ਸ਼ਬਦਾਵਲੀ ਦਾ ਧਾਰਨੀ ਨਹੀਂ:

ਸੋਚੈ ਸੋਚਿ /ਸੋਚੈ ਸੋਚਿ/ (ਦੋ ਪਦ, ਇਕ ਇਕਾਈ/unit)

ਨ ਹੋਵਈ /ਨ ਹੋਵਈ/ (ਦੋ ਪਦ, ਇਕ ਇਕਾਈ/unit)

ਜੇ ਸੋਚੀ /ਜੇ ਸੋਚੀ/ (ਦੋ ਪਦ, ਇਕ ਇਕਾਈ/unit)

ਲਖਵਾਰ /ਲਖਵਾਰ/ (ਇਕ ਪਦ, ਇਕ ਇਕਾਈ/unit)

ਧਿਆਨਯੋਗ ਹੈ ਕਿ ਇਥੇ ਸਾਹ ਦੀ ਗਤੀ ਅਤੇ ਮਨੋਧਿਆਨ ਵਾਕੰਸ਼ੀ, ਭਾਵ ਧਰਤਿਮੁਖ <↔>ਪਦਾਂ ਦੇ ਇਕਾਈ ਰੂਪਾਂ ਉਤੇ ਰਖਣਾ ਹੈ। ਉਚਾਰਨ ਅਭਿਆਸ ਵੇਲੇ ਵਾਕੰਸ਼ੀ ਪਦਾਂ ਨੂੰ ਇਕਾਈ (unit) ਬਣਾ ਕੇ, ਘਟੋ-ਘਟ ਤਿੰਨ ਵਾਰ ਜਰੂਰ ਉਚਾਰਨ ਕਰਨਾ ਹੈ।

੫. ਉਪਵਾਕੀ ਪਾਠ:

ਇਹ ਵਾਕੰਸ਼ ਤੋਂ ਅਗਲੀ; ਵਡੀ ਅਤੇ ਵਾਕ/ਤੁਕ ਤੋਂ ਛੋਟੀ ਇਕਾਈ ਹੈ। ਇਸ ਪਧਤੀ ਦਾ ਪੇਸ਼ ਕੀਤਾ ਪਾਠ ਵੀ ਧਰਤਿ-ਗਗਨਮੁਖ <↔ ↕ >ਹੈ:

ਸੋਚੈ ਸੋਚਿ ਨ ਹੋਵਈ /ਸੋਚੈ ਸੋਚਿ ਨ ਹੋਵਈ/ (ਇਕ ਇਕਾਈ/unit)

ਜੇ ਸੋਚੀ ਲਖਵਾਰ /ਜੇ ਸੋਚੀ ਲਖਵਾਰ/ (,,)

ਸੰਥਿਆਕਾਰ ਧਿਆਨ ਦੇਵੇ ਕਿ ਸਿਖਿਆਰਥੀ 'ਇਕ ਇਕਾਈ ਪਾਠ' ਨੂੰ ਇਕੋ ਸਾਹ ਤੇ ਗਤੀ (ਲੈਅ) ਵਿਚ ਪੜ੍ਹਨ ਜਾਂ ਉਚਾਰਨ। ਇਥੇ ਵੀ ਉਚਾਰਨ ਅਭਿਆਸ-ਸੰਖਿਆ, ਘਟੋ-ਘਟ ਤਿੰਨ ਵਾਰ ਜਰੂਰ ਰਹੇ।

੬. ਤੁਕ-ਪਾਠ

ਇਥੇ ਸੰਥਿਆ-ਪਾਠ ਦੀ ਵਡੀ ਤੋਂ ਵਡੀ ਉਚਾਰਨ ਇਕਾਈ 'ਤੁਕ' ਨੂੰ ਪ੍ਰਵਾਨ ਕੀਤਾ ਗਿਆ ਹੈ। ਤੁਕ ਦੀ ਇਥੇ ਪਰਿਭਾਸ਼ਾ: ਗੁਰਬਾਣੀ ਸਰੂਪ ਵਿਚ ਡੰਡੀਆਂ (ਪੂਰਨ ਵਿਰਾਮ, ਜਿਸ ਦਾ ਚਿੰਨ੍ਹ ।।ਹੈ) ਦੇ ਵਿਚਕਾਰਲਾ ਪਾਠ ਹੈ। ਇਸ ਪੜਾਅ ਉਤੇ ਪਹੁੰਚ ਕੇ ਪਾਠ ਦੀ ਦਿਸ਼ਾ ਕੇਵਲ ਧਰਤਿਮੁਖ <↔> ਹੈ ਤੇ ਇਹ ਇਕੋ ਸਾਹ ਗਤੀ ਤੇ ਲੈਅ ਵਿਚ ਉਚਾਰਨ ਕਰਨ ਦੀ ਪਧਤੀ ਹੈ :

ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ॥

/ਸੋਚੈ ਸੋਚਿ ਨ ਹੋਵਈ ਜੇ ਸੋਚੀ ਲਖਵਾਰ/ (ਪੂਰੀ ਤੁਕ, ਇਕ ਇਕਾਈ ਪਾਠ)

ਉਚਾਰਨ ਅਭਿਆਸ ਤਿੰਨ ਜਾਂ ਇਸ ਤੋਂ ਵਧ ਵਾਰ ਕੀਤਾ ਜਾਣਾ ਵਧੇਰੇ ਲਾਭਦਾਇਕ ਹੈ। ਇਹ ਸੰਥਿਆ ਸਿਖਿਆ (training) ਦਾ ਆਖਰੀ ਕਦਮ/ ਸਬਕ (lesson) ਹੈ।

੭. ਮੂਲ-ਪਾਠ

ਸੰਥਿਆ-ਸਿਖਿਆ (training) ਦੇ ਇਸ ਆਖਰੀ ਚਰਨ ਵਿਚ ਕੇਵਲ ਮੂਲ-ਪਾਠ (ਲੜੀਵਾਰ ਇਕ ਤੁਕ) ਦਾ ਪਾਠ ਉਚਾਰਨ ਹੈ; ਦੂਜੇ ਸ਼ਬਦਾਂ ਵਿਚ, ਇਹ ਪੜਾਅ ਪਹਿਲਾਂ ਅਭਿਆਸ-ਅਧੀਨ ਕੀਤੀਆਂ 06/ਛੇ ਪਧਤੀਆਂ ਦਾ ਨਿਸ਼ਾਨਾ ਜਾਂ ਮੰਜ਼ਲ ਹੈ । ਸਿਖਿਆਰਥੀ ਜੇਕਰ ਪਿਛਲੇਰੀਆਂ 06 ਪਧਤੀਆਂ ਦਾ ਚੰਗੀ ਤਰ੍ਹਾਂ ਅਭਿਆਸ ਕਰ ਆਇਆ ਹੈ ਤਾਂ ਉਸ ਨੂੰ ਇਸ ਮੂਲ-ਪਾਠ (ਲੜੀਵਾਰ ਰੂਪ) ਨੂੰ ਉਚਾਰਨ ਵਿਚ ਕੋਈ ਮੁਸ਼ਕਿਲ ਨਹੀਂ ਆਵੇਗੀ। ਇਥੇ ਇਕ ਤੁਕ ਨੂੰ ਇਕਾਈ ਬਣਾ ਕੇ ਇਕੋ ਸਾਹ ਤੇ ਗਤੀ ਵਿਚ ਉਚਾਰਨਾ ਹੈ :

ਸੋਚੈਸੋਚਿਨਹੋਵਈਜੇਸੋਚੀਲਖਵਾਰ॥

/ਸੋਚੈਸੋਚਿਨਹੋਵਈਜੇਸੋਚੀਲਖਵਾਰ/ (ਇਕ ਇਕਾਈ, 15 ਧੁਨਾਂ, ਸਮਤਲ ਲੈਅ ਅਤੇ ਗਤੀ)

ਧਿਆਨਯੋਗ ਪਹਿਲੂ

(੧)ਸੰਥਿਆ-ਸਿਖਲਾਈ (santhia training), ਚਾਹੇ ਯੋਗ ਸੰਥਿਆਕਾਰ/ਅਧਿਆਪਕ ਦੀ ਮਦਦ/ਅਗਵਾਈ ਵਿਚ ਕੀਤੀ ਜਾਂਦੀ ਹੈ; ਚਾਹੇ ਖੁਦ ਨਿਜੀ/ਸ੍ਵੈ ਅਭਿਆਸ ਰਾਹੀਂ, ਪਰ ਜੇਕਰ ਉਕਤ ਦਰਸਾਏ ਗਏ ਨਿਯਮਾਂ ਤੇ ਕ੍ਰਮਾਨੁਸਾਰ ਕੀਤੀ ਜਾਵੇ, ਤਾਂ ਵਧੇਰੇ ਲਾਭਦਾਇਕ ਹੋਵੇਗੀ। ਇਹ ਵਿਧੀ ਵਿਦੇਸ਼ੀ/ ਗੈਰ- ਪੰਜਾਬੀ ਨੂੰ ਪਾਠ ਸਿਖਾਉਣ ਵਿਚ ਬਹੁਤ ਜਿਆਦਾ ਮਦਦਗਾਰ ਹੈ।

(À) ਉਕਤ ਵਿਧੀ ਨੂੰ ਲੋੜ ਅਨੁਸਾਰ ਹਰੇਕ ਥਾਂ ਵੀ ਦੁਹਰਾਇਆ ਜਾ ਸਕਦਾ ਹੈ ਅਤੇ ਲੋੜੀਂਦੀ ਥਾਂ ਵੀ; ਪਰ ਸ਼ੁਰੂ, ਖਾਸਕਰ ਜਪੁ ਬਾਣੀ ਸੰਥਿਆ ਵੇਲੇ ਜਰੂਰ ਦਰਸਾਇਆ ਜਾਵੇ ਜਾਂ ਔਖੀ ਬਾਣੀ ਸਮੇਂ, ਜਿਵੇਂ 'ਸਹਸਕ੍ਰਿਤੀ; ਗਾਥਾ" ਆਦਿ।

(੩)ਹਰੇਕ ਪੜਾਅ ਵਿਚ ਸੰਭਵ ਯੋਗਤਾ ਹਾਸਿਲ ਕਰਨ ਉਪਰੰਤ ਹੀ ਅਗਲਾ ਕਦਮ ਚੁਕਣਾ/ਅਗਲੇ ਪੜਾਅ ਵਿਚ ਪਹੁੰਚਣਾ, ਵਧੇਰੇ ਸਾਰਥਕ ਹੋਵੇਗਾ।

(੪)ਸਿਖਿਆਰਥੀ ਦੀ (ਸ਼ੁਧ) ਉਚਾਰਨ ਯੋਗਤਾ ਦਾ ਅੰਤਿਮ ਅਧਾਰ ਲਭਣਾ ਤਾਂ ਭਾਵੇ ਕਠਿਨ ਹੈ, ਪਰ ਭਾਸ਼ਾ ਵਿਗਿਆਨਕ (ਧੁਨੀ-ਵਿਉਂਤ ਵਿਗਿਆਨਕ/phonological) ਅਤੇ ਧਰਮ ਸ਼ਾਸਤਰੀ (theological) ਪਹੁੰਚ-ਵਿਧੀਆਂ ਅਨੁਸਾਰ "ਮੂਲ ਪਾਠ ਵਿਚ ਦਿਤੀਆਂ ਸਾਰੀਆਂ ਧੁਨਾਂ ਦਾ ਬਿਨਾ ਵਾਧ-ਘਾਟ ਉਚਾਰਨ ਕਰਨਾ" ਹੀ ਸਹੀ ਪਾਠ ਉਚਾਰਨ ਕਰਨਾ ਹੈ। ਜੇਕਰ ਇਸ ਵਿਚ ਸਹਿਜਤਾ, ਸ਼ਪਸਟਤਾ, ਲੈਅ-ਸੁਰ ਤੇ ਗਤੀ ਦਾ ਸਮਤਲ ਵੀ ਸ਼ਾਮਿਲ ਹੋ ਜਾਵੇ ਤਾਂ ਇਹ 'ਸੋਨੇ ਤੇ ਸੁਹਾਗੇ' ਵਾਲੀ ਗੱਲ ਹੈ। ਫਿਲਹਾਲ ਇਸ ਨੂੰ ਗੁਰਮੁਖੀ ਧੁਨੀਆਂ ਦੇ ਮੂਲ ਉਚਾਰਨ ਤਕ ਹੀ ਵਧੇਰੇ ਰਖਿਆ ਗਿਆ ਹੈ। ਸੁਰ, ਰਸ, ਲੈਅ, ਗਤੀ ਅਦਿਕ ਉਚਾਰਨ ਮਾਮਲੇ ਵਧੇਰੇ ਕਾਵਿ ਤੇ ਸੰਗੀਤ ਸ਼ਾਸਤਰ ਦੇ ਘੇਰੇ ਵਿਚ ਆਉਂਦੇ ਹਨ; ਦੂਜਾ ਇਹ ਹਰੇਕ ਦੇ ਵਸ ਵਿਚ ਵੀ ਨਹੀਂ ਹੁੰਦੇ; ਤੀਜਾ ਇਨ੍ਹਾਂ ਤਕ ਪਹੁੰਚਣ ਲਈ ਲੰਮੇ ਤਜਰਬੇ, ਅਭਿਆਸ ਤੇ ਸਮੇਂ ਦੀ ਲੋੜ ਹੈ। ਹਥਲੀ ਸੀਮਾ ਤਾਂ ਗੁਰਬਾਣੀ ਦੇ ਪਾਠ ਵਿਚ ਪ੍ਰਾਪਤ ਧੁਨਾਂ ਦੀ ਸੁਰਖਿਆ ਤਕ ਹੀ ਸੀਮਿਤ ਹੈ, ਪਰ ਜੇਕਰ ਕੋਈ ਸੰਥਿਆਕਾਰ/ਅਧਿਆਪਕ ਜਾਂ ਸਿਖਿਆਰਥੀ ਪਾਠ ਦੀ ਲੈਅ, ਸੁਰ ਵਿਚ ਰਸ ਤੇ ਇਕਸੁਰ ਗਤੀ ਰਖ ਸਕਦਾ ਹੈ ਤਾਂ ਇਹ ਵਧੇਰੇ ਉਤਮ ਪ੍ਰਾਪਤੀ ਹੈ। ਧਿਆਨ ਇਸ ਤਥ ਦਾ ਰਖਣਾ ਹੈ ਕਿ ਲੈਅ, ਸੁਰ/ਗਤੀ ਆਦਿ ਦੀ ਕੋਸ਼ਿਸ਼ ਵਿਚ ਕਿਤੇ ਮੂਲ-ਪਾਠ ਦੀਆਂ ਧੁਨਾਂ ਗਵਾਚ ਨਾ ਜਾਣ ਜਾਂ ਆਪਣੇ ਕੋਲੋਂ ਸ਼ਾਮਿਲ ਨਾ ਹੋ ਜਾਣ।

(੫)ਪਾਠ ਉਚਾਰ-ਸਿਖਿਆ ਦਾ ਇਹ ਕ੍ਰਮ ਇਕ ਤੁਕ ਤਕ ਆ ਕੇ ਸਮਾਪਤ ਕੀਤਾ ਗਿਆ ਹੈ, ਪਰ ਜੇਕਰ ਕੋਈ ਵਧੇਰੇ ਉਤਸ਼ਾਹੀ/ਅਭਿਆਸੀ ਸਿਖਿਆਰਥੀ ਪੂਰੇ ਬੰਦ ਨੂੰ ਵੀ ਇਕੋ ਸਾਹ ਅਤੇ ਗਤੀ ਵਿਚ ਇਕਾਈ ਬਣਾ ਸਕਦਾ ਹੈ ਤਾਂ ਮਨ੍ਹਾ ਨਹੀਂ ਹੈ, ਪਰ ਨਵੇਂ ਸਿਖਿਆਰਥੀ ਨੂੰ 'ਤੁਕ' ਤਕ ਹੀ ਸੀਮਿਤ ਰਹਿਣਾ ਚਾਹੀਦਾ ਹੈ।

(੬) ਵਿਹਾਰਕ ਰੂਪ ਵਿਚ ਚੰਗੇ ਅਭਿਆਸ ਉਪਰੰਤ ਪਾਠ ਨੂੰ ਜੁਬਾਨੀ ਲਿਖਣਾ ਚਾਹੀਦਾ ਹੈ ਤੇ ਫਿਰ ਲਿਖਤੀ ਪਾਠ ਨਾਲ ਮਿਲਾਣ ਕਰਨਾ ਚਾਹੀਦਾ ਹੈ। ਜਦੋਂ ਲਿਖਤ ਅਤੇ ਉਚਾਰ ਦਾ ਭੇਦ ਸੌ ਫੀਸਦੀ ਮਿਟ ਜਾਵੇ ਤਾਂ ਸਮਝਿਆ ਜਾ ਸਕਦਾ ਹੈ ਕਿ ਪਾਠ ਮੂਲ ਧੁਨੀਆਂ ਅਨੁਸਾਰ ਹੀ 'ਸ਼ੁਧ' ਹੋਇਆ ਹੈ।

(੭) ਇਸ ਕੁਦਰਤੀ ਨੇਮ ਦਾ ਖਾਸ ਖਿਆਲ ਰਖਿਆ ਜਾਵੇ ਕਿ ਪਾਠ ਕਰਦਿਆਂ ਖੇਤਰੀ ਤਾਨ (accent) ਨੂੰ ਇਕਸਾਰ ਜਾਂ 'ਸ਼ੁਧ' ਨਹੀਂ ਕੀਤਾ ਜਾ ਸਕਦਾ, ਸਿਖਿਆਰਥੀ ਦੇ ਉਚਾਰ ਵਿਚ ਤਾਨ ਦੇ ਖੇਤਰੀ ਪ੍ਰਭਾਵ ਦਾ ਰਹਿਣਾ ਕੁਦਰਤੀ ਹੈ, ਸੋ ਅਧਿਆਪਕ/ ਸੰਥਿਆਕਾਰ ਸਿਖਿਆਰਥੀ ਦੇ ਤਾਨ (accent, ਖੇਤਰੀ ਪ੍ਰਭਾਵ) ਵਲ ਧਿਆਨ ਨਾ ਦੇਵੇ, ਬਲਕਿ ਪਾਠ/ਤੁਕ ਵਿਚਲੀਆਂ ਮੂਲ ਲਿਖਤੀ ਧੁਨੀਆਂ ਉਤੇ ਹੀ ਕੇਂਦਰਤ ਰਹੇ।

(੮) ਸੰਥਿਆ ਦੇਣ ਵਾਲੇ ਸਜਣ (ਸੰਥਿਆਕਾਰ ਵੀਰ/ਭੈਣ) ਸਿਖਿਆਰਥੀਆਂ ਤਕ ਜਾਣ ਤੋਂ ਪਹਿਲਾਂ ਆਪ ਜਰੂਰ ਚੰਗੀ ਤਰ੍ਹਾਂ ਅਧਿਐਨ/ਅਭਿਆਸ ਵੀ ਕਰਨ। ਇਕ ਅਧਿਆਪਕ ਚਾਹੇ ਕਿੰਨਾ ਵੀ ਤਜਰਬੇਕਾਰ ਹੋਵੇ, ਉਸ ਨੂੰ ਕਲਾਸ ਵਿਚ ਜਾਣ ਤੋਂ ਪਹਿਲਾਂ ਦਿਤੇ/ਵਿਚਾਰੇ ਜਾਣ ਵਾਲੇ ਸਬਕ (lesson) ਦਾ ਅਭਿਆਸ ਜਰੂਰ ਹੀ ਕਰਨਾ ਚਾਹੀਦਾ ਹੈ।

ਸਾਰ

ਉਪਰੋਕਤ ਵੇਰਵੇ ਉਪਰੰਤ ਕਿਹਾ ਜਾ ਸਕਦਾ ਹੈ ਕਿ ਗੁਰਬਾਣੀ ਸੰਥਿਆ ਸਾਡੀ ਸ਼ਾਨਦਾਰ ਪਰੰਪਰਾ ਹੈ। ਇਸ ਨੂੰ ਮੁੜ 'ਪਹਿਲ ਤਾਜਗੀ' ਵਿਚ ਲਿਆਉਣ ਲਈ ਕਈ ਪਧਰਾਂ ਦੇ ਉਪਰਿਲਆਂ ਦੀ ਲੋੜ ਹੈ, ਵਿਸ਼ੇਸ ਕਰਕੇ ਉਚਾਰਨ ਨੂੰ ਗੁਰੂ-ਕਾਲ ਵਾਲਾ ਕਰਨ ਦੀ ਲੋੜ ਹੈ। ਇਸ (ਉਚਾਰਨ) ਦਾ ਅਧਿਐਨ ਇਕ ਤੋਂ ਵਧੇਰੇ ਦ੍ਰਿਸ਼ਟੀਆਂ/ਪਹੁੰਚ-ਵਿਧੀਆਂ : ਇਤਿਹਾਸਕ, ਧਾਰਮਿਕ, ਧੁਨੀ-ਵਿਗਿਆਨਕ, ਮਨੋ-ਵਿਗਿਆਨਕ, ਕਾਵਿਕ, ਸੰਗੀਤਕ, ਲੋਕਧਾਰਾਈ ਆਦਿ ਪਖਾਂ ਤੋਂ ਹੋਣਾ ਚਾਹੀਦਾ ਹੈ। ਸਾਰੀਆਂ ਦ੍ਰਿਸ਼ਟੀਆਂ/ਪਹੁੰਚਾਂ ਇਸ ਤਥ ਨਾਲ ਸਹਿਮਤ ਹਨ ਕਿ ਗੁਰਬਾਣੀ ਦਾ ਅਧਿਐਨ ਇਸ ਦੇ ਮੂਲ ਪਾਠ ਅਨੁਸਾਰ/ਅਧਾਰਿਤ ਹੋਣਾ ਜਰੂਰੀ ਹੈ; ਇਸੇ ਤਰ੍ਹਾਂ 'ਉਚਾਰਨ' ਵੀ ਮੂਲ ਲਿਖੇ ਅਨੁਸਾਰ ਹੀ ਹੋਵੇਗਾ। ਗੁਰਬਾਣੀ ਭਾਸ਼ਾ ਜਿਥੇ ਹੁਣ ਤੋਂ ਪੰਜ-ਛੇ ਸਦੀਆਂ ਪੁਰਾਣੀ ਹੈ; ਉਥੇ ਇਸ ਦਾ ਅੰਤਰਾਲ-ਸਮਾਂ ਵੀਂ ਪੰਜ-ਕ ਸਦੀਆਂ (ਬਾਬਾ ਫਰੀਦ ਜੀ 1173- ਤੋਂ ਗੁਰੂ ਤੇਗ ਬਹਾਦਰ ਸਾਹਿਬ, 1675 ਤਕ) ਬਣਦਾ ਹੈ। ਗੁਰਬਾਣੀ ਭਾਸ਼ਾ ਦੀ ਸ਼ਬਦਾਵਲੀ ਦਾ ਸਰੂਪ ਤਦਭਵੀ ਹੈ, ਤਤਸਮੀ ਨਹੀਂ। ਗੁਰਬਾਣੀ ਵਿਚ 15-ਕ ਲੋਕ ਅਤੇ ਸਾਹਿਤਕ ਭਾਸ਼ਾਵਾਂ ਦੀ ਸ਼ਬਦਾਵਲੀ ਦੇ ਕਰੀਬਨ ਅਠ ਸਦੀਆਂ ਦੇ ਨਮੂਨੇ ਹਮੇਸ਼ਾ ਲਈ ਪ੍ਰਮਾਣਿਕ ਤੌਰ ਉਤੇ ਸੁਰਖਿਅਤ ਹਨ। ਵਿਵਿਧ ਭਾਸ਼ਾਈ ਨਮੂਨਿਆਂ ਦਾ ਕਾਰਨ: ਬਾਣੀਕਾਰਾਂ ਦੀ ਭੂਗੋਲਕ, ਕਾਲਕ, ਸੰਬੋਧਨੀ ਤੇ ਸਭਿਆਚਾਰਕ ਪ੍ਰਸਥਿਤੀ ਹੈ। ਗੁਰਬਾਣੀ ਵਿਚ ਸ਼ਾਮਿਲ ਹੋਇਆ ਹਰੇਕ ਸ਼ਬਦ, ਗੁਰਬਾਣੀ ਦੀ ਮੌਲਿਕ ਸੰਪਤੀ ਹੈ। ਪ੍ਰੋ. ਪੂਰਨ ਸਿੰਘ ਦੇ ਸ਼ਬਦਾਂ ਵਿਚ "ਉਸ [ਸਬਦੁ] ਨੇ ਗੁਰੂ ਬਾਬੇ ਨਾਨਕ ਜੀ ਦਾ ਅੰਮ੍ਰਿਤ ਛਕ ਲਿਆ ਹੈ, ਹੁਣ ਉਹ ਪਿਛਲੀ 'ਜਾਤ ਪਾਤ' ਤਿਆਗ ਆਇਆ ਹੈ"। ਹਰੇਕ ਸ਼ਬਦ ਦਾ ਗੁਰਮੁਖੀਕਰਨ/ ਗੁਰਬਾਣੀਕਰਨ ਹੋ ਗਿਆ ਹੈ। ਉਚਾਰਨ ਵਿਚ ਗੁਰਬਾਣੀਕਰਨ ਕੀਤੇ ਗਏ ਸ਼ਬਦਾਂ ਨੂੰ ਮੂਲ ਰੂਪ ਵਿਚ ਹੀ ਰਖਿਆ ਜਾਵੇਗਾ। ਗੁਰਬਾਣੀ ਦਾ ਠੀਕ ਉਚਾਰਨ ਗੁਰਬਾਣੀ ਦੇ ਗੁਰਮੁਖੀ ਵਿਚ ਲਿਖੇ ਹਰੇਕ ਚਿੰਨ੍ਹ ਨੂੰ ਉਸ ਦੀ ਲਿਖਤ ਰੂਪ ਧੁਨੀ ਵਿਚ ਉਚਾਰਨ ਕਰਨ ਨਾਲ ਸੰਭਵ ਹੈ। "ਬਾਣੀ ਵਿਚ ਪ੍ਰਾਪਤ ਧੁਨੀਆਂ ਅਨੁਸਾਰ ਉਚਾਰਨ ਕਰਨਾ, ਜਿਸ ਵਿਚ ਨਾ ਕੋਈ ਧੁਨੀ ਛਡੀ ਜਾਏ ਤੇ ਨਾ ਹੀ ਕੋਲੋਂ ਪਾਈ ਜਾਵੇ" ਗੁਰਬਾਣੀ ਉਚਾਰਨ ਦੀ ਠੀਕ ਪਰਿਭਾਸ਼ਾ ਹੈ। ਸਾਰੀ ਗੁਰਬਾਣੀ ਗੁਰਮੁਖੀ ਲਿਪੀ ਵਿਚ ਹੈ । ਇਸ ਦੀ ਸਾਰੀ ਵਿਚਾਰਧਾਰਾ ਵੀ ਇਕ ਹੈ; ਇਸੇ ਤਰ੍ਹਾਂ ਸੰਪਾਦਕੀ ਵਿਧਾਨ ਇਕ ਹੋਣ ਕਾਰਨ, ਭਾਸ਼ਾਈ ਵਿਭਿੰਨਤਾ ਦੇ ਵਿਲਖਣ ਨੇਮਾਂ ਸਮੇਤ, ਇਕੋ ਗੁਰਬਾਣੀ ਉਚਾਰਨ ਹੈ, ਜਿਸ ਤਰ੍ਹਾਂ

ਪਾਠ, ਲਿਖਤ ਵਿਚ ਪ੍ਰਾਪਤ ਹੈ। ਦੁਹਰਾਉਣਾ ਜਰੂਰੀ ਹੈ ਕਿ ਗੁਰਬਾਣੀ ਸੰਥਿਆ ਇਕ ਅਜਿਹਾ ਸੰਸਥਾਈ ਕਾਰਜ ਹੈ, ਜਿਸ ਰਾਹੀਂ ਉਚਾਰਨ ਨਾਲ ਜੁੜੇ ਹਰੇਕ ਸੰਭਵ ਅਤੇ ਵਿਹਾਰਕ ਮਸਲਿਆਂ ਦਾ ਹਲ ਲਭਿਆ ਜਾਂਦਾ ਹੈ। ਅੱਜ ਸਾਡੇ ਵਿਚ ਆ ਰਹੀਆਂ ਉਚਾਰਨ-ਵਿਕ੍ਰਿਤੀਆਂ ਨੂੰ ਰੋਕਿਆ ਜਾਣਾ ਜਰੂਰੀ ਹੈ। ਬੁਨਿਆਦੀ ਸ਼ਰਤ ਗੁਰਬਾਣੀ ਪਾਠ (text) ਦੇ ਲਿਖਤੀ ਅਤੇ ਧਾਰਮਿਕ/ਪਵਿਤਰ ਸਰੂਪ ਦੀ ਸੁਰਖਿਆ ਹੈ, ਜਿਹੜਾ ਹਰੇਕ ਪਧਰ ਸਮੇਤ, ਉਚਾਰਨ ਵਿਚ ਵੀ ਕਾਇਮ ਰਹਿਣਾ ਜਰੂਰੀ ਹੈ; ਅਜਿਹਾ ਤਾਂ ਸੰਭਵ ਹੈ, ਜੇ ਪਾਠ (reading/ to read), ਬਾਣੀ ਜਿਵੇਂ ਲਿਖੀ ਹੈ ਤਿਵੇਂ, ਭਾਵ ਗੁਰਬਾਣੀ ਦੇ ਲਿਖਤੀ ਸਰੂਪ ਅਨੁਸਾਰ ਕੀਤਾ ਜਾਵੇ। ਇਸ ਪੁਸਤਕਾ ਵਿਚ ਵਿਚਾਰੀਆਂ ਗਈਆਂ ਉਕਤ ਵਿਧੀਆਂ ਇਸ ਸੰਬੰਧੀ ਸਾਡੀ ਸਮਝ ਵਿਚ ਲੋੜੀਂਦੀ ਸਹਾਇਤਾ ਕਰਦੀਆਂ ਹਨ।